ਫਿਲਮ ਕਲਾਕਾਰਾਂ ਵਲ ਕਰਾਂ ਦੇ ਬਕਾਏ

ਨਵੀਂ ਦਿੱਲੀ, 2 ਦਸੰਬਰ (ਪੀ. ਟੀ. ਆਈ.) - ਐਨ. ਟੀ. ਰਾਮਾਰਾਓ, ਸ਼ਿਵਾ ਜੀ ਗਣੇਸ਼ਨ, ਦੇਵ ਆਨੰਦ, ਰਾਜ ਕਪੂਰ, ਹੇਮਾ ਮਾਲਿਨੀ, ਜਯ ਲਲਿਤਾ ਤੇ ਰਜਨੀਕਾਂਤ ਸਮੇਤ 85 ਫਿਲਮ ਕਲਾਕਾਰਾਂ ਵਲ ਇਸ ਸਾਲ ਜੂਨ ਤਕ ਇਕ ਇਕ ਲੱਖ ਤੋਂ ਵੱਧ ਦੇ ਆਮਦਨ ਕਰ ਜਾਂ ਜਾਇਦਾਦ ਕਰ ਦੇ ਬਕਾਏ ਸਨ।

ਵਿਤ ਬਾਰੇ ਰਾਜ ਮੰਤਰੀ ਜਨਾਰਧਨ ਪੁਜਾਰੀ ਨੇ ਅੱਜ ਰਾਜ ਸਭਾ ਵਿਚ ਦੱਸਿਆ ਕਿ ਰਾਮਾਰਾਓ, ਰਾਜ ਕਪੂਰ, ਹੇਮਾ ਮਾਲਿਨੀ, ਦੇਵ ਆਨੰਦ ਅਤੇ ਰਾਜੇਸ਼ ਖੰਨਾ ਸਮੇਤ 19 ਫਿਲਮੀ ਹਸਤੀਆਂ ਵਲ ਆਮਦਨ ਕਰ ਤੇ ਜਾਇਦਾਦ ਕਰ ਦੋਵੇਂ ਬਕਾਏ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਕਾਨੂੰਨ ਅਨੁਸਾਰ ਬਕਾਏ ਉਗਰਾਹੁਣ ਲਈ ਉਚਿਤ ਕਦਮ ਉਠਾਏ ਗਏ ਹਨ।

ਪੁਲੀਸ 6 ਘੰਟੇ ਲਈ ਟੌਹੜਾ ਦੀ ਮਹਿਮਾਨ ਰਹੀ

(ਸਫਾ 1 ਕਾਲਮ 6 ਦੀ ਬਾਕੀ)

ਸ. ਬਸੰਤ ਸਿੰਘ ਖਾਲਸਾ ਤੇ ਸ. ਨਿਰਮਲ ਸਿੰਘ ਕਾਹਲੋਂ ਨੂੰ ਮੰਤਰੀ ਮੰਡਲ ਵਿਚੋਂ ਕੱਢੇ ਜਾਣ ਉਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦੀ ਕਾਰਵਾਈ ਗੈਰ-ਜਮਹੂਰੀ ਹੈ ਕਿਉਂ ਕਿ ਸ. ਖਾਲਸਾ ਨੇ ਤਾਂ ਜ਼ਮੀਰ ਦੀ ਆਵਾਜ਼ ਨਾਲ ਵੋਟ ਪਾਉਣ ਦੀ ਅਪੀਲ ਦੋਵਾਂ ਅਕਾਲੀ ਦਲਾਂ ਨੂੰ ਕੀਤੀ ਸੀ। ਉਨ੍ਹਾਂ ਕਿਹਾ ਕਿ ਨਿਰਮਲ ਸਿੰਘ ਕਾਹਲੋਂ ਤਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹੀ ਨਹੀਂ ਹਨ।

ਇਹ ਪੁੱਛੇ ਜਾਣ ਉਤੇ ਕਿ ਹੁਕਮਰਾਨ ਪਾਰਟੀ ਵਿਚ ਕਿਨ੍ਹਾਂ ਲੋਕਾਂ ਨੇ ਤੁਹਾਨੂੰ ਵੋਟ ਪਾਈ, ਸ. ਟੌਹੜਾ ਨੇ ਕਿਹਾ ਕਿ ਮੇਜਰ ਸਿੰਘ ਉਬੋਕੇ, ਹਰਦੀਪਇੰਦਰ ਸਿੰਘ, ਦਰਸ਼ਨ ਸਿੰਘ ਈਸਾਪੁਰ ਤੇ ਸ. ਮੱਤੇਨੰਗਲ ਵਰਗੇ ਦੋਸਤਾਂ ਨੇ ਉਨ੍ਹਾਂ ਦਾ ਸਾਥ ਦਿੱਤਾ।

ਜਦੋਂ ਇਹ ਪੱਤਰਕਾਰ ਸ. ਟੌਹੜਾ ਨਾਲ ਇੰਟਰਵਿਊ ਕਰ ਕੇ ਕੈਨਾਲ ਰੈਸਟ ਹਾਊਸ ਪਟਿਆਲਾ ਵਿਚੋਂ ਬਾਹਰ ਨਿਕਲਿਆ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸੈਂਟਰਲ ਜੇਲ੍ਹ ਵਲ ਕਾਰ ਰਾਹੀਂ ਲਿਜਾਇਆ ਜਾ ਰਿਹਾ ਸੀ। ਉਨ੍ਹਾਂ ਦੀ ਕਾਰ ਹੱਥ ਦੇ ਕੇ ਰੋਕੀ ਗਈ ਅਤੇ ਸ. ਟੌਹੜਾ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਦਿੱਤੀ ਗਈ।

ਇਹ ਪੁੱਛੇ ਜਾਣ ਉਤੇ ਕਿ ਤੁਹਾਨੂੰ ਕਦੋਂ ਤੇ ਕਿਹੜੀ ਥਾਂ ਗ੍ਰਿਫਤਾਰ ਕੀਤਾ ਗਿਆ, ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਤ ਸਵਾ 2 ਵਜੇ ਮੋਹਾਲੀ ਪੁਲੀਸ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਕੋਠੀ ਆਈ ਤੇ ਗ੍ਰਿਫਤਾਰ ਕੀਤਾ।

ਉਚ ਅਧਿਕਾਰੀਆਂ ਤੋਂ ਇਹ ਸੰਕੇਤ ਮਿਲੇ ਹਨ ਕਿ ਦੋਵਾਂ ਨੇਤਾਵਾਂ ਨੂੰ ਅੱਜ ਰਾਤ ਦਿੱਲੀ ਲਿਜਾਇਆ ਜਾਏਗਾ ਜਦ ਕਿ ਪੁਲੀਸ ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿੱਤੀ। ਪਟਿਆਲਾ ਪੁਲੀਸ ਨੇ ਸ. ਟੌਹੜਾ ਦੀ ਗ੍ਰਿਫਤਾਰੀ ਕਾਗਜ਼ਾਂ ਵਿਚ ਪਟਿਆਲਾ ਤੋਂ ਪਾਈ ਹੈ।

ਬਾਅਦ ਵਿਚ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਦਿਆਲ ਸਿੰਘ ਬਰਾੜ ਡਬਵਾਲੀ, ਅਨੂਪ ਸਿੰਘ ਬੱਲ ਕਰਨਾਲ ਤੇ ਸੁੰਦਰ ਸਿੰਘ ਨਾਗਲ ਅਤੇ ਪੰਜਾਬ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਰਤਨ ਸਿੰਘ ਲਾਹੌਰਾ ਤੇ ਸੰਤ ਸਾਵਨ ਸਿੰਘ ਨੇ ਸ. ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਦੀ ਗ੍ਰਿਫਤਾਰੀ ਦੀ ਸਖਤ ਨਿੰਦਾ ਕੀਤੀ।

ਸਤਵੰਤ ਸਿੰਘ ਮੋਹੀ ਤੇ ਕਿਰਪਾਲ ਸਿੰਘ ਲਿਬੜਾ (ਦੋਵੇਂ ਵਿਧਾਇਕ) ਨੇ ਅਤੇ ਸਥਾਨਕ ਅਕਾਲੀ ਨੇਤਾਵਾਂ ਭੁਪਿੰਦਰ ਸਿੰਘ ਚੀਮਾ ਤੇ ਹਰਬੰਸ ਸਿੰਘ ਨੇ ਵੀ ਦੋਵਾਂ ਨੇਤਾਵਾਂ ਨੂੰ ਗ੍ਰਿਫਤਾਰ ਕਰਨ ਦੀ ਸਖਤ ਆਲੋਚਨਾ ਕੀਤੀ ਤੇ ਕਿਹਾ ਕਿ ਇਸ ਨਾਲ ਹਾਲਤ ਹੋਰ ਵਿਗੜਨਗੇ।

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਸੈਕਟਰ 15-ਸੀ, (ਕੇਲੜ) ਚੰਡੀਗੜ੍ਹ ਲਈ ਨਿਮਨਲਿਖਤ ਸਟਾਫ ਦੀ ਲੋੜ ਹੈ।

1. ਹੈਡ ਗ੍ਰੰਥੀ, ਮੀਤ ਗ੍ਰੰਥੀ ਦੀ

ਕਿਸੇ ਮਾਨਤਾ ਪ੍ਰਾਪਤ ਅਦਾਰੇ ਜਾਂ ਟਕਸਾਲ ਤੋਂ ਵਿੱਦਿਆ ਪ੍ਰਾਪਤ ਕੀਤੀ ਹੋਵੇ। ਘੱਟੋ ਘੱਟ ਤਜਰਬਾ 8 ਸਾਲ, ਕੀਰਤਨੀਏ ਨੂੰ ਤਰਜੀਹ।

2. ਸੇਵਾਦਾਰ ਤਿੰਨ, ਸਾਬਕਾ ਫੌਜੀਆਂ ਨੂੰ ਤਰਜੀਹ

ਤਨਖਾਹ ਯੋਗਤਾ ਤੇ ਤਜਰਬੇ ਮੁਤਾਬਕ। ਰਿਹਾਇਸ਼ ਮੁਫਤ।

ਅਰਜ਼ੀਆਂ 10.12.86 ਤੋਂ ਪਹਿਲਾਂ

ਰਣਜੀਤ ਸਿੰਘ ਰਿਆੜ
ਆਨਰੇਰੀ ਜਨਰਲ ਸਕੱਤਰ

7764

TREAT & EAT
Saibon
MEAT PRODUCTS
Hygienically Prepared
• SALAMI
• SAUSAGES
• KABABS
• KEEMA
• BONNELESS
Manufactured by
INSTANT FOOD PRODUCTS
291, INDUSTRIAL AREA - I,
CHANDIGARH - 160 002
WANTED DEALERS

ਭੋਗ ਅਤੇ ਅੰਤਮ ਅਰਦਾਸ



ਬੜੇ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਸ. ਪ੍ਰੇਮ ਸਿੰਘ, ਸਾਬਕਾ ਪ੍ਰਧਾਨ, ਮਾਰਕੀਟ ਕਮੇਟੀ, ਖੰਨਾ ਅਤੇ ਮਾਲਕ: ਗੋਪਾਲ ਮਿਲਜ਼, ਮੰਡੀ ਗੋਬਿੰਦਗੜ੍ਹ, ਮਿਤੀ 25.11.1986 ਨੂੰ ਗੁਰਪੁਰੀ ਸਿਧਾਰ ਗਏ ਹਨ। ਭੋਗ ਅਤੇ ਅੰਤਮ ਅਰਦਾਸ ਦੀ ਰਸਮ ਮਿਤੀ 4.12.1986 ਨੂੰ ਬਾਅਦ ਦੁਪਹਿਰ 1.00 ਵਜੇ ਸਾਡੇ ਪਿੰਡ ਮੋਹਣਪੁਰ, ਤਹਿਸੀਲ ਖੰਨਾ, ਜ਼ਿਲਾ ਲੁਧਿਆਣਾ ਵਿਖੇ ਅਦਾ ਹੋਵੇਗੀ।

ਦੁਖੀ ਹਿਰਦੇ ਨਾਲ
ਗੋਪਾਲ ਸਿੰਘ (ਪੁੱਤਰ) ਦਿਆਲ ਸਿੰਘ (ਪੁੱਤਰ)

ਅਲੱਗ ਕਾਰਡ ਨਹੀਂ ਭੇਜੇ ਜਾਣਗੇ

ੴ

ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ਼ ਪਏ।

ਭੋਗ ਅਤੇ ਅੰਤਮ ਅਰਦਾਸ

ਬੜੇ ਹੀ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪਿਆਰੇ ਸ. ਕੁਲਦੀਪ ਸਿੰਘ ਪਟਵਾਰੀ ਮਿਤੀ 25.11.86 ਨੂੰ ਭਰ ਜੁਆਨੀ ਦੀ ਅਵਸਥਾ ਵਿਚ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਵਿਛੜੀ ਰੂਹ ਦੀ ਯਾਦ ਵਿਚ ਰੱਖੇ ਗਏ ਪਾਠ ਦਾ ਭੋਗ ਮਿਤੀ 5.12.86 ਸ਼ੁਕਰਵਾਰ ਨੂੰ ਇਕ ਵਜੇ ਸਾਡੇ ਗ੍ਰਹਿ ਪਿੰਡ ਧਨੌਲਾ (ਸੰਗਰੂਰ) ਵਿਖੇ ਪਵੇਗਾ। ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ।

ਦੁਖੀ ਹਿਰਦੇ

ਜੋਗਾ ਸਿੰਘ ਚਹਿਲ ਸਾਬਕਾ ਪ੍ਰਧਾਨ M.C.	(ਪਿਤਾ)	ਸੁਰਜੀਤ ਕੌਰ	(ਮਾਤਾ)
ਦਸੌਧਾ ਸਿੰਘ ਸਾਬਕਾ ਪਟਵਾਰੀ	(ਤਾਇਆ)	ਪਰਮਜੀਤ ਕੌਰ	(ਪਤਨੀ)
ਸੁਰਜੀਤ ਸਿੰਘ ਚਹਿਲ	(ਚਾਚਾ)	ਰਾਣੋ	(ਪੁੱਤਰੀ)
ਗੁਰਚਰਨ ਸਿੰਘ ਚਹਿਲ	(ਚਾਚਾ)	ਕਾਲਾ	(ਪੁੱਤਰ)
ਸੁਰਿੰਦਰ ਸਿੰਘ ਵਾਲੀਆ	(ਸਾਢੂ)	(ਵੱਖਰੇ ਕਾਰਡ ਨਹੀਂ ਭੇਜੇ ਜਾਣਗੇ)	

2094ਬਪ

ੴ ਸਤਿਗੁਰ ਪ੍ਰਸਾਦਿ

ਗੁਰਮੁਖ ਜਨਮਿ ਸਵਾਰਿ ਦਰਗਹਿ ਚਲਿਆ।
ਸਚੀ ਦਰਗਹਿ ਜਾਇ ਸਚਾ ਪਿੜ ਮਲਿਆ।।

ਆਪ ਜੀ ਨੂੰ ਅਤੀ ਦੁਖਿਤ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮੇਰੀ ਸੁਪਤਨੀ ਸਰਦਾਰਨੀ ਰਾਮ ਕੌਰ ਧਰਮਪਤਨੀ ਸ. ਸੁੰਦਰ ਸਿੰਘ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 26.11.86 ਦਿਨ ਬੁੱਧਵਾਰ ਨੂੰ ਗੁਰਪੁਰੀ ਸਿਧਾਰ ਗਏ ਹਨ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਹਿਤ ਰੱਖੇ ਗਏ ਅਖੰਡ ਪਾਠ ਸਾਹਿਬ ਦਾ ਭੋਗ ਅਸਾਡੇ ਗ੍ਰਹਿ ਵਿਖੇ ਮਿਤੀ 4.12.86 ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਪਵੇਗਾ। ਉਪਰੰਤ ਅੰਤਮ ਅਰਦਾਸ ਉਸੇ ਦਿਨ ਬਾਦ ਦੁਪਹਿਰ 12 ਤੋਂ 2 ਵਜੇ ਤਕ ਗੁ. ਭਾਈ ਰਾਮ ਕਿਸ਼ਨ ਟੀ. ਬੀ. ਹਸਪਤਾਲ ਰੋਡ ਪਟਿਆਲਾ ਵਿਖੇ ਹੋਵੇਗੀ।

ਵਿਸ਼ੰਬਰ ਸਿੰਘ (ਪੁੱਤਰ)
ਫੋਟੋ ਕਰਾਫਟਸ ਪਟਿਆਲਾ (ਫੋਨ 73661)
ਮਨਮੋਹਨ ਸਿੰਘ ਮਾਕਨ (ਪੁੱਤਰ)
ਮਹਾਰਾਨੀ ਟਰੈਵਲਜ਼ ਪਟਿਆਲਾ
(ਫੋਨ: 75353, 77373, ਘਰ: 76363
ਮਹਿੰਦਰ ਪਾਲ ਸਿੰਘ (ਪੁੱਤਰ)
ਅਰਜਨ ਸਿੰਘ ਅਨੰਦ (ਦਾਮਾਦ)
ਸੈਂਟਰਲ ਐਕਸਾਈਜ਼ ਐਂਡ ਕਸਟਮਜ਼
ਇੰਦਰਜੀਤ ਸਿੰਘ ਵਿਗ (ਦਾਮਾਦ)

ਦਾਸ:
ਸੁੰਦਰ ਸਿੰਘ (ਪਤੀ)
20/3 ਮੁਹੱਲਾ ਗੋਬਿੰਦ ਨਗਰ,
ਨਜ਼ਦੀਕ ਸ਼ੇਰਾਂ ਵਾਲਾ ਗੇਟ,
ਪਟਿਆਲਾ-147001

ੴ

ਘਲੇ ਆਵੇ ਨਾਨਕਾ ਸੱਦੇ ਉਠ ਜਾਇ



ਡੂੰਘੇ ਦੁੱਖ ਨਾਲ ਸੂਚਨਾ ਦਿੱਤੀ ਜਾਂਦੀ ਹੈ ਕਿ ਸਾਡੇ ਪਿਆਰੇ ਸ. ਜਸਬੀਰ ਸਿੰਘ ਗਰੇਵਾਲ ਪੁੱਤਰ ਸਵਰਗਵਾਸੀ ਸ. ਭਗਵਾਨ ਸਿੰਘ 25 ਨਵੰਬਰ 1986 ਨੂੰ ਸਵਰਗ ਸਿਧਾਰ ਗਏ ਹਨ। ਪਾਠ ਦਾ ਭੋਗ ਸ਼ਨਿਚਰਵਾਰ 6 ਦਸੰਬਰ 1986 ਨੂੰ ਸਵੇਰੇ 10.30 ਵਜੇ ਕੋਠੀ ਨੰ. 1071 ਸੈਕਟਰ 27-ਬੀ ਵਿਖੇ ਅਤੇ ਕੀਰਤਨ ਅਤੇ ਅੰਤਮ ਅਰਦਾਸ ਗਰਦੁਆਰਾ ਸਾਹਿਬ ਸੈਕਟਰ 8 ਚੰਡੀਗੜ੍ਹ ਵਿਖੇ ਬਾਅਦ ਦੁਪਹਿਰ 1 ਵਜੇ ਤੋਂ ਬਾਅਦ ਦੁਪਹਿਰ 2.30 ਵਜੇ ਤੀਕ ਸੰਪੰਨ ਹੋਵੇਗੀ।

ਦੁਖੀ ਹਿਰਦੇ ਨਾਲ

ਸ. ਰਣਬੀਰ ਸਿੰਘ ਢਿੱਲੋਂ
ਸ. ਮਨਜੀਤ ਸਿੰਘ ਖੈਰਾ ਸੀਨੀਅਰ ਐਡਵੋਕੇਟ ਅਤੇ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ
ਬੀਬੀ ਹਰਜਿੰਦਰ ਕੌਰ
ਸ. ਜੀਵਾ ਸਿੰਘ

ਸਰਦਾਰਨੀ ਜਗਦੀਪ ਕੌਰ (ਪਤਨੀ)
ਲੈਫ. ਕਰਨਲ ਪੀ. ਐਸ. ਗਰੇਵਾਲ ਡੀ. ਆਈ. ਜੀ. (ਰਿਟਾ.) ਆਈ. ਟੀ. ਬੀ. ਪੁਲੀਸ
ਸ. ਬ੍ਰਿਜਮੋਹਣ ਸਿੰਘ ਗਰੇਵਾਲ ਡੀ. ਐਸ. ਪੀ. ਰਿਟਾਇਰਡ
ਬੀਬੀ ਜਸਬੀਰ ਕੌਰ (ਭੈਣ)
ਬੀਬੀ ਦੇਵਿੰਦਰ ਕੌਰ (ਭੈਣ)
ਬੀਬੀ ਸੁਕਿੰਦਰ ਕੌਰ (ਸਿਸਟਰ ਇਨ ਲਾਅ)

2093 ਬਪ

ਅਤਿਵਾਦੀ ਹਲਾਕ

(ਸਫਾ 1 ਕਾਲਮ 7 ਦੀ ਬਾਕੀ)

ਨਰਿੰਦਰ ਸਿੰਘ ਦੱਸਿਆ ਜਾਂਦਾ ਹੈ।

ਸ੍ਰੀ ਅਰੋੜਾ ਨੇ ਇਹ ਵੀ ਦੱਸਿਆ ਕਿ ਇਕ ਹੋਰ ਘਟਨਾ 'ਚ ਤਿੰਨ ਅਣਪਛਾਤੇ ਵਿਅਕਤੀ, ਜੋ ਪਿਸਤੌਲਾਂ ਨਾਲ ਲੈਸ ਸਨ, ਬੀਤੀ ਰਾਤ ਹਰੀਕੇ ਥਾਣੇ ਦੇ ਨੱਥੂਪੁਰ ਪਿੰਡ ਦੇ ਇਕ ਵਸਨੀਕ ਦੇਵ ਰਾਜ ਦੇ ਘਰ ਦਾਖਲ ਹੋਏ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਪਤਨੀ ਸ੍ਰੀਮਤੀ ਕਾਂਤਾ ਦੇਵੀ (35 ਸਾਲ) ਗੋਲੀਆਂ ਲੱਗਣ ਨਾਲ ਥਾਏਂ ਮਾਰੀ ਗਈ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਦਾ ਏ. ਐਸ. ਆਈ. ਜੋਗਿੰਦਰ ਸਿੰਘ ਜਿਹੜਾ ਕੱਲ੍ਹ ਨਵਾਂ ਪਿੰਡ ਵਿਚ ਗੋਲੀ ਚਲਣ ਦੀ ਘਟਨਾ 'ਚ ਜ਼ਖਮੀ ਹੋਇਆ ਸੀ, ਅੱਜ ਇਥੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ 'ਚ ਦਮ ਤੋੜ ਗਿਆ।

ਪੀ. ਟੀ. ਆਈ. ਅਨੁਸਾਰ ਭੱਠਾ ਸਹਿਜਾ ਸਿੰਘ ਨੇੜੇ ਹੋਏ ਮੁਕਾਬਲੇ ਵਿਚ ਦੋਵਾਂ ਧਿਰਾਂ ਵਿਚਾਲੇ ਲਗਭਗ ਇਕ ਘੰਟਾ ਗੋਲੀ ਚਲਦੀ ਰਹੀ।

ਇਕ ਹੋਰ ਰਿਪੋਰਟ ਅਨੁਸਾਰ ਬੀਤੀ ਰਾਤ ਇਥੋਂ ਨੇੜਲੇ ਕੋਟਲਾ ਪਿੰਡ ਵਿਚ ਅਤਿਵਾਦੀਆਂ ਵਲੋਂ ਇਕ ਪਰਿਵਾਰ ਉਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਦੀ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਚਾਰ ਹੋ ਗਈ।

ਬਾਘਾ ਪੁਰਾਣਾ, (ਪੱਤਰ ਪ੍ਰੇਰਕ) - ਬੀਤੀ ਰਾਤ ਇਥੇ 9 ਵਜੇ ਦੇ ਕਰੀਬ ਕਾਫੀ ਭਗਦੜ ਮੱਚ ਗਈ ਜਦੋਂ ਸਥਾਨਕ ਬਾਂਸਲ ਸਿਨਮੇ ਨੇੜੇ ਬੰਬ ਵਰਗਾ ਧਮਾਕਾ ਹੋਇਆ। ਉਸ ਵੇਲੇ ਦਰਸ਼ਕ ਸਿਨਮੇ ਵਿਚੋਂ ਬਾਹਰ ਆ ਰਹੇ ਸਨ। ਸੁਰੱਖਿਆ ਦਲਾਂ ਦੇ ਜਵਾਨਾਂ ਨੇ ਘਟਨਾ ਵਾਲੀ ਥਾਂ ਉਤੇ ਪੁੱਜ ਕੇ ਧਮਾਕੇ ਵਾਲੀ ਵਸਤੂ ਦੇ ਟੁਕੜੇ ਕਬਜ਼ੇ ਵਿਚ ਕੀਤੇ। ਪੁਲੀਸ ਦਾ ਕਹਿਣਾ ਹੈ ਕਿ ਇਹ ਬੰਬ ਨਹੀਂ ਸਗੋਂ ਪਟਾਕਾ ਸੀ। ਜਾਂਚ ਜਾਰੀ ਹੈ।

ਬਸੀ ਪਠਾਣਾ, (ਪੱਤਰ ਪ੍ਰੇਰਕ) - ਕੱਲ੍ਹ ਸ਼ਾਮੀਂ ਸਰਹਿੰਦ ਮੰਡੀ ਵਿਖੇ ਅਣਪਛਾਤੇ ਮੋਟਰ ਸਾਈਕਲ ਸਵਾਰ ਪਿੰਡ ਜਲਬੇੜਾ ਦੀ ਸਹਿਕਾਰੀ ਸੁਸਾਇਟੀ ਦੇ ਦੋ ਮੁਲਾਜ਼ਮਾਂ ਪਾਸੋਂ ਇਕ ਬੈਗ ਵਿਚ ਪਏ 5500 ਰੁਪਏ ਖੋਹ ਕੇ ਫਰਾਰ ਹੋ ਗਏ।

ਪੰਜਾਬ, ਹਰਿਆਣਾ, ਚੰਡੀਗੜ੍ਹ 'ਚ ਮੁਕੰਮਲ ਬੰਦ

(ਸਫਾ 1 ਕਾਲਮ 2 ਦੀ ਬਾਕੀ)

ਨੇ ਵੀ ਆਪਣਾ ਕੰਮ ਰੋਸ ਵਜੋਂ ਬੰਦ ਰੱਖਿਆ।

ਜ਼ਿਲਾ ਬਾਰ ਐਸੋਸੀਏਸ਼ਨ ਨੇ ਵੀ ਇਕ ਮਤਾ ਪਾਸ ਕਰ ਕੇ ਅਦਾਲਤਾਂ 'ਚ ਕੰਮ ਬੰਦ ਰੱਖਿਆ। ਸਰਕਾਰੀ ਦਫਤਰਾਂ ਵਿਚ ਕੰਮਕਾਜ ਚਲਦਾ ਰਿਹਾ।

ਸੰਗਰੂਰ, (ਪੱਤਰ ਪ੍ਰੇਰਕ): ਇਥੇ ਦੁਕਾਨਦਾਰਾਂ ਨੇ ਮੁਕੰਮਲ ਤੌਰ 'ਤੇ ਹੜਤਾਲ ਕੀਤੀ ਤੇ ਲੋਕਾਂ ਨੇ ਬਜ਼ਾਰਾਂ ਦੇ ਵਿਚੋਂ ਦੀ ਜਲੂਸ ਕੱਢਿਆ। ਵਕੀਲਾਂ ਨੇ ਵੀ ਹੜਤਾਲ ਕੀਤੀ। ਬਰਨਾਲਾ ਤੇ ਮਲੇਰਕੋਟਲਾ ਤੋਂ ਵੀ ਮੁਕੰਮਲ ਬੰਦ ਰੱਖੇ ਜਾਣ ਦੀਆਂ ਖਬਰਾਂ ਮਿਲੀਆਂ ਹਨ। ਅਮਨ ਕਾਨੂੰਨ ਬਣਾਈ ਰੱਖਣ ਲਈ ਮੁਕੰਮਲ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਫਗਵਾੜਾ, (ਪੱਤਰ ਪ੍ਰੇਰਕ): ਵਪਾਰੀਆਂ ਤੇ ਦੁਕਾਨਦਾਰਾਂ ਵਲੋਂ ਅੱਜ ਲਗਪਗ 90 ਪ੍ਰਤੀਸ਼ਤ ਬੰਦ ਰੱਖਿਆ ਗਿਆ। ਪੁਲੀਸ ਵਲੋਂ ਸ਼ਹਿਰ ਦੇ ਨਾਜ਼ਕ ਇਲਾਕਿਆਂ ਵਿਚ ਬਕਾਇਦਾ ਗਸ਼ਤ ਜਾਰੀ ਰੱਖੀ ਗਈ।

ਬਲਾਚੌਰ, (ਪੱਤਰ ਪ੍ਰੇਰਕ): ਅੱਜ ਇੱਥੇ ਮੁਕੰਮਲ ਬੰਦ ਰੱਖਿਆ ਗਿਆ। ਕੈਮਿਸਟਾਂ, ਹਲਵਾਈਆਂ ਸਬਜ਼ੀਆਂ ਤੇ ਫਲਾਂ ਵਾਲਿਆਂ ਨੇ ਵੀ ਆਪਣਾ ਕਾਰੋਬਾਰ ਬੰਦ ਰੱਖਿਆ। ਨੇੜਲੇ ਇਲਾਕਿਆਂ ਕਾਠਗੜ੍ਹ, ਰੱਤੇਵਾਲ ਤੇ ਜਾਡਲਾ ਵਿਚ ਵੀ ਮੁਕੰਮਲ ਬੰਦ ਕੀਤਾ ਗਿਆ।

ਪਟਿਆਲਾ, (ਵਿਸ਼ੇਸ਼ ਪ੍ਰਤੀਨਿਧ): ਪਟਿਆਲਾ ਤੇ ਨਾਭਾ ਵਿਚ ਅੱਜ ਲਗਾਤਾਰ ਦੂਜੇ ਦਿਨ ਵੀ ਬੰਦ ਰਿਹਾ। ਇਸੇ ਤਰ੍ਹਾਂ ਰਾਜਪੁਰਾ, ਸਰਹੰਦ, ਮੰਡੀ ਗੋਬਿੰਦਗੜ੍ਹ ਤੇ ਸਮਾਣਾ ਵਿਚ ਵੀ ਮੁਕੰਮਲ ਬੰਦ ਰਿਹਾ।

ਨਾਭਾ ਵਿਚ ਇਕ ਘੰਟੇ ਲਈ ਜਲੂਸ ਕੱਢਿਆ ਗਿਆ ਜਿਸ ਦੌਰਾਨ ਰਾਜ ਤੇ ਕੇਂਦਰ ਸਰਕਾਰਾਂ ਦੇ ਵਿਰੁਧ ਨਾਅਰੇ ਲਾਏ ਗਏ।

ਲੁਧਿਆਣਾ, (ਵਿਸ਼ੇਸ਼ ਪ੍ਰਤੀਨਿਧ): ਇਥੇ ਅੱਜ ਬੰਦ ਦੌਰਾਨ ਚੌਕ ਘੰਟਾਘਰ ਵਿਚ ਭਾਜਪਾ ਵਰਕਰਾਂ ਨੇ ਹਤਿਆਵਾਂ ਵਿਰੁਧ ਪਥਰਾਓ ਕੀਤਾ ਪਰ ਡਿਪਟੀ ਕਮਿਸ਼ਨਰ ਕੇ. ਆਰ. ਲਖਨਪਾਲ ਨੇ ਵੇਲੇ ਸਿਰ ਦਖਲ ਦੇ ਕੇ ਮੌਕਾ ਸੰਭਾਲ ਲਿਆ।

ਉਂਜ ਸ਼ਹਿਰ ਵਿਚ ਮੁਕੰਮਲ ਹੜਤਾਲ ਰਹੀ। ਕੁਝ ਇੱਕਾ ਦੁੱਕਾ ਘਟਨਾਵਾਂ ਦੇ ਬਾਵਜੂਦ ਬੰਦ ਸ਼ਾਂਤਮਈ ਸੀ ਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਸੀ।

ਕੋਈ 50 ਭਾਜਪਾ ਵਰਕਰਾਂ ਨੇ ਚੌੜਾ ਬਾਜ਼ਾਰ ਵਿਚ ਜਲੂਸ ਕੱਢਿਆ ਤੇ ਦੁਕਾਨਾਂ ਬੰਦ ਕਰਵਾ ਦਿੱਤੀਆਂ ਪਰ ਚੌਕ ਘੰਟਾਘਰ ਕੋਲ ਪਹੁੰਚਦਿਆਂ ਹੀ ਉਨ੍ਹਾਂ ਨੇ ਇਕ ਟੈਂਪੂ, ਮਿਊਂਸਪਲ ਕਾਰਪੋਰੇਸ਼ਨ ਤੇ ਪ੍ਰਾਈਵੇਟ ਕੰਪਨੀ ਦੀ ਬੱਸ ਉਤੇ ਪਥਰਾਓ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ 'ਰੇਹੜੇ ਤੇ ਸਬਜ਼ੀ ਲਿਜਾ ਰਹੇ ਇਕ ਹੋਰ ਵਿਅਕਤੀ ਦੀ ਵੀ ਮਾਰਕੁਟਾਈ ਕੀਤੀ। ਕੋਈ ਅੱਧੀ ਦਰਜਨ ਵਿਅਕਤੀਆਂ ਨੂੰ ਸੱਟਾਂ ਵੀ ਲੱਗੀਆਂ ਪਰ ਜ਼ਿਲਾ ਅਧਿਕਾਰੀਆਂ ਨੇ ਸਥਿਤੀ ਉਪਰ ਕਾਬੂ ਪਾ ਲਿਆ।

ਖੰਨਾ, ਜਗਰਾਉਂ, ਸਮਰਾਲਾ ਤੇ ਦੋਰਾਹਾ ਕਸਬਿਆਂ ਵਿਚ ਵੀ ਮੁਕੰਮਲ ਬੰਦ ਰੱਖਣ ਦੀਆਂ ਖਬਰਾਂ ਮਿਲੀਆਂ ਹਨ। ਵਕੀਲਾਂ ਨੇ ਅੱਜ ਦੂਸਰੇ ਦਿਨ ਵੀ ਹੜਤਾਲ ਕੀਤੀ।

ਹੁਸ਼ਿਆਰਪੁਰ, ਫਾਜ਼ਿਲਕਾ, ਫਿਰੋਜ਼ਪੁਰ ਤੇ ਮੋਗਾ ਤੋਂ ਆਈਆਂ ਖਬਰਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਥਾਵਾਂ 'ਤੇ ਮੁਕੰਮਲ ਬੰਦ ਰਿਹਾ।

ਬਸੀ ਪਠਾਣਾ, (ਪੱਤਰ ਪ੍ਰੇਰਕ): ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਸੱਦੇ ਉਤੇ ਅੱਜ ਬਸੀ ਪਠਾਣਾ ਅਤੇ ਸਰਹੰਦ ਵਿਖੇ ਦੂਜੇ ਦਿਨ ਵੀ ਹੜਤਾਲ ਰਹੀ ਅਤੇ ਸਕੂਲ, ਕਾਲਜ ਅਤੇ ਵਿਦਿਅਕ ਸੰਸਥਾਵਾਂ ਵੀ ਬੰਦ ਰਹੀਆਂ। ਸਥਾਨਕ ਅਕਾਲੀ ਨੇਤਾ ਭੁਪਿੰਦਰ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਇਕ ਸ਼ੋਕ ਮੀਟਿੰਗ ਹੋਈ ਜਿਸ ਵਿਚ ਪੰਜਾਬ ਅੰਦਰ ਹੋ ਰਹੀਆਂ ਹੱਤਿਆਵਾਂ ਦੀ ਨਿਖੇਧੀ ਕੀਤੀ ਗਈ ਅਤੇ ਬਰਨਾਲਾ ਤੋਂ ਅਸਤੀਫੇ ਦੀ ਮੰਗ ਕੀਤੀ ਗਈ।

ਸੰਗਰੂਰ ਤੋਂ ਸਾਡੇ ਨਿੱਜੀ ਪੱਤਰ ਪ੍ਰੇਰਕ ਅਨੁਸਾਰ ਸ਼ਹਿਰ ਵਿਚ ਬੱਸ ਹੱਤਿਆ ਕਾਂਡ ਵਿਰੁਧ ਮੁਕੰਮਲ ਹੜਤਾਲ ਰਹੀ ਪਰ ਸਰਕਾਰੀ ਦਫਤਰਾਂ ਵਿਚ ਕੰਮ ਕਾਜ ਆਮ ਵਾਂਗ ਚਲਦਾ ਰਿਹਾ।

ਸ਼ਹਿਰ ਵਿਚ 100 ਤੋਂ ਉਪਰ ਵਕੀਲਾਂ ਨੇ ਸ੍ਰੀ ਸਤੀਸ਼ ਬਾਂਸਲ ਦੀ ਅਗਵਾਈ ਵਿਚ ਬੱਸ ਹੱਤਿਆ ਕਾਂਡ ਵਿਰੁਧ ਰੋਸ ਜਲੂਸ ਕੱਢਿਆ ਜਦ ਕਿ ਕੁਝ ਸਿੱਖ ਵਕੀਲਾਂ ਨੇ ਇਕ ਵੱਖਰੀ ਮੀਟਿੰਗ ਕੀਤੀ ਜਿਸ ਵਿਚ ਪੁਲੀਸ ਵਲੋਂ ਸਿੱਖ ਯੁਵਕਾਂ ਉਤੇ ਕੀਤੇ ਜਾ ਰਹੇ "ਤਸ਼ੱਦਦ" ਦੀ ਪੁਰਜ਼ੋਰ ਨਿੰਦਾ ਕੀਤੀ ਗਈ।

ਅਕਾਲੀ ਦਲ (ਲੌਂਗੋਵਾਲ) ਦੀ ਇਕ ਮੀਟਿੰਗ ਵਿਚ ਵੀ ਬੱਸ ਹੱਤਿਆ ਕਾਂਡ ਦੀ ਨਿੰਦਾ ਕੀਤੀ ਗਈ।

ਹਰਿਆਣਾ ਵਿਚ ਬੰਦ ਮੁਕੰਮਲ ਰਿਹਾ। ਬੰਦ ਦਾ ਸੱਦਾ ਲੋਕ ਦਲ, ਭਾਜਪਾ, ਕਾਂਗਰਸ (ਐਸ) ਅਤੇ ਕੁਝ ਸਮਾਜਕ ਤੇ ਧਾਰਮਿਕ ਜਥੇਬੰਦੀਆਂ ਨੇ ਦਿੱਤਾ ਸੀ।

ਰਾਜ ਦੇ ਸਾਰੇ ਸ਼ਹਿਰਾਂ ਦੀਆਂ ਮਾਰਕੀਟਾਂ ਤੇ ਬਜ਼ਾਰ ਬੰਦ ਰਹੇ। ਹਰਿਆਣਾ ਸਰਕਾਰ ਨੇ ਬੰਦ ਦੇ ਸੱਦੇ ਨੂੰ ਮੁੱਖ ਰੱਖਦਿਆਂ ਰਾਜ ਵਿਚ ਬੱਸ ਸੇਵਾ ਪੂਰੀ ਤਰ੍ਹਾਂ ਮੁਅੱਤਲ ਕਰ ਦਿੱਤੀ ਸੀ।

"ਯੂ. ਐਨ. ਆਈ." ਦੀ ਇਕ ਰਿਪੋਰਟ ਅਨੁਸਾਰ ਅੰਬਾਲਾ ਤੋਂ ਦਿੱਲੀ ਦਰਮਿਆਨ ਜੀ. ਟੀ. ਰੋਡ 'ਤੇ ਇਕ ਵੀ ਵਾਹਨ ਨਹੀਂ ਵੇਖਿਆ ਗਿਆ।

ਮੁੱਖ ਮੰਤਰੀ ਬੰਸੀ ਲਾਲ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਪੂਰੇ ਰਾਜ ਵਿਚ ਬੰਦ ਦੌਰਾਨ ਸ਼ਾਂਤੀ ਰਹੀ। ਉਨ੍ਹਾਂ ਕਿਹਾ ਕਿ ਰਾਜ ਵਿਚ ਕਿਤੇ ਵੀ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਹਰਿਆਣੇ ਵਿਚੋਂ ਵੱਖ ਵੱਖ ਥਾਵਾਂ ਤੋਂ ਮਿਲੇ ਵੇਰਵੇ ਇਸ ਪ੍ਰਕਾਰ ਹਨ।

ਪਾਣਾਪਤ, (ਪੱਤਰ ਪ੍ਰੇਰਕ): ਪਾਣੀਪਤ, ਸਮਾਲਖਾ ਤੇ ਘਰੌਂਡਾ ਵਿਚ ਮੁਕੰਮਲ ਬੰਦ ਰਿਹਾ। ਸਾਰੇ ਸਿਨਮਾਘਰ ਵੀ ਬੰਦ ਰਹੇ।

ਰੋਹਤਕ, (ਪੱਤਰ ਪ੍ਰੇਰਕ): ਜ਼ਿਲਾ ਬਾਰ ਐਸੋਸੀਏਸ਼ਨ ਨੇ ਖੁੱਡਾ ਬੱਸ ਹੱਤਿਆ ਕਾਂਡ ਵਿਰੁਧ ਰੋਸ ਵਜੋਂ ਅੱਜ ਤੋਂ ਤਿੰਨ ਦਿਨਾਂ ਲਈ ਅਦਾਲਤਾਂ ਦਾ ਬਾਈਕਾਟ ਸ਼ੁਰੂ ਕਰ ਦਿੱਤਾ ਹੈ। ਜ਼ਿਲੇ ਦੇ ਸਾਰੇ ਕਸਬਿਆਂ ਤੇ ਸ਼ਹਿਰਾਂ ਵਿਚ ਬੰਦ ਰਿਹਾ।

ਕੈਥਲ, (ਪੱਤਰ ਪ੍ਰੇਰਕ): ਇਸ ਸ਼ਹਿਰ ਵਿਚ ਅੱਜ ਮੁਕੰਮਲ ਹੜਤਾਲ ਰਹੀ। ਵਕੀਲਾਂ ਨੇ ਲਗਾਤਾਰ ਦੂਜੇ ਦਿਨ ਵੀ ਅਦਾਲਤਾਂ ਦਾ ਬਾਈਕਾਟ ਕੀਤਾ।

ਅੰਬਾਲਾ, ਕਰਨਾਲ, ਕੁਰਕਸ਼ੇਤਰ, ਯਮਨਾ ਨਗਰ, ਜਗਾਧਰੀ, ਟੋਹਾਣਾ, ਹਿਸਾਰ, ਸਿਰਸਾ, ਡਬਵਾਲੀ, ਨਰਾਇਣਗੜ੍ਹ ਤੇ ਸੋਨੀਪਤ ਵਿਚ ਵੀ ਮੁਕੰਮਲ ਬੰਦ ਰਿਹਾ।

ਹਿਮਾਚਲ 'ਚ ਵੀ ਬੰਦ

ਸ਼ਿਮਲਾ, (ਪੀ. ਟੀ. ਆਈ.): ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੇ ਸੱਦੇ 'ਤੇ ਅੱਜ ਮੁਕੰਮਲ ਬੰਦ ਰਿਹਾ। ਸ਼ਿਮਲਾ, ਬਿਲਾਸਪੁਰ, ਮੰਡੀ, ਮਨਾਲੀ, ਸੁੰਦਰ ਨਗਰ, ਕੁੱਲੂ, ਜੋਗਿੰਦਰ ਨਗਰ ਆਦਿ ਸ਼ਹਿਰਾਂ ਵਿਚ ਦੁਕਾਨਾਂ, ਸਿਨਮਾਘਰ ਤੇ ਕਾਰੋਬਾਰੀ ਅਦਾਰੇ ਬੰਦ ਰਹੇ; ਪਰ ਸਰਕਾਰੀ ਦਫਤਰਾਂ, ਹਸਪਤਾਲਾਂ ਤੇ ਹੋਰ ਜ਼ਰੂਰੀ ਸੇਵਾਵਾਂ ਨੇ ਆਮ ਵਾਂਗ ਕੰਮ ਕੀਤਾ। ਰਾਜ ਭਰ ਵਿਚ ਬੱਸ ਸੇਵਾ ਵੀ ਨਿਰਵਿਘਨ ਜਾਰੀ ਰਹੀ।

ਸ਼ਿਮਲਾ ਵਿਚ ਕਾਲਜਾਂ ਦੇ ਵਿਦਿਆਰਥੀਆਂ ਤੇ ਸ਼ਿਵ ਸੈਨਾ ਵਰਕਰਾਂ ਨੇ ਦੋ ਵੱਖ ਵੱਖ ਜਲੂਸ ਕੱਢੇ। ਜਲੂਸ ਵਿਚ ਸ਼ਾਮਲ ਲੋਕ ਬਰਨਾਲਾ ਸਰਕਾਰ ਤੇ ਕੇਂਦਰ ਸਰਕਾਰ ਵਿਰੁਧ ਨਾਅਰੇਬਾਜ਼ੀ ਕਰ ਰਹੇ ਸਨ।

ਪੂਰੇ ਹਿਮਾਚਲ ਵਿਚ ਕਿਤੇ ਵੀ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ।

ਜੰਮੂ ਵਿਚ ਲਾਠੀਚਾਰਜ

ਜੰਮੂ, (ਪੀ. ਟੀ. ਆਈ.): ਪੁਲੀਸ ਨੇ ਇੱਥੇ ਸਿਟੀ ਚੌਂਕ ਖੇਤਰ ਵਿਚ ਪਥਰਾਓ ਕਰਨ ਵਾਲੇ ਸ਼ਰਾਰਤੀਆਂ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਛੱਡੀ।

ਸਰਕਾਰੀ ਸੂਤਰਾਂ ਅਨੁਸਾਰ ਕੁਝ ਸ਼ਰਾਰਤੀ ਅਮਨ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਪੁਲੀਸ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਪੁਲੀਸ ਉਤੇ ਪਥਰਾਓ ਸ਼ੁਰੂ ਕਰ ਦਿੱਤਾ। ਪੁਲੀਸ ਨੇ ਅੱਥਰੂ ਗੈਸ ਛੱਡਣ ਦਾ ਖੰਡਨ ਕੀਤਾ ਹੈ ਪਰ ਇਹ ਮੰਨਿਆ ਹੈ ਕਿ ਸ਼ਰਾਰਤੀਆਂ 'ਤੇ ਹਲਕਾ ਲਾਠੀਚਾਰਜ ਕੀਤਾ ਗਿਆ।

ਖ਼ਾਲਸਾ ਤੇ ਕਾਹਲੋਂ ਦਾ ਦੋਸ਼

(ਸਫਾ 1 ਕਾਲਮ 3 ਦੀ ਬਾਕੀ)

ਉਨ੍ਹਾਂ ਕਿਹਾ ਕਿ ਮੈਂ ਆਪਣੀਆਂ ਦੋ ਵੋਟਾਂ ਨਾਲ ਸ. ਬਰਨਾਲਾ ਨੂੰ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਬਣਾਇਆ। ਮੈਂ ਉਸ ਨੂੰ ਅਜੇ ਵੀ ਵਿਧਾਇਕ ਗਰੁੱਪ ਦਾ ਨੇਤਾ ਮੰਨਦਾ ਹਾਂ ਅਤੇ ਸਰਕਾਰ ਦੇ ਨਾਲ ਹਾਂ।

ਉਨ੍ਹਾਂ ਇਹ ਵੀ ਕਿਹਾ ਕਿ ਸ. ਬਾਦਲ ਅਤੇ ਸ. ਟੌਹੜਾ ਨੂੰ ਫੜ ਲੈਣ ਨਾਲ ਰਾਜ ਦੇ ਹਿਤ ਦੀ ਗੱਲ ਨਹੀਂ ਹੁੰਦੀ। ਏਨੀਆਂ ਕੁਰਬਾਨੀਆਂ ਵਾਲੇ ਆਗੂਆਂ ਨੂੰ ਗੱਲਬਾਤ ਕਰ ਕੇ ਨਾਲ ਲੈ ਕੇ ਚੱਲਣ ਦੀ ਲੋੜ ਹੈ। ਉਨ੍ਹਾਂ ਨੂੰ ਅਤਿਵਾਦੀਆਂ ਨਾਲ ਜੋੜਨਾ ਉਚਿਤ ਨਹੀਂ ਹੈ। ਇਹ ਗ੍ਰਿਫਤਾਰੀਆਂ ਦਿੱਲੀ ਦੇ ਹੁਕਮ ਉਤੇ ਹੀ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੈਂ ਕਿਸੇ ਹੋਰ ਮੰਤਰੀ ਨੂੰ ਅਸਤੀਫਾ ਦੇਣ ਦੀ ਸਲਾਹ ਨਹੀਂ ਦਿੱਤੀ ਹੈ।

ਸਾਬਕਾ ਰਾਜ ਮੰਤਰੀ ਸ. ਨਿਰਮਲ ਸਿੰਘ ਕਾਹਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੰਮ੍ਰਿਤਸਰ ਵੱਲ ਪਿਠ ਕਰ ਕੇ ਦਿੱਲੀ ਵਲ ਵੇਖਣ ਵਾਲੀ ਸਰਕਾਰ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਕੇਂਦਰ ਦੇ ਕਹਿਣ ਉਤੇ ਉਨ੍ਹਾਂ ਵਿਰੁਧ ਕਾਰਵਾਈ ਕੀਤੀ ਹੈ ਪ੍ਰੰਤੂ ਉਹ ਤਾਂ ਪਹਿਲਾਂ ਹੀ ਅਸਤੀਫਿਆਂ ਲਈ ਤਿਆਰ ਬੈਠੇ ਸਨ।

ਸ. ਕਾਹਲੋਂ ਨੇ ਕਿਹਾ ਕਿ ਮੈਂ ਤਿੰਨ ਵਾਰ ਇਸ ਤੋਂ ਪਹਿਲਾਂ ਲਿਖਤੀ ਅਸਤੀਫਾ ਮੁੱਖ ਮੰਤਰੀ ਨੂੰ ਦੇ ਚੁਕਾ ਹਾਂ। ਡੇਰਾ ਬਾਬਾ ਨਾਨਕ ਵਿਚ 10 ਸਿੱਖ ਯੁਵਕਾਂ ਨੂੰ ਝੂਠੇ ਮੁਕਾਬਲੇ ਵਿਚ ਮਾਰਿਆ ਗਿਆ। ਉਦੋਂ ਵੀ ਮੈਂ ਵਿਰੋਧਤਾ ਕੀਤੀ। ਠੇਠਰਕੇ (ਡੇਰਾ ਬਾਬਾ ਨਾਨਕ) ਵਿਚ ਭੈਣ ਭਰਾਵਾਂ ਦੀ ਬੀ. ਐਸ. ਐਫ. ਨੇ ਹੱਤਿਆ ਕੀਤੀ। ਇਨ੍ਹਾਂ ਮਾਮਲਿਆਂ ਉਤੇ ਮੁੱਖ ਮੰਤਰੀ ਨੂੰ ਵਾਰ ਵਾਰ ਕਹਿਣ ਪਿਛੋਂ ਵੀ ਦੋਸ਼ੀਆਂ ਵਿਰੁਧ ਕਾਰਵਾਈ ਨਹੀਂ ਹੋਈ।

ਕੇਂਦਰ ਏਕਤਾ ਨਹੀਂ ਚਾਹੁੰਦਾ

ਸ਼੍ਰੋਮਣੀ ਕਮੇਟੀ ਦੀ ਚੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਏਕਤਾ ਨਹੀਂ ਚਾਹੁੰਦਾ ਸੀ। ਜਥੇਦਾਰ ਕਾਬਲ ਸਿੰਘ ਨੂੰ ਕਮੇਟੀ ਮੈਂਬਰ ਕਿਸ ਤਰ੍ਹਾਂ ਵੋਟ ਦਿੰਦੇ ਜਿਸ ਨੇ ਗੁਰਦੁਆਰਿਆਂ ਵਿਚ ਪੁਲੀਸ ਦਾਖਲੇ ਦੀ ਹਮਾਇਤ ਕੀਤੀ ਸੀ। ਸਰਕਾਰ ਵਿਚੋਂ ਨਿਕਲਣ ਪਿਛੋਂ ਨੌਜਵਾਨਾਂ ਦੇ ਹੱਕਾਂ ਦੀ ਵਧੇਰੇ ਖੁਲ੍ਹ ਕੇ ਗੱਲ ਕੀਤੀ ਜਾ ਸਕਦੀ ਹੈ। ਪੰਜਾਬ ਵਿਚ ਇਸ ਸਮੇਂ ਸ੍ਰੀ ਰਿਬੇਰੋ ਦਾ ਰਾਜ ਚਲਦਾ ਹੈ।

ਗ੍ਰਿਫਤਾਰੀ ਦੀ ਨਿੰਦਾ

ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਪਾਰਟੀ ਨਾਲ ਰਹਿਣਾ ਇਸ ਸਮੇਂ ਮਜਬੂਰੀ ਹੈ। ਜੇਕਰ ਪੰਜਾਬ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ ਤਾਂ ਬਰਨਾਲਾ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਸ. ਕਾਹਲੋਂ ਨੇ ਕਿਹਾ ਕਿ ਜਥੇਦਾਰ ਟੌਹੜਾ ਅਤੇ ਸ. ਬਾਦਲ ਦੀ ਗ੍ਰਿਫਤਾਰੀ ਨਾਲ ਸਥਿਤੀ ਹੋਰ ਵਿਗੜੇਗੀ।

ਦਲ (ਲੌਂਗੋਵਾਲ) ਦੀ ਮੀਟਿੰਗ ਵੀਰਵਾਰ ਨੂੰ

ਚੰਡੀਗੜ੍ਹ, 2 ਦਸੰਬਰ (ਸਟਾਫ ਰਿਪੋਰਟਰ) - ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵੀਰਵਾਰ ਨੂੰ ਇਥੇ ਹੋ ਰਹੀ ਹੈ। ਮੀਟਿੰਗ ਵਿਚ ਰਾਜ ਦੀ ਵਰਤਮਾਨ ਸਥਿਤੀ ਉਤੇ ਵਿਚਾਰ ਹੋਵੇਗੀ।

ਮੀਟਿੰਗ ਸ਼ਾਮੀਂ ਢਾਈ ਵਜੇ ਹੋਵੇਗੀ।

ਯੂਥ ਵਿੰਗ ਦਾ ਕੈਂਪ ਮੁੜ ਮੁਲਤਵੀ

ਚੰਡੀਗੜ੍ਹ, 2 ਦਸੰਬਰ (ਸਟਾਫ ਰਿਪੋਰਟਰ) - ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਵਲੋਂ ਆਨੰਦਪੁਰ ਸਾਹਿਬ ਵਿਖੇ 5, 6 ਤੇ 7 ਦਸੰਬਰ ਨੂੰ ਲਗਾਇਆ ਜਾਣ ਵਾਲਾ ਟ੍ਰੇਨਿੰਗ ਕੈਂਪ ਮੌਜੂਦਾ ਪੰਥਕ ਹਾਲਤਾਂ ਨੂੰ ਮੁੱਖ ਰੱਖਦਿਆਂ ਮੁਲਤਵੀ ਕਰ ਦਿੱਤਾ ਗਿਆ ਹੈ।

2 ਪੱਤਰਕਾਰਾਂ ਦੀ ਸਜ਼ਾ ਮੁਅੱਤਲ

ਚੰਡੀਗੜ੍ਹ, 2 ਦਸੰਬਰ (ਪ. ਟ. ਬ.) - ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਅਮੀਰ ਸਿੰਘ ਰੰਧਾਵਾ ਐਡਵੋਕੇਟ ਅਤੇ ਪੱਤਰਕਾਰ ਤੇ ਉਨ੍ਹਾਂ ਦੇ ਸਾਥੀ ਸੁਰਿੰਦਰ ਕੁਮਾਰ ਭਾਟੀਆ ਐਡੀਟਰ "ਸਿਰਸਾ ਟ੍ਰਿਬਿਊਨ" ਨੂੰ ਕੀਤੀ ਗਈ ਸਜ਼ਾ ਮੁਅੱਤਲ ਕਰ ਦਿੱਤੀ ਹੈ।

ਬੈਂਚ ਦੀ ਸ਼ਮੂਲੀਅਤ ਮਾਨਯੋਗ ਜੱਜ ਸ੍ਰੀ ਗੋਇਲ ਅਤੇ ਸ੍ਰੀ ਡੀ. ਵੀ. ਸਹਿਗਲ ਨੇ ਕੀਤੀ।

ਇਸ ਤੋਂ ਪਹਿਲਾਂ ਇਸੇ ਬੈਂਚ ਨੇ ਦੋਹਾਂ ਪੱਤਰਕਾਰਾਂ ਨੂੰ ਅਦਾਲਤ ਦੀ ਮਾਨਹਾਨੀ ਕਰਨ ਤੇ ਤਿੰਨ-ਤਿੰਨ ਮਹੀਨੇ ਦੀ ਸਜ਼ਾ ਅਤੇ ਪੰਜ-ਪੰਜ ਸੌ ਰੁਪਏ ਜੁਰਮਾਨਾ ਕੀਤਾ ਸੀ। ਜੁਰਮਾਨਾ ਨਾ ਅਦਾ ਕਰਨ ਦੀ ਸੂਰਤ ਵਿਚ 15 ਦਿਨ ਹੋਰ ਕੈਦ ਕੱਟਣੀ ਪਵੇਗੀ।

ਇਨ੍ਹਾਂ ਵਿਰੁਧ ਦੋਸ਼ ਸੀ ਕਿ ਅਮੀਰ ਸਿੰਘ ਰੰਧਾਵਾ ਨੇ ਇਕ ਲੇਖ ਵਿਚ ਆਖਿਆ ਸੀ ਕਿ ਜੁਡੀਸ਼ਰੀ ਵਿਚ ਭ੍ਰਿਸ਼ਟਾਚਾਰ ਕੈਂਸਰ ਦੀ ਤਰ੍ਹਾਂ ਫੈਲ ਰਿਹਾ ਹੈ। ਇਹ ਲੇਖ ਸ੍ਰੀ ਭਾਟੀਆ ਨੇ ਆਪਣੇ ਪੰਦਰਾਂ ਰੋਜ਼ਾ ਅਖਬਾਰ "ਸਿਰਸਾ ਟ੍ਰਿਬਿਊਨ" ਵਿਚ ਛਾਪਿਆ ਸੀ।

ਅਦਾਲਤ ਨੇ ਇਸ ਸਬੰਧ ਵਿਚ ਦੋਵਾਂ ਵਿਅਕਤੀਆਂ ਨੂੰ ਖੁਦ ਹੀ ਨੋਟਿਸ ਦਿੱਤਾ ਸੀ।

ਬਰਨਾਲਾ ਦੀ ਅਗਵਾਈ ਵਿਚ ਭਰੋਸੇ ਦਾ ਪ੍ਰਗਟਾਵਾ

ਚੰਡੀਗੜ੍ਹ, 2 ਦਸੰਬਰ (ਸਟਾਫ ਰਿਪੋਰਟਰ) - ਆਲ ਇੰਡੀਆ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਗੋਬਿੰਦ ਸਿੰਘ ਕਾਂਝਲਾ, ਸੰਸਦੀ ਸਕੱਤਰ, ਭਲਾਈ, ਪੰਜਾਬ ਦੀ ਪ੍ਰਧਾਨਗੀ ਹੇਠ ਵਿੰਗ ਦੀ ਕਾਰਜਕਰਨੀ ਤੇ ਜ਼ਿਲਾ ਪ੍ਰਧਾਨਾਂ ਤੇ ਹੋਰ ਪ੍ਰਮੁੱਖ ਨੇਤਾਵਾਂ ਦੀ ਹੰਗਾਮੀ ਇਕੱਤਰਤਾ ਅਕਾਲੀ ਦਲ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਵਿਚ ਹੋਈ।

ਇਕੱਤਰਤਾ ਨੇ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੁੱਖ ਮੰਤਰੀ ਪੰਜਾਬ ਸ. ਸੁਰਜੀਤ ਸਿੰਘ ਬਰਨਾਲਾ ਦੀ ਲੀਡਰਸ਼ਿਪ ਵਿਚ ਪੂਰਨ ਵਿਸ਼ਵਾਸ ਦਾ ਪ੍ਰਗਟਾਵਾ ਕਰਦੇ ਹੋਏ ਸ. ਬਰਨਾਲਾ ਵਲੋਂ ਇਸ ਸੰਕਟ ਦੇ ਸਮੇਂ ਵਿਚ ਬੜੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਮਨੁੱਖੀ ਏਕੇ ਤੇ ਸਰਬ ਸਾਂਝੀਵਾਲਤਾ 'ਤੇ ਆਧਾਰਿਤ ਨੀਤੀਆਂ 'ਤੇ ਦ੍ਰਿੜ੍ਹਤਾ ਨਾਲ ਅਮਲ ਕਰਨ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਇਕੱਤਰਤਾ ਨੇ ਕੇਂਦਰ ਸਰਕਾਰ ਵਲੋਂ ਪੰਜਾਬ ਸਮਝੌਤੇ ਪ੍ਰਤੀ ਅਪਣਾਈ ਬੇਰੁਖੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿਚ ਸਦੀਵੀ ਸ਼ਾਂਤੀ ਤੇ ਅਮਨ ਦੀ ਕਾਇਮੀ ਲਈ ਪੰਜਾਬ ਸਮਝੌਤੇ ਦੇ ਅੱਖਰ ਅੱਖਰ ਉਤੇ ਉਸ ਦੀ ਭਾਵਨਾ ਅਨੁਸਾਰ ਅਮਲ ਕਰ ਕੇ ਪੰਜਾਬੀਆਂ ਨੂੰ ਸੰਤੁਸ਼ਟ ਕਰੇ। ਇਸੇ ਵਿਚ ਹੀ ਦੇਸ਼ ਤੇ ਪੰਜਾਬ ਦਾ ਭਲਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਕੁਝ ਲੋਕਾਂ ਵਲੋਂ ਵਿਖਾਈ ਗਈ ਅਨੁਸ਼ਾਸਨਹੀਣਤਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ. ਬਰਨਾਲਾ ਵਲੋਂ ਵਿਸ਼ਵਾਸਘਾਤੀਆਂ ਵਿਰੁਧ ਲਏ ਗਏ ਐਕਸ਼ਨ ਦੀ ਭਰਪੂਰ ਸ਼ਲਾਘਾ ਕੀਤੀ।

ਇਕੱਤਰਤਾ ਨੇ ਪੰਜਾਬ ਵਿਚ ਬੀਤੇ ਦਿਨੀਂ ਵਾਪਰੀਆਂ ਦੁਖਦਾਈ ਘਟਨਾਵਾਂ ਤੇ ਬੇਗੁਨਾਹਾਂ ਦੇ ਕਤਲਾਂ ਦੀ ਸਖਤ ਨਿੰਦਾ ਕੀਤੀ।

ਪਾਰਲੀਮੈਂਟ ਸੈਸ਼ਨ 'ਚ ਦੋ ਦਿਨਾਂ ਦਾ ਵਾਧਾ

ਨਵੀਂ ਦਿੱਲੀ, 2 ਦਸੰਬਰ (ਯੂ. ਐਨ. ਆਈ.) - ਪਾਰਲੀਮੈਂਟ ਦੇ ਸਰਦ ਰੁੱਤ ਦੇ ਸੈਸ਼ਨ ਵਿਚ ਹੋਰ ਦੋ ਦਿਨ ਦਾ ਵਾਧਾ ਕਰ ਦਿੱਤਾ ਹੈ ਤੇ ਹੁਣ ਇਹ ਸੈਸ਼ਨ 8 ਅਤੇ 9 ਦਸੰਬਰ ਤਕ ਚਲੇਗਾ। ਇਹ ਐਲਾਨ ਸਪੀਕਰ ਬਲਰਾਮ ਜਾਖੜ ਨੇ ਲੋਕ ਸਭਾ ਵਿਚ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਐਮ. ਐਮ. ਜੈਕਬ ਨੇ ਰਾਜ ਸਭਾ ਵਿਚ ਕੀਤਾ।

ਦਿੱਲੀ 'ਚ ਘਟਨਾਵਾਂ ਬਾਅਦ ਫੌਜ ਚੌਕਸ

(ਸਫਾ 1 ਕਾਲਮ 3 ਦੀ ਬਾਕੀ)

ਸੀਨੀਅਰ ਪੁਲੀਸ ਅਧਿਕਾਰੀਆਂ ਅਨੁਸਾਰ 100 ਤੋਂ ਵੱਧ ਵਿਅਕਤੀ ਪੱਛਮੀ ਦਿੱਲੀ ਤੇ 70 ਦੇ ਕਰੀਬ ਵਿਅਕਤੀ ਕੇਂਦਰੀ ਦਿੱਲੀ 'ਚੋਂ ਹਿਰਾਸਤ ਵਿਚ ਲਏ ਗਏ। ਫੜੇ ਗਏ ਵਿਅਕਤੀਆਂ 'ਚ ਭਾਰਤੀ ਜਨਤਾ ਪਾਰਟੀ ਦੇ 3 ਕੌਂਸਲਰ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਨਿਜ਼ਾਮਦੀਨ, ਲਾਜਪਤ ਨਗਰ ਤੇ ਛਾਉਣੀ ਇਲਾਕਿਆਂ 'ਚੋਂ ਫੜਿਆ ਗਿਆ।

ਘਟਨਾ ਅੱਖੀਂ ਵੇਖਣ ਵਾਲਿਆਂ ਅਨੁਸਾਰ ਲੋਕਾਂ ਦੀ ਇਕ ਛੋਟੀ ਜਿਹੀ ਭੀੜ ਨੇ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਨੇੜੇ ਦੁਕਾਨਾਂ ਤੇ ਉਥੋਂ ਲੰਘ ਰਹੇ ਵਾਹਨਾਂ ਉਤੇ ਇੱਟਾਂ-ਵੱਟੇ ਮਾਰੇ। ਪਰ ਪੁਲੀਸ ਦੇ ਉਥੇ ਪੁੱਜਣ ਬਾਅਦ ਭੀੜ ਖਿੰਡ ਗਈ।

ਭਾਜਪਾ ਵਲੋਂ ਦਿੱਤੇ ਇਸ ਬੰਦ ਦੇ ਸੱਦੇ ਦੀ ਅਕਾਲੀ ਦਲ (ਲੌਂਗੋਵਾਲ) ਨੇ ਵੀ ਹਮਾਇਤ ਕੀਤੀ।

ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ 5000 ਦੇ ਕਰੀਬ ਬੱਸਾਂ ਦੇ ਬੰਦ ਹੋਣ ਨਾਲ ਰਾਜਧਾਨੀ ਵਿਚ ਜਨ ਜੀਵਨ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ।

ਇਸ ਕਾਰਨ ਬਹੁਤੇ ਸਕੂਲ ਬੰਦ ਰਹੇ ਤੇ ਦਫਤਰੀਂ ਜਾਣ ਵਾਲੇ ਸੈਂਕੜੇ ਮੁਲਾਜ਼ਮਾਂ ਨੂੰ ਪੈਦਲ ਮਾਰਚ ਕਰਨਾ ਪਿਆ।

ਜ਼ਰੂਰੀ ਸੇਵਾਵਾਂ- ਹਸਪਤਾਲਾਂ, ਬਿਜਲੀ, ਪਾਣੀ ਤੇ ਸੰਚਾਰ ਸਾਧਨਾਂ ਨੂੰ ਬੰਦ ਤੋਂ ਛੋਟ ਦਿੱਤੀ ਗਈ ਸੀ।

ਭਾਜਪਾ ਨੇਤਾ ਸ੍ਰੀ ਮਦਨ ਲਾਲ ਖੁਰਾਣਾ ਦੇ ਕਹਿਣ ਅਨੁਸਾਰ "ਬੰਦ ਪੁਰਅਮਨ, ਮੁਕੰਮਲ ਤੇ ਪੂਰੀ ਤਰ੍ਹਾਂ ਸਫਲ" ਰਿਹਾ।

ਕਿਸੇ ਅਸੁਖਾਵੀਂ ਘਟਨਾ ਨੂੰ ਵਾਪਰਨੋਂ ਰੋਕਣ ਲਈ ਦਿੱਲੀ ਪ੍ਰਸ਼ਾਸਨ ਨੇ ਕਰੜੇ ਪ੍ਰਬੰਧ ਕੀਤੇ ਹੋਏ ਸਨ। ਪੂਰਬੀ ਤੇ ਪੱਛਮੀ ਦਿੱਲੀ ਦੇ ਨਾਜ਼ਕ ਇਲਾਕਿਆਂ 'ਚ ਹਥਿਆਰਬੰਦ ਪੁਲੀਸ ਤੇ ਨੀਮ ਫੌਜੀ ਦਲਾਂ ਦੇ ਸੈਂਕੜੇ ਜਵਾਨ ਤਾਇਨਾਤ ਕੀਤੇ ਗਏ ਸਨ। ਗਸ਼ਤ ਦਾ ਕੰਮ ਵੀ ਤੇਜ਼ ਕੀਤਾ ਗਿਆ ਸੀ।

ਔਰਤਾਂ ਵਲੋਂ ਰੋਸ

50 ਦੇ ਕਰੀਬ ਔਰਤਾਂ ਨੇ ਅੱਜ ਪੂਰਬੀ ਦਿੱਲੀ 'ਚ ਪੰਜਾਬ ਹਤਿਆਵਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਮੁੱਖ ਸੜਕ ਉਤੇ ਲੇਟ ਕੇ ਆਵਾਜਾਈ ਰੋਕੀ। ਇਨ੍ਹਾਂ ਵਿਚੋਂ ਬਹੁਤੀਆਂ ਔਰਤਾਂ ਜਮਨਾ ਨਗਰ ਨੇੜਲੇ ਕਾਹੋਰੀ ਪਿੰਡ ਤੋਂ ਸਨ।

ਉਧਰ ਵਕੀਲਾਂ ਵਲੋਂ ਵੀ ਬੰਦ ਦੀ ਹਮਾਇਤ 'ਚ ਆਪਣੇ ਕੰਮ ਉਤੇ ਨਾ ਆਉਣ ਕਾਰਨ ਸੁਪਰੀਮ ਕੋਰਟ ਸਮੇਤ ਰਾਜਧਾਨੀ ਦੀਆਂ ਸਾਰੀਆਂ ਅਦਾਲਤਾਂ 'ਚ ਕੰਮਕਾਜ ਠੱਪ ਰਿਹਾ। ਸੁਪਰੀਮ ਕੋਰਟ ਦਾ ਕੰਮ ਆਮ ਵਾਂਗ ਸਵੇਰੇ ਸਾਢੇ 10 ਵਜੇ ਸ਼ੁਰੂ ਹੋਇਆ ਪਰ ਨਿੱਜੀ ਤੌਰ ਉਤੇ ਪੇਸ਼ ਹੋਏ ਪਟੀਸ਼ਨਰਾਂ ਦੇ ਕੇਸ ਦੀ ਸੁਣਵਾਈ 5-10 ਮਿੰਟਾਂ ਵਿਚ ਮੁਕਾਉਣ ਬਾਅਦ ਅਦਾਲਤਾਂ ਉਠ ਗਈਆਂ। ਇਨ੍ਹਾਂ ਕੇਸਾਂ ਦੀ ਸੁਣਵਾਈ ਹੁਣ ਕੱਲ੍ਹ ਹੋਵੇਗੀ।

ਹਾਈ ਕੋਰਟ ਬਾਰ ਐਸੋਸੀਏਸ਼ਨ ਵਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਦਿੱਲੀ ਹਾਈ ਕੋਰਟ 'ਚ ਕੰਮ ਠੱਪ ਰਿਹਾ।

ATTENTION
vespa PL 170
SCOOTER OWNERS

Andhra Pradesh Scooters Ltd. announces
FREE CHECK-UP CAMPAIGN
from 10th to 13th December '86
at
JEET SCOOTER CLINIC
Opposite Pushpa Theatre,
Model Town, Hissar

GET YOUR vespa PL 170
SCOOTER CHECKED BY FACTORY ENGINEERS

ਚੇਰਾਪੂੰਜੀ
ਹਫਤਾਵਾਰ ਲਾਟਰੀ

ਹੁਣ ਤੁਹਾਡੇ ਜਿੱਤਣ ਲਈ ਹੋਰ ਵੀ ਵੱਧ ਇਨਾਮ

ਪਹਿਲਾ ਇਨਾਮ : ਰੁ. 1 ਲੱਖ
ਦੂਜਾ ਇਨਾਮ : 160×ਰੁ. 5000 ਹਰੇਕ
ਤੀਜਾ ਇਨਾਮ : 160×ਰੁ. 1000 ਹਰੇਕ
ਚੌਥਾ ਇਨਾਮ : 400×ਰੁ. 500 ਹਰੇਕ

★ਵਧੇਰੇ ਮੌਕੇ; ਇਨਾਮਾਂ ਦੀ ਵਧੇਰੀ ਪ੍ਰਤੀਸ਼ਤ
★ਰੁ. 5000/- ਤਕ ਦੇ ਇਨਾਮਾਂ 'ਤੇ ਆਮਦਨ ਟੈਕਸ ਦੀ ਕਟੌਤੀ ਨਹੀਂ

ਸ਼ਿਲਾਂਗ ਵਿਖੇ ਜੱਜਾਂ ਦੀ ਮੌਜੂਦਗੀ ਵਿਚ 1.12.86 ਨੂੰ ਬਾਅਦ ਦੁਪਹਿਰ 3.00 ਵਜੇ ਕੱਢੇ ਗਏ 123ਵੇਂ ਡਰਾਅ ਦਾ ਨਤੀਜਾ।

1st Prize (1) Rs. 1,00,000/- PY-382213

2nd Prize (160) Rs. 5,000/- each (All ticket numbers ending with last five digits in respective series)

PT-01156	PU-24341	PW-21513	PX-31993	PY-06016
PT-13657	PU-30121	PW-46478	PX-80191	PY-10663
PT-56721	PU-40579	PW-69193	PX-93847	PY-51732
PT-61509	PU-76378	PW-80844	PX-91148	PY-79109

3rd Prize (160) Rs. 1000/- each (All ticket numbers ending with last five digits in respective series)

PT-30796	PU-03364	PW-00876	PX-26402	PY-59561
PT-63163	PU-29849	PW-19826	PX-36556	PY-63627
PT-86462	PU-57770	PW-13777	PX-46173	PY-79373
PT-90559	PU-91846	PW-41380	PX-71684	PY-80880

4th Prize (400) Rs. 500/- each (All ticket numbers ending with last five digits in all series)

00527	18778	20526	36724	40195
56847	68309	76335	85903	95377

5th Prize (4,000) Rs. 50/- each (All ticket numbers ending ending with last four digits in all series).

0591	1892	2324	3812	4029
5352	6439	7568	8850	9864

6th Prize (4,000) Rs. 20/- each (All ticket numbers ending with last four digits in all series)

0586	1354	2616	3373	4362
5253	6891	7874	8677	9447

7th Prize (40,000) Rs. 10/- each (All ticket numbers ending with last three digits in all series)

081	102	200	320	423	555	627	778	897	901

8th Prize (40,000) Rs. 5/- each (All ticket numbers ending with last three digits in all series)

046	115	250	326	462	513	615	756	895	963

Sellers Prizes (88,721) on the counterfoils.

ਡਰਾਅ ਹਰ ਸੋਮਵਾਰ ਟਿਕਟ ਰੁ. 1/- ਸਿਰਫ
ਟਿੱਪਣੀ : ਜੇਤੂ ਆਪਣੇ ਨੰਬਰ ਅੰਤਮ ਰੂਪ ਵਿਚ ਸਰਕਾਰੀ ਗਜ਼ਟ ਨਾਲ ਮਿਲਾ ਲੈਣ।
ਆਯੋਜਕ ਏਜੰਟ : ਕਰਨ ਐਂਡ ਕੰਪਨੀ, ਮੁਖ ਦਫਤਰ : 14/15 ਐਫ, ਕਨਾਟ ਪੈਲੇਸ, ਨਵੀਂ ਦਿੱਲੀ-110001, ਫੋਨ : ਦਫਤਰ : 3315554, 3315559, 3314424,
ਡਾਇਰੈਕਟਰ ਆਫ ਲਾਟਰੀਜ਼ ਮੇਘਾਲਿਆ ਸਰਕਾਰ, ਸਿਲਾਂਗ
ਤਾਰ : "ਮੇਘਲਾਟਰੀ", ਸ਼ਿਲਾਂਗ

ਭਾਰਤੀਯ ਖਾਦਯ ਨਿਗਮ

ਖੇਤਰੀ ਦਫਤਰ ਹਰਿਆਣਾ ਚੰਡੀਗੜ੍ਹ

ਟੈਂਡਰ ਨੋਟਿਸ

ਭਾਰਤੀ ਖੁਰਾਕ ਨਿਗਮ ਵਲੋਂ ਹੇਠ ਲਿਖੇ ਕੰਮ ਹਿਤ ਕੇਂ. ਲੋ. ਨਿ. ਵਿ., ਰਾਜ ਲੋ. ਨਿ. ਵਿ., ਐਮ. ਈ. ਐਸ., ਰੇਲਵੇ, ਡਾਕ ਤਾਰ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਰਜਿਸਟਰਡ ਉਚਿਤ ਸ਼੍ਰੇਣੀ ਦੇ ਪ੍ਰਵਾਨਤ ਬਿਜਲੀ ਠੇਕੇਦਾਰਾਂ ਪ੍ਰਵਾਨਿਤ ਸੂਚੀਬੱਧ ਸਪਲਾਈਕਾਰਾਂ ਤੋਂ ਮੋਹਰਬੰਦ ਪ੍ਰਤੀਸ਼ਤ ਆਈਟਮ ਦਰ ਟੈਂਡਰ ਮੰਗੇ ਜਾਂਦੇ ਹਨ:-

ਲੜੀ ਨੰ.	ਕੰਮ ਦਾ ਨਾਂ	ਅੰਦਾਜ਼ਨ ਲਾਗਤ	ਬਿਆਨਾ ਰਕਮ	ਪੂਰਤੀ ਅਰਸਾ
1.	ਪਾਣੀਪਤ ਫੇਜ਼ III ਵਿਚ 33340 ਮੀ. ਟਨ ਸਮਰਥਾ ਦੇ ਗੋਦਾਮ ਕੰਪਲੈਕਸ ਲਈ ਕੰਟੀਨ ਅਤੇ ਲੈਵਾਟਰੀ ਬਲਾਕ ਵਿਚ ਸਰਵਿਸ ਕੁਨੈਕਸ਼ਨ ਸਹਿਤ ਅੰਦਰੂਨੀ ਬਿਜਲੀ ਇੰਸਟੈਲੇਸ਼ਨ ਪ੍ਰਦਾਨ ਕਰਨਾ।	ਰੁਪਏ 22069/-	ਰੁਪਏ 552/-	12 ਮਹੀਨੇ
2.	ਅੰਬਾਲਾ ਛਾਉਣੀ ਵਿਖੇ 1280 ਮੀ. ਟਨ ਸਮਰਥਾ ਮਿਨੀ ਗੋਦਾਮ ਵਿਚ ਅੰਦਰੂਨੀ ਬਿਜਲੀ ਇੰਸਟੈਲੇਸ਼ਨ ਪ੍ਰਦਾਨ ਕਰਨਾ।	ਰੁਪਏ 20671/-	ਰੁਪਏ 517/-	ਡੇਢ ਮਹੀਨਾ
3.	ਤਰਾਵੜੀ ਵਿਖੇ 25000 ਮੀ. ਟਨ ਸਮਰਥਾ ਦੇ ਆਰਜ਼ੀ ਪਲਿੰਥਸ ਆਫਿਸ ਬਲਾਕ ਵਿਚ ਸਰਵਿਸ ਕੁਨੈਕਸ਼ਨ ਸਹਿਤ ਅੰਦਰੂਨੀ ਬਿਜਲੀ ਇੰਸਟੈਲੇਸ਼ਨ ਪ੍ਰਦਾਨ ਕਰਨਾ।	ਰੁਪਏ 14404/-	ਰੁਪਏ 360/-	ਇਕ ਮਹੀਨਾ
4.	ਹਰਿਆਣਾ ਖੇਤਰ ਵਿਚ ਕੈਪ. ਸਟੋਰੇਜ ਸਾਈਟਸ ਵਿਚ ਵਿਸਤਾਰ ਪ੍ਰਣਾਲੀ ਸਹਿਤ 16'×28' (4.87 ਮੀ. ਤੋਂ 8.53 ਮੀ.) ਆਕਾਰ ਦੀ ਸੈਲਫ ਸੁਪੋਰਟਿੰਗ ਟਾਈਪ ਇਕਾਨਮੀ ਟਾਵਰ ਲੈਡਰਜ਼ ਦੀ ਸਪਲਾਈ। (ਆਈਟਮ ਦਰ)	ਰੁਪਏ 32500/-	ਰੁਪਏ 813/-	ਛੇ ਹਫਤੇ

ਟੈਂਡਰ ਦਸਤਾਵੇਜ਼ (ਨਾ-ਤਬਾਦਲਾਯੋਗ) ਕਿਸੇ ਵੀ ਕਾਰਜ ਦਿਵਸ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3.30 ਵਜੇ ਦੌਰਾਨ 15.12.86 ਤੀਕ ਹਰੇਕ ਕੰਮ ਹਿਤ 20/- ਰੁਪਏ (ਅਮੋੜਵੇਂ) ਦੀ ਨਗਦ ਅਦਾਇਗੀ 'ਤੇ ਲਏ ਜਾ ਸਕਦੇ ਹਨ। ਚਾਹਵਾਨ ਠੇਕੇਦਾਰਾਂ ਨੂੰ ਲੋੜੀਂਦੇ ਦਸਤਾਵੇਜ਼ੀ ਪ੍ਰਮਾਣ ਸਹਿਤ ਕੀਤੇ ਗਏ ਮੁਕੰਮਲ ਕੰਮ ਦਾ ਪੂਰਾ ਵੇਰਵਾ ਦੇਣਾ ਪਵੇਗਾ। ਉਨ੍ਹਾਂ ਨੂੰ ਆਪਣੇ ਰਜਿਸਟਰੇਸ਼ਨ ਪ੍ਰਮਾਣ-ਪੱਤਰ ਦੀ ਕਾਪੀ ਸਹਿਤ ਜਾਇਜ਼ ਆਮਦਨ ਕਰ ਭੁਗਤਾਨ ਪ੍ਰਮਾਣ-ਪੱਤਰ ਵੀ ਦੇਣਾ ਪਵੇਗਾ। ਹਰੇਕ ਕੰਮ ਦੇ ਸਾਹਮਣੇ ਦਿੱਤੀ ਗਈ ਬਿਆਨਾ ਰਕਮ ਉਪ ਪ੍ਰਬੰਧਕ (ਇੰਜੀ.) ਐਫ. ਸੀ. ਆਈ. ਖੇਤਰੀ ਦਫਤਰ ਹਰਿਆਣਾ ਚੰਡੀਗੜ੍ਹ ਦੇ ਪੱਖ ਵਿਚ ਚੰਡੀਗੜ੍ਹ ਵਿਖੇ ਭੁਗਤਾਨਯੋਗ ਕਿਸੇ ਪੱਟੀਦਰਜ ਬੈਂਕ ਦੀ ਡਿਪਾਜ਼ਿਟ ਐਟ ਕਾਲ ਰਸੀਦ/ਡਿਮਾਂਡ ਡਰਾਫਟ ਦੇ ਰੂਪ ਵਿਚ ਹਰੇਕ ਟੈਂਡਰ ਦੇ ਨਾਲ ਨੱਥੀ ਕੀਤੀ ਜਾਣੀ ਹੈ। ਨਿਰਧਾਰਤ ਰੂਪ ਵਿਚ ਬਿਆਨਾ ਰਕਮ ਰਹਿਤ ਟੈਂਡਰ ਸਿੱਧੇ ਰੱਦ ਕਰ ਦਿੱਤੇ ਜਾਣਗੇ।

ਮੁਕੰਮਲ ਟੈਂਡਰ ਉਪ ਪ੍ਰਬੰਧਕ (ਬਿਜਲੀ) ਐਫ. ਸੀ. ਆਈ., ਆਰ. ਓ. ਹਰਿਆਣਾ ਐਸ. ਸੀ. ਓ. ਨੰ. 120, 121, 122 ਸੈਕਟਰ 17-ਸੀ, ਚੰਡੀਗੜ੍ਹ ਵਲੋਂ 16.12.86 ਨੂੰ ਬਾਅਦ ਦੁਪਹਿਰ 3 ਵਜੇ ਤੀਕ ਲਏ ਜਾਣਗੇ ਅਤੇ ਉਸੇ ਦਿਨ ਬਾਅਦ ਦੁਪਹਿਰ 3.15 ਵਜੇ ਮੌਜੂਦ ਹੋਣ ਵਾਲੇ ਟੈਂਡਰਕਾਰਾਂ ਜਾਂ ਉਨ੍ਹਾਂ ਦੇ ਮੁਖਤਾਰ ਪ੍ਰਤੀਨਿਧਾਂ ਦੀ ਹਾਜ਼ਰੀ ਵਿਚ ਖੋਲ੍ਹ ਦਿੱਤੇ ਜਾਣਗੇ।

ਭਾਰਤੀ ਖੁਰਾਕ ਨਿਗਮ ਕੋਲ ਬਿਨਾਂ ਕੋਈ ਕਾਰਨ ਦੱਸਿਆਂ ਕਿਸੇ ਵੀ ਟੈਂਡਰ ਨੂੰ ਸਵੀਕਾਰ ਕਰਨ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰਨ ਜਾਂ ਕੰਮ ਨੂੰ ਇਕ ਤੋਂ ਵੱਧ ਠੇਕੇਦਾਰਾਂ ਵਿਚਕਾਰ ਵੰਡਣ ਦਾ ਹੱਕ ਰਾਖਵਾਂ ਹੈ।

ਉਪ ਪ੍ਰਬੰਧਕ (ਬਿਜਲੀ)

ਸੰਪਾਦਕ: ਗੁਲਜ਼ਾਰ ਸਿੰਘ ਸੰਧੂ
ਛਾਪਕ ਤੇ ਪ੍ਰਕਾਸ਼ਕ: ਓ. ਪੀ. ਲਾਂਬਾ ਨੇ ਟ੍ਰਿਬਿਊਨ ਪ੍ਰੈਸ ਚੰਡੀਗੜ੍ਹ ਤੋਂ ਛਪਵਾ ਕੇ ਟ੍ਰਿਬਿਊਨ ਦੇ ਟਰਸਟੀਆਂ ਲਈ ਪ੍ਰਕਾਸ਼ਤ ਕੀਤਾ।
ਕਾਪੀ ਰਾਈਟ © ਦਾ ਟ੍ਰਿਬਿਊਨ ਟਰਸਟ, 1986

ਪੰਜਾਬੀ ਟ੍ਰਿਬਿਊਨ

Regd. No. PB/CH-12

ਸਪਤਾਹਿਕ ਮੈਗਜ਼ੀਨ

ਸਾਲ : 11, ਅੰਕ : 152 | ਚੰਡੀਗੜ੍ਹ, ਐਤਵਾਰ, 15 ਜਨਵਰੀ, 1989 | ਮੁੱਲ : 90 ਪੈਸੇ

ਜੰਮੂ ਦੇ ਗੜਬੜ ਵਾਲੇ ਇਲਾਕਿਆਂ ਵਿਚ ਤਾਇਨਾਤ ਫੌਜੀ ਜਵਾਨ ਸ਼ਨਿਚਰਵਾਰ ਨੂੰ ਕਿਸੇ ਵੀ ਗੜਬੜ ਨਾਲ ਨਿਪਟਣ ਲਈ ਤਿਆਰ ਖੜ੍ਹੇ ਹਨ। (ਫੋਟੋ : ਐਸ. ਪੀ. ਸ਼ਰਮਾ)

ਜੰਮੂ ਵਾਰਦਾਤਾਂ ਦੀ ਅਦਾਲਤੀ ਜਾਂਚ ਦਾ ਫੈਸਲਾ

ਊਧਮਪੁਰ ਤੇ ਅਖਨੂਰ ਸਮੇਤ 8 ਹੋਰ ਸ਼ਹਿਰਾਂ ਵਿਚ ਵੀ ਕਰਫਿਊ

ਜੰਮੂ, 14 ਜਨਵਰੀ (ਵਿਸ਼ੇਸ਼ ਪ੍ਰਤੀਨਿਧ, ਪੀ. ਟੀ. ਆਈ., ਯੂ. ਐਨ. ਆਈ.) – ਕੱਲ੍ਹ ਇਥੇ ਹੋਈਆਂ ਹਿੰਸਕ ਵਾਰਦਾਤਾਂ ਦੇ ਨਤੀਜੇ ਕਾਰਨ ਹੋਰ ਸ਼ਹਿਰਾਂ ਵਿਚ ਗੜਬੜ ਹੋਣ ਪਿੱਛੋਂ ਅਜ ਜੰਮੂ ਖੇਤਰ ਵਿਚ ਊਧਮਪੁਰ ਤੇ 6 ਹੋਰ ਸ਼ਹਿਰਾਂ ਵਿਚ ਫੌਜ ਸੱਦ ਲਈ ਗਈ।

ਇਥੋਂ 65 ਕਿਲੋਮੀਟਰ ਦੂਰ ਊਧਮਪੁਰ ਸ਼ਹਿਰ ਵਿਚ ਅਜ ਮੁਕੰਮਲ ਬੰਦ ਰਿਹਾ। ਸ਼ਹਿਰ ਵਿਚ ਘਟੋ ਘੱਟ 10 ਦੁਕਾਨਾਂ ਅਤੇ ਇਕ ਗੱਡੀ ਨੂੰ ਅੱਗ ਲਾ ਦਿੱਤੀ ਗਈ।

ਊਧਮਪੁਰ ਦੇ ਡਿਪਟੀ ਕਮਿਸ਼ਨਰ ਸ੍ਰੀ ਦਲੀਪ ਸਿੰਘ ਨੇ ਦੱਸਿਆ ਕਿ ਫਸਾਦੀਆਂ ਨੂੰ ਵੇਖਦਿਆਂ ਹੀ ਗੋਲੀ ਮਾਰਨ ਦੇ ਆਦੇਸ਼ ਦੇ ਦਿੱਤੇ ਗਏ ਹਨ ਅਤੇ ਸ਼ਹਿਰ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਾਗੂ ਕਰ ਦਿੱਤਾ ਗਿਆ ਹੈ। ਜੰਮੂ ਡਿਵੀਜ਼ਨ ਦੇ ਜਿਨ੍ਹਾਂ ਹੋਰ ਸ਼ਹਿਰਾਂ ਵਿਚ ਕਰਫਿਊ ਲਾਇਆ ਗਿਆ ਹੈ ਅਤੇ ਫੌਜ ਸੱਦੀ ਗਈ ਹੈ ਉਨ੍ਹਾਂ ਵਿਚ ਰਣਬੀਰ ਸਿੰਘਪੁਰਾ, ਸਤਵਾਰੀ, ਸਾਂਬਾ, ਮੀਰਾਂ ਸਾਹਿਬ, ਮਰਾਲੀਅਸ, ਕੋਟ ਗੁਜਰਾਲ ਅਤੇ ਅਖਨੂਰ ਸ਼ਾਮਲ ਹਨ।

ਫੌਜ ਵਲੋਂ ਇਨ੍ਹਾਂ ਇਲਾਕਿਆਂ ਵਿਚ ਅੱਜ ਫਲੈਗ ਮਾਰਚ ਕੀਤਾਂ ਗਿਆ ਹੈ।

ਅਜ ਕਾਲੂ ਚੱਕ ਨੇੜੇ ਇਕ ਗੱਡੀ ਨੂੰ ਅੱਗ ਲਾ ਦਿੱਤੀ ਗਈ।

ਡਿਵੀਜ਼ਨਲ ਕਮਿਸ਼ਨਰ ਸ੍ਰੀ ਐਨ. ਆਰ. ਗੁਪਤਾ ਨੇ ਦੱਸਿਆ ਕਿ ਕੱਲ੍ਹ ਦੀਆਂ ਵਾਰਦਾਤਾਂ ਵਿਚ ਮਰਨ ਵਾਲੇ ਕਿਸੇ ਵੀ ਵਿਅਕਤੀ ਦੀ ਅਜੇ ਤਕ ਸ਼ਨਾਖਤ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਗੰਭੀਰ ਰੂਪ ਵਿਚ ਫੱਟੜ ਹੋਏ ਵਿਅਕਤੀਆਂ ਨੂੰ ਇਲਾਜ ਲਈ ਹੈਲੀਕਾਪਟਰ ਰਾਹੀਂ ਚੰਡੀਗੜ੍ਹ ਪਹੁੰਚਾਇਆ ਜਾ ਰਿਹਾ ਹੈ।

ਊਧਮਪੁਰ ਜ਼ਿਲੇ ਦੇ ਰਾਮਨਗਰ, ਰਿਆਸੀ ਅਤੇ ਕਟੜਾ ਕਸਬਿਆਂ ਵਿਚ ਅੱਜ ਬੰਦ ਰਿਹਾ ਅਤੇ ਇਨ੍ਹਾਂ ਕਸਬਿਆਂ ਵਿਚ ਤਣਾਓ ਬਣਿਆ ਹੋਇਆ ਹੈ। ਇਥੇ ਪੁੱਜੀਆਂ ਖ਼ਬਰਾਂ ਅਨੁਸਾਰ ਸ਼ਰਾਰਤੀਆਂ ਵਲੋਂ ਬੀਤੀ ਰਾਤ ਕੋਈ 20 ਕੁ ਦੁਕਾਨਾਂ ਫੂਕ ਦਿੱਤੀਆਂ ਗਈਆਂ ਅਤੇ ਉਹ ਅੱਜ ਸਵੇਰੇ ਤਕ ਵਾਰਦਾਤਾਂ ਵਿਚ ਜੁੱਟੇ ਰਹੇ।

ਕਮਿਸ਼ਨਰ ਅਨੁਸਾਰ ਕੱਲ੍ਹ ਦੀਆਂ ਵਾਰਦਾਤਾਂ

ਦੰਗਾ ਪ੍ਰਭਾਵਿਤ ਸ਼ਹਿਰਾਂ ਵਿਚ ਫੌਜ ਵਲੋਂ ਫਲੈਗ ਮਾਰਚ

ਬੰਦ ਦੇ ਬਾਵਜੂਦ ਕੱਲ੍ਹ ਦੁਕਾਨਾਂ ਲੁੱਟ ਲਈਆਂ ਗਈਆਂ ਅਤੇ ਅੱਗ ਲਾ ਦਿੱਤੀ ਗਈ।

ਅਧਿਕਾਰੀਆਂ ਨੇ ਸਥਿਤੀ ਕਾਬੂ ਹੇਠ ਹੋਣ ਦਾ ਦਾਅਵਾ ਕੀਤਾ ਹੈ।

ਫੌਜੀ ਜਵਾਨ ਸ਼ਹਿਰ ਵਿਚ ਗਸ਼ਤ ਕਰ ਰਹੇ ਹਨ। ਜੰਮੂ-ਕਸ਼ਮੀਰ ਸਰਕਾਰ ਨੇ ਕੱਲ੍ਹ ਇਥੇ ਹੋਈਆਂ ਹਿੰਸਕ ਵਾਰਦਾਤਾਂ ਦੀ ਅਦਾਲਤੀ ਜਾਂਚ ਕਰਾਉਣ ਦੇ ਫੈਸਲਾ ਕੀਤਾ ਹੈ ਅਤੇ ਜਾਂਚ ਦਾ ਇਹ ਕੰਮ ਸੁਪਰੀਮ ਕੋਰਟ ਦੇ ਕਿਸੇ ਜੱਜ ਨੂੰ ਸੌਂਪੇ ਜਾਣ ਦੀ ਸੰਭਾਵਨਾ ਹੈ।

ਰਾਜ ਦੇ ਰਾਜਪਾਲ ਸ੍ਰੀ ਜਗਮੋਹਨ ਨੇ ਦਿੱਲੀ ਦੌਰਾ ਰੱਦ ਕਰ ਦਿੱਤਾ ਹੈ।

ਰਾਜਪਾਲ ਸ੍ਰੀ ਜਗਮੋਹਨ ਅਤੇ ਮੁੱਖ ਮੰਤਰੀ ਸ੍ਰੀ ਫਾਰੂਕ ਅਬਦੁੱਲਾ ਅੱਜ ਇਥੇ ਹਸਪਤਾਲ ਵਿਚ ਜ਼ਖਮੀਆਂ ਦਾ ਹਾਲ ਚਾਲ ਪੁੱਛਣ ਗਏ।

ਸਿਹਤ ਮੰਤਰੀ ਆਰ. ਐਸ. ਚਿੱਬ ਨੇ ਦੱਸਿਆ ਕਿ ਕੱਲ੍ਹ ਦੀਆਂ ਹਿੰਸਕ ਵਾਰਦਾਤਾਂ ਵਿਚ ਕੁੱਲ 92 ਵਿਅਕਤੀ ਫੱਟੜ ਹੋਏ ਸਨ। ਜਿਨ੍ਹਾਂ ਵਿਚੋਂ 39 ਨੂੰ ਬੀਤੀ ਰਾਤ ਹੀ ਹਸਪਤਾਲਾਂ ਵਿਚੋਂ ਛੁੱਟੀ ਦੇ ਦਿੱਤੀ ਗਈ ਸੀ।

ਸ਼ਹਿਰ ਵਿਚ ਤਿੰਨ ਹੋਰ ਵਿਅਕਤੀਆਂ ਦੀ ਮੌਤ ਹੋਣ ਦੀ ਖਬਰ ਮਿਲਣ ਪਿਛੋਂ ਕੱਲ੍ਹ ਦੀਆਂ ਵਾਰਦਾਤਾਂ ਵਿਚ ਮਰਨ ਵਾਲਿਆਂ ਦੀ ਗਿਣਤੀ 9 ਹੋ ਗਈ ਹੈ ਪਰ ਅਧਿਕਾਰੀਆਂ ਨੇ ਕੇਵਲ 6 ਮੌਤਾਂ ਹੋਣ ਦੀ ਹੀ ਪੁਸ਼ਟੀ ਕੀਤੀ ਹੈ।

ਜੰਮੂ-ਕਸ਼ਮੀਰ ਵਜ਼ਾਰਤ ਵਲੋਂ ਅੱਜ ਵਿਸ਼ੇਸ਼ ਮੀਟਿੰਗ ਵਿਚ ਰਾਜ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਗਿਆ।

ਸ਼ਹਿਰ ਵਿਚ ਲਾਗੂ ਕਰਫਿਊ ਵਿਚ ਅੱਜ ਕੋਈ ਢਿੱਲ ਨਹੀਂ ਦਿੱਤੀ ਗਈ। ਅਧਿਕਾਰੀਆਂ ਵਲੋਂ ਜ਼ਰੂਰੀ ਵਸਤੂਆਂ ਦੀ ਸਪਲਾਈ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਬੀਤੀ ਰਾਤ ਤੋਂ ਸ਼ਹਿਰ ਵਿਚ ਕੋਈ ਮਾੜੀ ਵਾਰਦਾਤ ਨਹੀਂ ਹੋਈ ਅਤੇ ਪੁਲੀਸ ਵਲੋਂ ਲੋਕਾਂ ਨੂੰ ਘਰੋ ਘਰੀ ਪਹੁੰਚਾਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਗੁਰੂ ਨਾਨਕ ਨਗਰ (ਜੰਮੂ) ਵਿਚ ਲੋਕਾਂ ਨੇ ਸਾਡੇ ਵਿਸ਼ੇਸ਼ ਪ੍ਰਤੀਨਿਧ ਨੂੰ ਦੱਸਿਆ ਕਿ ਮੁਹੱਲੇ ਦੇ ਇਕ ਪੁਲੀਸ ਅਧਿਕਾਰੀ ਦੇ ਘਰ ਵਿਚ ਟਿਕੇ

ਵਿਚ 111 ਗੱਡੀਆਂ ਨਸ਼ਟ ਹੋਈਆਂ ਜਦ ਕਿ ਗੈਰਸਰਕਾਰੀ ਸੂਤਰਾਂ ਅਨੁਸਾਰ 150 ਗੱਡੀਆਂ ਨੂੰ ਨੁਕਸਾਨ ਪੁੱਜਾ।

ਉਨ੍ਹਾਂ ਦੱਸਿਆ ਕਿ ਕਰਫਿਊ ਲਾਗੂ ਹੋਣ ਕਾਰਨ ਕੋਈ 7000 ਲੋਕ ਫਸ ਗਏ ਸਨ ਜਿਨ੍ਹਾਂ ਵਿਚੋਂ 5000 ਨੂੰ ਉਨ੍ਹਾਂ ਦੇ ਘਰਾਂ ਵਿਚ ਪਹੁੰਚਾ ਦਿੱਤਾ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਜਾਂਚ ਲਈ ਜੱਜ ਨਿਯੁਕਤ ਕਰਨ ਲਈ ਬੇਨਤੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਵਾਰਦਾਤਾਂ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਸਰਕਾਰ ਸ਼ਰਾਰਤੀਆਂ ਨੂੰ ਕਿਸੇ ਵੀ ਕੀਮਤ ਉਤੇ ਨਹੀਂ ਬਖਸ਼ੇਗੀ।

ਰਜੌਰੀ, ਪੁਣਛ ਅਤੇ ਡੋਡਾ ਵਿਚ ਵੀ ਤਣਾਓ ਭਰੀ ਸ਼ਾਂਤੀ ਬਣੀ ਹੋਈ ਹੈ। ਜੰਮੂ ਖੇਤਰ ਵਿਚ ਹੋਏ ਦੰਗਿਆਂ ਨੂੰ ਵੇਖਦਿਆਂ ਕਸ਼ਮੀਰ ਵਾਦੀ ਵਿਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਗਏ ਹਨ ਅਤੇ ਕਿਸੇ ਵੀ ਸਥਿਤੀ ਨਾਲ ਨਿਪਟਣ ਲਈ ਤਰਾਲ, ਬਾਰਾਮੂਲਾ, ਪੱਟਣ ਅਤੇ ਸ੍ਰੀਨਗਰ ਵਿਚ ਵਧੇਰੇ ਸੁਰੱਖਿਆ ਜਵਾਨ ਤਾਇਨਾਤ ਕਰ ਦਿੱਤੇ ਗਏ ਹਨ।

ਲੁਧਿਆਣਾ, (ਵਿਸ਼ੇਸ਼ ਪ੍ਰਤੀਨਿਧ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਜੰਮੂ ਵਿਚ ਹੋਈਆਂ ਹਿੰਸਕ ਵਾਰਦਾਤਾਂ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਵੇਂ ਜਾਪਦਾ ਹੈ ਕਿ ਅਧਿਕਾਰੀਆਂ ਵਲੋਂ ਲੋੜੀਂਦੇ ਸੁਰੱਖਿਆ ਪ੍ਰਬੰਧ ਨਹੀਂ ਕੀਤੇ ਗਏ ਸਨ। ਉਨ੍ਹਾਂ

(ਬਾਕੀ ਸਫਾ 8 ਕਾਲਮ 8)

ਮੂਰੀ ਐਕਸਪ੍ਰੈਸ ਨੂੰ ਉਡਾਉਣ ਦਾ ਨਾਕਾਮ ਯਤਨ

ਚੰਡੀਗੜ੍ਹ, 14 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ, ਯੂ. ਐਨ. ਆਈ., ਪੀ. ਟੀ. ਆਈ.) – ਕਿਲਾ ਰਾਏਪੁਰ ਨੇੜੇ ਦਹਿਸ਼ਤਗਰਦਾਂ ਨੇ ਅੱਜ ਸਵੇਰੇ ਰੇਲਵੇ ਲਾਈਨ ਉਡਾ ਦਿੱਤੀ ਜਦ ਕਿ ਵੱਖ ਵੱਖ ਘਟਨਾਵਾਂ ਵਿਚ ਸੀ. ਆਰ. ਪੀ. ਦੇ ਇਕ ਜਵਾਨ ਸਮੇਤ ਛੇ ਜਣੇ ਮਾਰੇ ਗਏ ਅਤੇ ਸੀ. ਆਰ. ਪੀ. ਦੇ 4 ਜਵਾਨ ਜ਼ਖਮੀ ਹੋਏ।

ਸੁਰੱਖਿਆ ਦਸਤਿਆਂ ਨੇ 18 ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਪਾਸੋਂ ਕੁਝ ਅਸਲਾ ਤੇ ਹਥਿਆਰ ਬਰਾਮਦ ਕੀਤੇ।

ਅੰਮ੍ਰਿਤਸਰ ਜ਼ਿਲੇ ਵਿਚ ਕੱਲ੍ਹ ਰਾਤੀਂ ਦਹਿਸ਼ਤਗਰਦਾਂ ਨੇ ਸੀ. ਆਰ. ਪੀ. ਦੀ ਇਕ ਟੁਕੜੀ ਉਪਰ ਘਾਤ ਲਗਾ ਕੇ ਹਮਲਾ ਕੀਤਾ। ਇਸ ਸਮੇਂ ਹੋਏ ਮੁਕਾਬਲੇ ਵਿਚ ਕਾਂਸਟੇਬਲ ਯਾਸ਼ੀਨ ਖਾਨ ਮਾਰਿਆ ਗਿਆ ਜਦ ਕਿ ਹੈਡ ਕਾਂਸਟੇਬਲ ਆਰ. ਐਨ. ਤਿਵਾੜੀ ਅਤੇ ਕਾਂਸਟੇਬਲ ਅਕਬਰ ਖਾਨ ਤੇ ਪਾਤ ਰਾਮ ਜ਼ਖਮੀ ਹੋਏ।

ਇਸੇ ਜ਼ਿਲੇ ਦੇ ਸੁਭਾਸ਼ਪੁਰਾ ਪਿੰਡ ਵਿਚ ਇਕ ਲੁਟੇਰਾ ਕੇਵਲ ਸਿੰਘ ਅਤੇ ਇਕ ਹੋਰ ਵਿਅਕਤੀ ਗੁਰਦੀਪ ਸਿੰਘ ਦੁਵੱਲੀ ਫਾਇਰਿੰਗ ਵਿਚ ਮਾਰੇ ਗਏ।

ਰੋਪੜ ਜ਼ਿਲੇ ਦੇ ਪਿੰਡ ਮਲਿਕਪੁਰ ਵਿਖੇ ਅਣਪਛਾਤੇ ਬੰਦਿਆਂ ਨੇ ਗੁਰਦੇਵ ਸਿੰਘ ਦੀ ਹੱਤਿਆ ਕਰ ਦਿੱਤੀ। ਗੁਰਦਾਸਪੁਰ ਵਿਖੇ ਵੀਰਵਾਰ ਨੂੰ ਜ਼ਖਮੀ ਹੋਇਆ ਬੋਧਰਾਜ ਕੱਲ੍ਹ ਦਮ ਤੋੜ ਗਿਆ।

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਪੁਲ ਕੰਜਰੀ ਨੇੜੇ ਸੁਰੱਖਿਆ ਦਸਤਿਆਂ ਨਾਲ ਮੁਕਾਬਲੇ ਵਿਚ ਪਾਕਿਸਤਾਨ ਤੋਂ ਆ ਰਿਹਾ ਇਕ ਘੁਸਪੈਠੀਆ ਮਾਰਿਆ ਗਿਆ।

ਲੁਧਿਆਣਾ - ਧੂਰੀ ਲਾਈਨ 'ਤੇ ਕਿਲਾ ਰਾਏਪੁਰ ਤੇ ਮੰਡੀ ਅਹਿਮਦਗੜ੍ਹ ਸਟੇਸ਼ਨਾਂ ਵਿਚਕਾਰ ਘੁੰਗਰਾਣਾ ਨੇੜੇ ਰੇਲਵੇ ਲਾਈਨ ਉਡਾ ਦਿੱਤੀ। ਇਸ ਧਮਾਕੇ ਤੋਂ ਇਕ ਮਿੰਟ ਪਹਿਲਾਂ ਹੀ ਉਥੋਂ ਮਾਲ ਗੱਡੀ ਲੰਘੀ ਸੀ।

ਰੇਲਵੇ ਸੂਤਰਾਂ ਅਨੁਸਾਰ ਦਹਿਸ਼ਤਗਰਦਾਂ ਨੇ ਇਹ ਧਮਾਕਾ ਮੂਰੀ ਐਕਸਪ੍ਰੈਸ ਨੂੰ ਉਡਾ ਦੇਣ ਦੇ ਭੁਲੇਖੇ ਵਿਚ ਕੀਤਾ। ਉਨ੍ਹਾਂ ਇਸ ਦੇ ਲਈ 30 ਮੀਟਰ ਲੰਬੀ ਫਿਊਜ਼ਤਾਰ ਦੀ ਵਰਤੋਂ ਕੀਤੀ।

ਜਲੰਧਰ ਜ਼ਿਲੇ ਦੇ ਪਿੰਡ ਤੇਂਗ ਵਿਚ ਸੁਰੱਖਿਆ ਦਸਤਿਆਂ ਨੇ ਇਕ ਮੁਕਾਬਲੇ ਵਿਚ ਬਲਜੀਤ ਸਿੰਘ ਬੱਲੀ, ਕੁਲਵਿੰਦਰ ਸਿੰਘ ਕਿੰਦਾ, ਕੁਲਵਿੰਦਰ ਉਰਫ ਹੈਪੀ, ਹਰਵਿੰਦਰ ਸਿੰਘ ਤੇ ਗੁਰਚੇਤਨ ਸਿੰਘ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਪਾਸੋਂ ਇਕ ਏ. ਕੇ. - 47 ਰਫਲ, ਇਕ .12 ਬੋਰ ਦੀ ਬੰਦੂਕ, ਇਕ ਰਿਵਾਲਵਰ ਤੇ 40 ਕਾਰਤੂਸ ਮਿਲੇ।

ਇਕ ਹੋਰ ਘਟਨਾ ਵਿਚ ਕੱਲ੍ਹ ਰਾਤ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਨੈਣਵਾਲ ਤੋਂ ਪੁਲੀਸ ਨੇ 6 ਦਹਿਸ਼ਤਪਸੰਦ ਗ੍ਰਿਫਤਾਰ ਕੀਤੇ। ਇਨ੍ਹਾਂ ਪਾਸੋਂ ਦੋ ਦੁਨਾਲੀਆਂ ਬੰਦੂਕਾਂ, ਦੋ .12 ਬੋਰ ਦੇ ਪਸਤੌਲ, ਦੋ ਸਕੂਟਰ ਤੇ ਕੁਝ ਕਾਰਤੂਸ ਬਰਾਮਦ ਹੋਏ। ਇਸੇ ਜ਼ਿਲੇ ਵਿਚ ਪੁਲੀਸ ਤੇ ਤਿੰਨ ਹੋਰ ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਤੇ ਉਨ੍ਹਾਂ ਪਾਸੋਂ 3 ਪਸਤੌਲ ਬਰਾਮਦ ਕੀਤੇ।

ਲੁਧਿਆਣਾ ਪੁਲੀਸ ਨੇ ਭਾਗ ਸਿੰਘ ਨੂੰ

(ਬਾਕੀ ਸਫਾ 8 ਕਾਲਮ 7)

ਲਛਮਣ ਸਿੰਘ ਗ੍ਰਿਫਤਾਰ

ਚੰਡੀਗੜ੍ਹ, 14 ਜਨਵਰੀ (ਯੂ. ਐਨ. ਆਈ.) – ਹਰਿਆਣਾ ਦੇ ਸਾਬਕਾ ਮੰਤਰੀ ਸ੍ਰੀ ਲਛਮਣ ਸਿੰਘ ਅਤੇ ਉਨ੍ਹਾਂ ਦੇ ਭਰਾ ਗੀਤਾ ਸਿੰਘ ਨੂੰ ਰਾਮਨਗਰ ਪਿੰਡ ਵਿਚ ਜੰਗਲਾਂ ਦੀ ਗੈਰਕਾਨੂੰਨੀ ਤਰੀਕੇ ਨਾਲ ਵਿਕਰੀ ਕਰਨ ਦੇ ਦੋਸ਼ ਵਿਚ ਅੱਜ ਸਵੇਰੇ ਗ੍ਰਿਫਤਾਰ ਕਰ ਲਿਆ ਗਿਆ।

ਇਸ ਸਬੰਧ ਵਿਚ ਰਾਮਨਗਰ ਦੇ ਦੋ ਪੰਚਾਇਤ ਮੈਂਬਰਾਂ ਸਮੇਤ ਤਿੰਨ ਹੋਰ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਦੇ ਨਾਂ ਸ੍ਰੀ ਗੁਰਮੇਲ ਸਿੰਘ, ਸ੍ਰੀ ਤੇਜਾ ਸਿੰਘ ਅਤੇ ਸ੍ਰੀ ਅਜੀਤ ਸਿੰਘ ਦੱਸੇ ਗਏ ਹਨ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪਿੰਜੌਰ ਪੁਲੀਸ ਨੇ ਇਨ੍ਹਾਂ ਵਿਰੁਧ ਧਾਰਾ 420, 469 ਅਤੇ 120 ਹੇਠ ਕੇਸ ਦਰਜ ਕੀਤੇ ਹਨ। ਬੁਲਾਰੇ ਨੇ ਦੱਸਿਆ ਕਿ ਗੈਰਕਾਨੂੰਨੀ ਤਰੀਕੇ ਨਾਲ ਕੱਟੀ ਹੋਈ 15 ਟਰੱਕ ਲੱਕੜੀ ਇਨ੍ਹਾਂ ਤੋਂ ਬਰਾਮਦ ਕੀਤੀ ਗਈ ਹੈ ਅਤੇ ਇਸ ਦੀ ਕੀਮਤ 3.5 ਲੱਖ ਰੁਪਏ ਬਣਦੀ ਹੈ।

ਸ੍ਰੀ ਲਛਮਣ ਸਿੰਘ ਨੂੰ ਥਾਣੇ ਵਿਚ 5000 ਰੁਪਏ ਦਾ ਜਾਤੀ ਮੁਚਲਕਾ ਪੇਸ਼ ਕਰਨ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਉਸ ਸਮੇਂ ਤਕ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਧੁੱਪ ਨਾਲ ਕੜਾਕੇ ਦੀ ਠੰਢ ਤੋਂ ਕੁਝ ਰਾਹਤ

ਚੰਡੀਗੜ੍ਹ, 14 ਜਨਵਰੀ (ਯੂ. ਐਨ. ਆਈ.) – ਅੱਜ ਲਗਾਤਾਰ ਛੇਵੇਂ ਦਿਨ ਚਮਕਦਾਰ ਸੂਰਜ ਦੀ ਧੁੱਪ ਪੈਣ ਕਾਰਨ ਪਿਛਲੇ ਪੰਦਰਾਂ ਦਿਨਾਂ ਤੋਂ ਪੈ ਰਹੀ ਕੜਾਕੇ ਦੀ ਠੰਢ ਤੋਂ ਲੋਕਾਂ ਨੇ ਕੁਝ ਰਾਹਤ ਮਹਿਸੂਸ ਕੀਤੀ ਹੈ। ਧੁੱਪ ਪੈਣ ਕਾਰਨ ਦਿਨ ਦੇ ਤਾਪਮਾਨ ਵਿਚ ਪਹਿਲਾਂ ਨਾਲੋਂ ਕੁਝ ਤੇਜ਼ੀ ਆਈ ਹੈ।

ਇਸ ਖੇਤਰ ਦੇ ਕੁਝ ਇਲਾਕਿਆਂ ਵਿਚ ਰਾਤ ਦਾ ਤਾਪਮਾਨ ਲਗਾਤਾਰ ਆਮ ਤਾਪਮਾਨ ਤੋਂ ਦੋ ਤੋਂ ਚਾਰ ਡਿਗਰੀ ਸੈਲਸੀਅਸ ਹੇਠ ਜਾ ਰਿਹਾ ਹੈ, ਜਿਸ ਨਾਲ ਸੂਰਜ ਛਿਪਣ ਤੋਂ ਪਿੱਛੋਂ ਕੜਾਕੇ ਦੀ ਠੰਢ ਪੈਣੀ ਸ਼ੁਰੂ ਹੋ ਜਾਂਦੀ ਹੈ।

ਸ੍ਰੀਨਗਰ ਵਿਚ ਲੋਕਾਂ ਨੂੰ ਰਾਤ ਮਨਫੀ ਤਿੰਨ ਡਿਗਰੀ ਤਾਪਮਾਨ ਵਿਚ ਗੁਜ਼ਾਰਨੀ ਪਈ ਜੋ ਆਮ ਨਾਲੋਂ ਇਕ ਡਿਗਰੀ ਘੱਟ ਸੀ। ਕੱਲ੍ਹ ਆਮ ਨਾਲੋਂ ਪੰਜ ਡਿਗਰੀ ਸੈਲਸੀਅਸ ਘੱਟ ਤਾਪਮਾਨ ਰਿਕਾਰਡ ਕੀਤਾ ਗਿਆ ਸੀ।

ਕਸ਼ਮੀਰ ਵਾਦੀ ਦੀਆਂ ਉਚੀਆਂ ਪਹਾੜੀ ਥਾਵਾਂ, ਲੱਦਾਖ, ਲੇਹ, ਦਰਾਸ, ਕਾਰਗਿਲ ਅਤੇ ਹੋਰ ਅਗਲੇ ਇਲਾਕਿਆਂ ਵਿਚ ਤਾਪਮਾਨ ਮਨਫੀ ਪੰਦਰਾਂ ਡਿਗਰੀ ਤਕ ਪਹੁੰਚ ਗਿਆ ਹੈ। ਲਾਹੌਲ ਸਪਿਤੀ ਅਤੇ ਕਿਨੌਰ ਦੇ ਕਬਾਇਲੀ ਜ਼ਿਲਿਆਂ ਵਿਚ ਰਹਿੰਦੇ ਲੋਕਾਂ ਨੂੰ, ਜਿਥੇ ਪਹਿਲਾਂ ਹੀ ਬਹੁਤ ਬਰਫਬਾਰੀ ਹੋਈ ਹੈ। ਰਹਿਣਾ ਬਹੁਤ ਮੁਸ਼ਕਲ ਬਣਿਆ ਹੋਇਆ ਹੈ, ਇਨ੍ਹਾਂ ਇਲਾਕਿਆਂ ਵਿਚ ਤਾਪਮਾਨ ਮਨਫੀ 15 ਤੋਂ 25 ਡਿਗਰੀ ਤਕ ਪਹੁੰਚ ਗਿਆ ਹੈ।

ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਇਕ ਹਫਤੇ ਦੀ ਬਾਰਸ਼ ਅਤੇ ਬਰਫਬਾਰੀ ਤੋਂ ਬਾਅਦ ਸ਼ਿਮਲੇ ਦਾ ਤਾਪਮਾਨ ਜ਼ੀਰੋ ਤੋਂ ਹੇਠਾਂ 1.2 ਡਿਗਰੀ ਤਕ ਪਹੁੰਚ ਗਿਆ ਹੈ।

ਪਿਛਲੇ ਹਫਤੇ ਰੋਹਤਾਂਗ ਅਤੇ ਇਸ ਦੇ ਆਸਪਾਸ ਦੇ ਪਹਾੜਾਂ 'ਤੇ ਪਈ ਭਾਰੀ ਬਰਫ ਕਾਰਨ ਪੂਰੀ ਕੁਲੂ ਵਾਦੀ ਭਿਆਨਕ ਠੰਢ ਦੀ ਜਕੜ ਵਿਚ ਆਈ ਹੋਈ ਹੈ। ਭੁੰਤਰ ਵਿਚ ਮਨਫੀ ਇਕ ਡਿਗਰੀ ਤਾਪਮਾਨ ਰਿਕਾਰਡ ਕੀਤਾ ਗਿਆ। ਕੱਲ੍ਹ ਇਥੇ ਮਨਫੀ 2 ਡਿਗਰੀ ਤਾਪਮਾਨ ਰਿਕਾਰਡ ਕੀਤਾ ਗਿਆ ਸੀ।

ਮੌਸਮ ਵਿਭਾਗ ਦੀ ਜਾਣਕਾਰੀ ਅਨੁਸਾਰ ਜੰਮੂ-ਕਸ਼ਮੀਰ ਦੀਆਂ ਕੁਝ ਥਾਵਾਂ 'ਤੇ ਬਰਫ ਤੇ ਮੀਂਹ ਪੈਣ ਦੀਆਂ ਸੰਭਾਵਨਾਵਾਂ ਹਨ। ਅੰਡੇਮਾਨ, ਨਿਕੋਬਾਰ ਟਾਪੂਆਂ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲਾ ਅਤੇ ਲਕਸ਼ਦੀਪ ਵਿਚ ਵੀ ਮੀਂਹ ਪੈਣ ਦੀ ਸੰਭਾਵਨਾ ਹੈ ਜਦ ਕਿ ਦੇਸ਼ ਦੇ ਬਾਕੀ ਹਿੱਸਿਆਂ ਵਿਚ ਖੁਸ਼ਕੀ ਵਾਲਾ ਮੌਸਮ ਬਣੇ ਰਹਿਣ ਦੀ ਸੰਭਾਵਨਾ ਹੈ।

ਧੌਲਾਧਾਰ ਦੀਆਂ ਪਹਾੜੀਆਂ ਅਤੇ ਕਾਂਗੜਾ ਵਾਦੀ 'ਤੇ ਮੌਸਮ ਧੁੰਦਲਕੇ ਵਾਲਾ ਬਣਿਆ ਹੋਇਆ ਹੈ ਜਿਸ ਤੋਂ ਬਰਫ ਪੈਣ ਦੀ ਸੰਭਾਵਨਾ ਹੈ।

ਮੈਦਾਨਾਂ ਵਿਚ ਅੰਮ੍ਰਿਤਸਰ ਸਭ ਤੋਂ ਠੰਢਾ ਸਥਾਨ ਰਿਹਾ ਜਿਥੇ 0.4 ਡਿਗਰੀ ਤਾਪਮਾਨ

(ਬਾਕੀ ਸਫਾ 8 ਕਾਲਮ 2)

ਕਾਂਗਰਸ ਦੇਸ਼ ਨੂੰ ਵੇਚ ਰਹੀ ਹੈ – ਰਾਮਾਰਾਓ

ਮਦਰਾਸ, 14 ਜਨਵਰੀ (ਯੂ. ਐਨ. ਆਈ.) – ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਰਾਮਾਰਾਓ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਵਿਰੋਧੀ ਪਾਰਟੀਆਂ ਵਿਰੁਧ ਸ਼ੁਰੂ ਕੀਤੇ ਗਏ ਪ੍ਰਚਾਰ ਦਾ ਗੰਭੀਰ ਨੋਟਿਸ ਲੈਂਦਿਆਂ ਕਾਂਗਰਸ ਉਤੇ ਦੇਸ਼ ਨੂੰ ਵੇਚਣ ਅਤੇ ਕੌਮੀ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਦਾ ਦੋਸ਼ ਲਾਇਆ ਹੈ।

ਤਾਮਿਲਨਾਡੂ ਵਿਧਾਨ ਸਭਾ ਲਈ ਹੋਣ ਵਾਲੀਆਂ ਚੋਣਾਂ ਵਿਚ ਕੌਮੀ ਫਰੰਟ ਦੀ ਚੋਣ ਮੁਹਿੰਮ ਦਾ ਸ੍ਰੀਗਣੇਸ਼ ਕਰਦਿਆਂ ਸ੍ਰੀ ਰਾਮਾਰਾਓ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਵਿਰੋਧੀ ਨੇਤਾਵਾਂ ਵਿਰੁਧ ਵਰਤੀ ਜਾ ਰਹੀ 'ਗਾਲੀ ਗਲੋਚ' ਵਾਲੀ ਭਾਸ਼ਾ ਨੂੰ ਹੁਣ ਹੋਰ ਸਮੇਂ ਲਈ ਚੁੱਪ ਕਰ ਕੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਤਾ ਹੁਣ ਕਾਫੀ ਸਿਆਣੀ ਅਤੇ ਚੌਕਸ ਹੋ ਚੁੱਕੀ ਹੈ ਅਤੇ ਉਹ ਪ੍ਰਧਾਨ ਮੰਤਰੀ ਵਲੋਂ ਕੀਤੇ ਜਾ ਰਹੇ ਵਾਅਦਿਆਂ ਨੂੰ ਨਜ਼ਰਅੰਦਾਜ਼ ਕਰ ਦੇਵੇਗੀ।

ਸ੍ਰੀ ਰਾਮਾਰਾਓ ਨੇ ਕਿਹਾ ਕਿ ਆਂਧਰਾ ਦੇ ਲੋਕਾਂ ਨੇ ਕਾਂਗਰਸ ਨੂੰ ਕੀੜਿਆਂ ਵਾਂਗ ਪਾਸੇ ਸੁੱਟ ਦਿੱਤਾ ਹੈ ਜਦ ਕਿ ਤਾਮਿਲਨਾਡੂ ਦੇ ਲੋਕ ਤਾਂ ਇਸ ਨੂੰ ਦੋ ਦਹਾਕੇ ਪਹਿਲਾਂ ਹੀ ਠੁਕਰਾ ਚੁੱਕੇ ਹਨ ਅਤੇ ਉਹ ਹੁਣ ਇਸ ਨੂੰ ਮੁੜ ਪੈਰ ਜਮਾਉਣ ਦਾ ਮੌਕਾ ਨਹੀਂ ਦੇਣਗੇ।

ਚੇਤੰਨਯਾ ਰੱਥ ਤੋਂ ਚੋਣ ਪ੍ਰਚਾਰ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸੀਆਂ ਵਾਂਗ ਅਸੀਂ ਆਪਣੇ ਲਈ ਕੁਰਸੀਆਂ ਨਹੀਂ ਚਾਹੁੰਦੇ ਪਰ ਅਸੀਂ ਤਾਂ ਲੋਕਾਂ ਦੀ ਸੇਵਾ ਲਈ ਅੱਗੇ ਆਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਜ਼ਰਾ ਭੂਤ ਕਾਲ ਉਤੇ ਨਜ਼ਰ ਮਾਰਨ ਅਤੇ ਵੇਖਣ ਕਿ ਉਨ੍ਹਾਂ ਨੇ ਗਾਂਧੀ ਦੀ ਕਾਂਗਰਸ ਨੂੰ ਕੀ ਤੋਂ ਕੀ ਬਣਾ ਕੇ ਰੱਖ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਰਾਜੀਵ ਗਾਂਧੀ ਦੀ ਕਾਂਗਰਸ ਹੁਣ ਤਕ ਦਰਾਵੜ ਪਾਰਟੀਆਂ ਨਾਲ ਸਾਂਝੇਦਾਰੀ ਰੱਖਦੀ ਆਈ ਹੈ ਅਤੇ ਹੁਣ ਉਹ ਉਨ੍ਹਾਂ ਦੀ ਕਿਸ ਮੂੰਹ ਨਾਲ ਨਿੰਦਿਆ ਕਰ ਰਹੇ ਹਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਲੋਕ ਕਾਂਗਰਸ ਨੂੰ ਚੰਗਾ ਸਬਕ ਸਿਖਾਉਣਗੇ।

ਸ੍ਰੀ ਰਾਮਾਰਾਓ ਨੇ ਕਿਹਾ ਕਿ ਆਂਧਰਾ ਵਿਚ ਹੋਏ ਦੰਗਿਆਂ ਪਿੱਛੇ ਕਾਂਗਰਸ ਦਾ ਹੱਥ ਸੀ ਅਤੇ

(ਬਾਕੀ ਸਫਾ 8 ਕਾਲਮ 1)

ਬੱਸ-ਗੱਡੀ ਦੀ ਟੱਕਰ: 2 ਮੌਤਾਂ – 8 ਜ਼ਖਮੀ

ਜਲੰਧਰ, 14 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਅੱਜ ਸਵੇਰੇ ਬੱਸ ਅਤੇ ਰੇਲ ਗੱਡੀ ਦੀ ਟੱਕਰ ਹੋਣ ਨਾਲ 2 ਮੌਤਾਂ ਹੋਈਆਂ ਤੇ ਹੋਰ 8 ਜ਼ਖਮੀ ਹੋ ਗਏ। ਇਹ ਦੁਰਘਟਨਾ ਇਥੋਂ 22 ਕਿਲੋਮੀਟਰ ਦੂਰ ਪਿੰਡ ਪੰਡੋਰੀ ਰਾਜਪੂਤਾਂ ਨੇੜੇ ਇਕ ਖੁੱਲ੍ਹੇ ਫਾਟਕ 'ਤੇ ਵਾਪਰੀ।

ਮ੍ਰਿਤਕਾਂ ਦੇ ਨਾਂ ਪਰਮਜੀਤ ਕੌਰ (21) ਤੇ ਹਰਜੱਸ ਸਿੰਘ (ਬੱਸ ਕੰਡਕਟਰ) ਸੀ।

ਇਥੇ ਸਿਵਲ ਹਸਪਤਾਲ ਵਿਚ ਜਿਹੜੇ ਜ਼ਖਮੀਆਂ ਨੂੰ ਦਾਖਲ ਕਰਾਇਆ ਗਿਆ, ਉਨ੍ਹਾਂ ਦੇ ਨਾਂ ਇਹ ਹਨ: ਨਛੱਤਰ ਕੌਰ (45), ਸਤਨਾਮ ਸਿੰਘ, ਮੰਗਾ, ਪਿਆਰਾ ਸਿੰਘ ਬੱਸ ਡਰਾਈਵਰ, ਬਲਵਿੰਦਰ ਸਿੰਘ ਤੇ ਰਛਪਾਲ ਸਿੰਘ। ਇਨ੍ਹਾਂ ਵਿਚੋਂ ਮ੍ਰਿਤਕਾ ਪਰਮਜੀਤ ਕੌਰ ਦੀ ਮਾਤਾ ਨਛੱਤਰ ਕੌਰ ਤੇ ਇਕ ਹੋਰ ਰਛਪਾਲ ਸਿੰਘ ਦੀ ਹਾਲਤ ਗੰਭੀਰ ਹੈ।

ਪਿੰਡ ਦੇ ਲੋਕਾਂ ਨੇ ਦੱਸਿਆ ਕਿ ਗੱਡੀ ਇਕ ਕਿਲੋਮੀਟਰ ਤਕ ਬੱਸ ਨੂੰ ਧੂਹ ਕੇ ਲੈ ਗਈ ਤੇ ਸੰਘਣੀ ਧੁੰਦ ਕਾਰਨ ਇਹ ਹਾਦਸਾ ਹੋਇਆ।

64 ਗੁਰੀਲੇ ਹਲਾਕ

ਲੁਆਂਡਾ, 14 ਜਨਵਰੀ, (ਪੁਲ) – ਅੰਗੋਲਾ ਦੇ ਸਰਕਾਰੀ ਸੈਨਿਕਾਂ ਵਲੋਂ ਬੀਤੇ ਹਫਤੇ ਬਾਗੀਆਂ ਵਿਰੁਧ ਕੀਤੀ ਗਈ ਕਾਰਵਾਈ ਵਿਚ ਦੱਖਣੀ ਅਫਰੀਕਾ ਦੀ ਹਮਾਇਤ ਪ੍ਰਾਪਤ ਜਥੇਬੰਦੀ ਯੂਨੀਤਾ ਮੂਵਮੈਂਟ ਦੇ ਘੱਟੋ ਘੱਟ 64 ਮੈਂਬਰ ਮਾਰੇ ਗਏ। 45 ਹੋਰ ਬਾਗੀਆਂ ਵਲੋਂ ਆਤਮ ਸਮਰਪਣ ਕਰ ਦਿੱਤਾ ਗਿਆ।

ਦੇਸ਼-ਵਿਦੇਸ਼ 'ਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ

ਨਵੀਂ ਦਿੱਲੀ, 14 ਜਨਵਰੀ (ਯੂ. ਐਨ. ਆਈ.) – ਦੇਸ਼-ਵਿਦੇਸ਼ ਵਿਚ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਰਾਜਧਾਨੀ ਵਿਚ ਇਤਿਹਾਸਕ ਗੁਰਦੁਆਰਾ ਰਕਾਬਗੰਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਆਰੰਭ ਹੋਇਆ ਜੋ ਕਿ ਵਾਪਸ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਜਾ ਕੇ ਸਮਾਪਤ ਹੋਇਆ। ਜਲੂਸ ਦੇ ਲਈ ਦਿੱਲੀ ਪੁਲੀਸ ਵਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਗੁਰਦੁਆਰਾ ਰਕਾਬਗੰਜ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੀਵਾਨ ਸਜਾਇਆ ਗਿਆ ਜਿਸ ਵਿਚ ਉਘੇ ਰਾਗੀ ਢਾਡੀ ਜਥਿਆਂ ਨੇ ਕੀਰਤਨ ਕੀਤਾ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਹਰਚਰਨ ਸਿੰਘ, ਸਾਬਕਾ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਐਮ. ਪੀ.; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਕਲਕੱਤਾ, ਬੀਬੀ ਨਿਰਲੇਪ ਕੌਰ, ਜਥੇਦਾਰ ਅਵਤਾਰ ਸਿੰਘ ਹਿੱਤ, ਪ੍ਰੋ. ਜੋਗਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਦੀਵਾਨ ਵਿਚ ਤਕਰੀਰਾਂ ਕੀਤੀਆਂ। ਸਾਰੇ ਬੁਲਾਰਿਆਂ ਨੇ ਸ੍ਰੀ ਗੁਰੂ ਗੋਬਿੰਦ ਦੇ ਸਿੱਖ ਆਦਰਸ਼ਾਂ 'ਤੇ ਚਲਣ ਦੀ ਪ੍ਰੇਰਨਾ ਦਿੱਤੀ। ਗੁਰਦੁਆਰਿਆਂ 'ਚ ਗੁਰੂ ਦਾ ਲੰਗਰ ਅਤੁੱਟ ਵਰਤਿਆ।

ਕੜਾਕੇ ਦੀ ਸਰਦੀ ਦੀ ਪ੍ਰਵਾਹ ਨਾ ਕਰਦਿਆਂ ਭਾਰੀ ਗਿਣਤੀ ਵਿਚ ਔਰਤਾਂ, ਮਰਦਾਂ ਤੇ ਬੱਚਿਆਂ ਨੇ ਗੁਰਦੁਆਰਿਆਂ ਵਿਚ ਸਵੇਰ ਸਾਰ ਜਾ ਕੇ ਇਨ੍ਹਾਂ ਨਾਲ ਜੁੜੇ ਸਰੋਵਰਾਂ ਵਿਚ ਇਸ਼ਨਾਨ ਕੀਤੇ ਅਤੇ ਗੁਰਬਾਣੀ ਦਾ ਪਾਠ ਤੇ ਕੀਰਤਨ ਬੜੀ ਸ਼ਰਧਾ ਨਾਲ ਸੁਣਿਆ।

ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚ ਵੀ ਧੂਮਧਾਮ ਤੇ ਸ਼ਰਧਾ ਨਾਲ ਗੁਰਪੁਰਬ ਮਨਾਏ ਜਾਣ ਦੀਆਂ ਸੂਚਨਾਵਾਂ ਹਨ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਦਮਦਮਾ ਸਾਹਿਬ, ਤਲਵੰਡੀ ਸਾਬੋ, ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਭਾਰੀ ਦੀਵਾਨ ਸਜੇ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਮੁਕਤਸਰ, ਨਾਨਕਸਰ ਅਤੇ ਤਖਤਪੁਰ ਦੇ ਸਰੋਵਰਾਂ ਵਿਚ ਲੱਖਾਂ ਲੋਕਾਂ ਨੇ ਇਸ਼ਨਾਨ ਕੀਤੇ। ਚੰਡੀਗੜ੍ਹ ਦੇ ਗੁਰਦੁਆਰਿਆਂ ਵਿਚ ਵੀ ਭਾਰੀ ਦੀਵਾਨ ਸਜੇ ਅਤੇ ਗੁਰੂ ਕੇ ਲੰਗਰ

(ਬਾਕੀ ਸਫਾ 8 ਕਾਲਮ 3)

ਦੋ ਇੰਜੀਨੀਅਰ ਗ੍ਰਿਫਤਾਰ ਕੀਤੇ ਜਾਣ 'ਤੇ ਅਣਮਿਥੇ ਸਮੇਂ ਲਈ ਕੰਮ ਠੱਪ

ਰੋਪੜ, 14 ਜਨਵਰੀ, (ਵਿਸ਼ੇਸ਼ ਪ੍ਰਤੀਨਿਧ) – ਪੰਜਾਬ ਸਿੰਚਾਈ ਵਿਭਾਗ ਦੇ ਮੁਕੇਰੀਆਂ ਹਾਈਡਲ ਪ੍ਰੋਜੈਕਟ 'ਤੇ ਕੰਮ ਕਰਦੇ ਇੰਜੀਨੀਅਰਾਂ ਨੇ ਦੋ ਜੂਨੀਅਰ ਇੰਜੀਨੀਅਰਾਂ ਨੂੰ ਪੁਲੀਸ ਵਲੋਂ ਗ੍ਰਿਫਤਾਰ ਕੀਤੇ ਜਾਣ ਵਿਰੁਧ ਰੋਸ ਪ੍ਰਗਟ ਕਰਨ ਲਈ ਪ੍ਰੋਜੈਕਟ 'ਤੇ ਕੰਮ ਕਾਜ ਅਣਮਿਥੇ ਸਮੇਂ ਲਈ ਠੱਪ ਕਰ ਦਿੱਤਾ ਹੈ।

ਅੱਜ ਇਥੇ ਜਾਰੀ ਕੀਤੇ ਗਏ ਪ੍ਰੈਸ ਬਿਆਨ ਵਿਚ ਟੈਂਪਰੇਰੀ ਇੰਜੀਨੀਅਰ ਐਸੋਸੀਏਸ਼ਨ (ਤਲਵਾੜਾ ਜ਼ੋਨ) ਦੇ ਪ੍ਰਧਾਨ ਸ੍ਰੀ ਜਰਨੈਲ ਸਿੰਘ ਅਤੇ ਪੰਜਾਬ ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਹੈ ਕਿ ਜੂਨੀਅਰ ਇੰਜੀਨੀਅਰ ਨੂੰ ਵਿਜੀਲੈਂਸ ਪੁਲੀਸ ਨੇ ਕਥਿਤ ਤੌਰ 'ਤੇ ਅਗਵਾ ਕਰ ਕੇ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਅਤੇ ਤਸੀਹੇ ਦਿੱਤੇ।

ਇਸ ਸਬੰਧ ਵਿਚ ਇੰਜੀਨੀਅਰਾਂ ਨੇ ਕੱਲ੍ਹ ਪ੍ਰੋਜੈਕਟ 'ਤੇ ਇਕ ਰੈਲੀ ਕੀਤੀ ਜਿਸ ਵਿਚ ਨਿਗਰਾਨ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ ਤੋਂ ਇਲਾਵਾ ਦੂਸਰੇ ਵਰਗਾਂ ਦੇ ਇੰਜੀਨੀਅਰ ਵੀ ਸ਼ਾਮਲ ਹੋਏ। ਰੈਲੀ ਨੂੰ ਸੰਬੋਧਨ ਕਰਦੇ ਹੋਏ ਇੰਜੀਨੀਅਰ ਆਗੂਆਂ ਨੇ ਕਿਹਾ ਕਿ ਉਹ ਉਨੀ ਦੇਰ ਕੰਮ ਕਾਜ ਠੱਪ ਰੱਖਣਗੇ ਜਦੋਂ ਤਕ ਜੂਨੀਅਰ ਇੰਜੀਨੀਅਰਾਂ ਵਿਰੁਧ ਦਰਜ ਕੀਤੇ ਕੇਸ ਵਾਪਸ ਨਹੀਂ ਲਏ ਜਾਂਦੇ।

ਇੰਜੀਨੀਅਰਾਂ ਨੇ ਮੰਗ ਕੀਤੀ ਕਿ ਇਹ ਕੇਸ ਵਿਜੀਲੈਂਸ ਤੋਂ ਤੁਰੰਤ ਵਾਪਸ ਕਰਵਾਏ ਜਾਣ ਤੇ ਵਿਭਾਗੀ ਜਾਂਚ ਕਰਵਾਈ ਜਾਵੇ।

ਇਸੇ ਦੌਰਾਨ ਪੰਜਾਬ ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ (ਸਿੰਚਾਈ ਵਿਭਾਗ) ਨੇ ਕਿਹਾ ਹੈ ਕਿ ਜੇਕਰ ਪੁਲੀਸ ਨੇ ਜੂਨੀਅਰ ਇੰਜੀਨੀਅਰਾਂ ਨੂੰ ਤੰਗ ਕਰਨਾ ਨਾ ਛੱਡਿਆ ਤਾਂ ਐਸੋਸੀਏਸ਼ਨ ਸਖਤ ਕਦਮ ਚੁੱਕਣ ਲਈ ਮਜਬੂਰ ਹੋਵੇਗੀ।

ਬੱਸ ਹਾਦਸੇ 'ਚ 9 ਮਰੇ–27 ਫੱਟੜ

ਅਹਿਮਦਾਬਾਦ, 14 ਜਨਵਰੀ (ਪੀ. ਟੀ. ਆਈ.) – ਅੱਜ ਸਵੇਰੇ ਪੰਚਮਹਲ ਜ਼ਿਲੇ ਵਿਚ ਅਨੰਦਪੁਰਾ ਨੇੜੇ ਇਕ ਸਰਕਾਰੀ ਬੱਸ ਦੇ ਇਕ ਖੜ੍ਹੇ ਟਰੱਕ ਵਿਚ ਜਾ ਵਜਣ ਕਾਰਨ 9 ਵਿਅਕਤੀ ਮਾਰੇ ਗਏ ਅਤੇ 27 ਹੋਰ ਫੱਟੜ ਹੋ ਗਏ।

ਇਥੇ ਪੁੱਜੀਆਂ ਰਿਪੋਰਟਾਂ ਅਨੁਸਾਰ ਇਹ ਬੱਸ ਬੜੌਦਾ ਤੋਂ ਲੌਦੜਾ ਨੂੰ ਜਾ ਰਹੀ ਸੀ।

ਕੁੰਭ ਮੇਲਾ : ਲੱਖਾਂ ਸ਼ਰਧਾਲੂਆਂ ਵਲੋਂ ਇਸ਼ਨਾਨ

ਕੁੰਭਨਗਰ (ਅਲਾਹਾਬਾਦ), 14 ਜਨਵਰੀ (ਪੀ. ਟੀ. ਆਈ.) – ਅੱਜ ਕੁੰਭ ਮੇਲਾ ਸ਼ੁਰੂ ਹੋਇਆ ਅਤੇ ਸਵੇਰ ਸਮੇਂ ਗੰਗਾ - ਜਮੁਨਾ - ਸਰਸਵਤੀ ਦੇ ਸੰਗਮ 'ਤੇ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ।

ਦੇਸ਼ ਦੇ ਵੱਖ ਵੱਖ ਕੋਨਿਆਂ ਤੋਂ ਲੱਖਾਂ ਦੀ ਗਿਣਤੀ ਵਿਚ ਸਾਧੂ, ਨਾਂਗੇ ਅਤੇ ਹੋਰ ਸ਼ਰਧਾਲੂ ਪੁੱਜ ਚੁੱਕੇ ਹਨ ਅਤੇ ਨਦੀ ਦੇ ਦੋਹੀਂ ਪਾਸੀਂ 3600 ਏਕੜ ਖੇਤਰ 'ਚ ਫੈਲੇ ਕੁੰਭਨਗਰ 'ਚ ਟਿਕੇ ਹੋਏ ਹਨ। ਉਹ ਸਭ ਇਸ਼ਨਾਨ ਕਰਨ ਲਈ ਪੁੱਜੇ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਜ ਸਵੇਰੇ 50 ਲੱਖ ਦੇ ਕਰੀਬ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ।

ਸਭ ਤੋਂ ਪਹਿਲਾਂ ਤੜਕੇ ਢਾਈ ਵਜੇ ਦੇ ਕਰੀਬ "ਸ਼ਾਹੀ ਅਖਾੜਾ" ਦੇ ਸਾਧੂਆਂ ਨੇ ਚੁੱਭੀ ਲਾਈ। ਇਸ ਮੌਕੇ 'ਤੇ ਕਰੜੇ ਸੁਰੱਖਿਆ ਪ੍ਰਬੰਧ ਸਨ।

ਹਥਿਆਰਬੰਦ ਪੁਲੀਸ ਮੁਲਾਜ਼ਮ ਟਾਵਰਾਂ ਤੋਂ ਲਗਾਤਾਰ ਪੂਰੇ ਖੇਤਰ 'ਤੇ ਨਜ਼ਰ ਰੱਖ ਰਹੇ ਹਨ। ਪੁਲੀਸ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਵਾਲੰਟੀਅਰਾਂ ਨੂੰ ਭੀੜ ਉਪਰ ਕਾਬੂ ਰੱਖਣ 'ਚ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ।

'ਸ਼ਾਹੀ ਅਖਾੜਾ' ਸਾਧੂਆਂ ਵਲੋਂ ਇਸ਼ਨਾਨ ਕਰਨ ਉਪਰੰਤ ਹੋਰਨਾਂ ਅਖਾੜਿਆਂ ਦੇ ਮੈਂਬਰਾਂ ਨੂੰ ਵਾਰੀ-ਵਾਰੀ ਸਿਰ ਸੰਗਮ 'ਤੇ ਚੁੱਭੀ ਲਾਉਣ ਦੀ ਖੁੱਲ੍ਹ ਦਿੱਤੀ ਗਈ।

ਵੱਖ ਵੱਖ ਫਿਰਕਿਆਂ ਦੇ ਮੈਂਬਰਾਂ ਨੂੰ ਆਪਣੇ ਕੈਂਪਾਂ ਤੋਂ ਸੰਗਮ ਤਕ ਪੁੱਜਣ ਲਈ ਲਗਪਗ ਡੇਢ ਕਿਲੋਮੀਟਰ ਪੈਂਡਾ ਤੈਅ ਕਰਨਾ ਪਿਆ। ਉਨ੍ਹਾਂ ਆਪੋ-ਆਪਣੇ ਜਲੂਸਾਂ ਅੱਗੇ ਬੈਂਡ-ਵਾਜਿਆਂ ਦਾ ਪ੍ਰਬੰਧ ਕੀਤਾ ਹੋਇਆ ਸੀ।

ਅਜੇ ਕਿਧਰੇ ਕੋਈ ਮਾੜੀ ਘਟਨਾ ਵਾਪਰਨ ਦੀ ਸੂਚਨਾ ਨਹੀਂ ਮਿਲੀ। 6 ਫਰਵਰੀ (ਅਮਾਵਸ) ਨੂੰ ਇਸ਼ਨਾਨ ਵਜੋਂ ਵਿਸ਼ੇਸ਼ ਮਹੱਤਤਾ ਵਾਲਾ ਦਿਨ ਸਮਝਿਆ ਜਾਂਦਾ ਹੈ, ਇਸ ਲਈ ਉਸ ਦਿਨ 15 ਲੱਖ ਤੋਂ ਵੱਧ ਸ਼ਰਧਾਲੂਆਂ ਦੇ ਚੁੱਭੀ ਲਾਉਣ ਦੀ ਸੰਭਾਵਨਾ ਹੈ। 6 ਮਾਰਚ ਨੂੰ ਮਹਾਂਸ਼ਿਵਰਾਤਰੀ ਹੈ ਤੇ ਉਸ ਦਿਨ ਕੁੰਭ ਮੇਲਾ ਸਮਾਪਤ ਹੋਵੇਗਾ।

ਇਸ ਸਮੇਂ 11 ਹਜ਼ਾਰ ਦੇ ਕਰੀਬ ਪੁਲੀਸ ਜਵਾਨ ਕੁੰਭ ਮੇਲੇ ਲਈ ਤਾਇਨਾਤ ਹਨ। ਅਗਲੇ ਦਿਨਾਂ 'ਚ ਇਹ ਗਿਣਤੀ ਹੋਰ ਵੱਧ ਹੋ ਜਾਵੇਗੀ। ਕਮਾਂਡੋਜ਼ ਵੀ ਤਾਇਨਾਤ ਹਨ। ਸੂਹੀਆ ਕੁੱਤੇ ਵੀ ਇਥੇ ਲਿਆਂਦੇ ਹੋਏ ਹਨ।

ਗੰਗਾ, ਹੁਣ ਦੋ ਸਾਲ ਪਹਿਲਾਂ ਜਿਤਨੀ ਦੂਸ਼ਿਤ ਨਹੀਂ ਹੈ ਕਿਉਂ ਜੋ 'ਗੰਗਾ ਐਕਸ਼ਨ ਪਲੈਨ' ਅਧੀਨ ਕਾਫੀ ਕਦਮ ਚੁੱਕੇ ਗਏ ਹਨ।

ਵਾਰਾਨਸੀ ਤੋਂ ਮਿਲੀ ਰਿਪੋਰਟ ਅਨੁਸਾਰ ਵਾਰਾਨਸੀ ਦੇ ਹਜ਼ਾਰਾਂ ਲੋਕਾਂ ਅਤੇ ਗੁਆਂਢੀ ਜ਼ਿਲਿਆਂ ਦੇ ਬਹੁਤ ਸਾਰੇ ਸ਼ਰਧਾਲੂਆਂ ਨੇ ਅੱਜ ਗੰਗਾ ਵਿਚ ਇਸ਼ਨਾਨ ਕੀਤਾ।

ਅੰਤਾਂ ਦੀ ਠੰਢ ਦੇ ਬਾਵਜੂਦ ਕਈ ਸ਼ਰਧਾਲੂਆਂ ਨੇ ਰੇਤ ਉਪਰ ਹੀ ਰਾਤ ਬਿਤਾਈ।

ਇਸ ਮੇਲੇ ਵਿਚ ਪੁੱਜਣ ਵਾਲੀਆਂ ਉਚ ਹਸਤੀਆਂ 'ਚ ਪੱਛਮੀ ਬੰਗਾਲ ਦੇ ਕਾਨੂੰਨ ਮੰਤਰੀ ਅਬਦੁਲ ਕੁਇਆਮ ਮੋਲਾ, ਖੇਡ ਮੰਤਰੀ ਸੁਭਾਸ਼ ਚਕਰਵਰਤੀ ਅਤੇ ਕਲਕੱਤਾ ਦੇ ਮੇਅਰ ਕਮਲ ਬਾਸੂ ਸ਼ਾਮਲ ਹਨ।

ਬੀਤੀ ਰਾਤ ਜ਼ੋਰਦਾਰ ਠੰਢ ਕਾਰਨ ਇਕ ਬਜ਼ੁਰਗ ਸ਼ਰਧਾਲੂ ਚਲ ਵਸਿਆ ਜਦ ਕਿ ਹੋਰ 15 ਬੀਮਾਰ ਹੋ ਗਏ। ਇਕ ਹੋਰ ਸ਼ਰਧਾਲੂ ਦੀ ਵੀ ਉਲਟੀਆਂ ਕਾਰਨ ਮੌਤ ਹੋ ਗਈ।

ਮੇਲੇ ਵਿਚ ਕੁਝ ਹੋਰ ਘਟਨਾਵਾਂ ਵੀ ਵਾਪਰੀਆਂ। ਸਰਸਵਤੀ ਘਾਟ ਨੇੜੇ 13 ਸ਼ਰਧਾਲੂਆਂ ਨਾਲ ਭਰੀ ਇਕ ਕਿਸ਼ਤੀ ਯਮੁਨਾ ਨਦੀ 'ਚ ਤੇਜ਼ ਪਾਣੀ ਦੀ ਲਪੇਟ ਵਿਚ ਆ ਚਲੀ ਸੀ ਪਰ ਉਥੇ ਤਾਇਨਾਤ ਪੁਲੀਸ ਦੇ ਜਵਾਨਾਂ ਨੇ ਸਾਰੇ ਸ਼ਰਧਾਲੂਆਂ ਨੂੰ ਬਚਾ ਲਿਆ।

ਮੱਧ ਪ੍ਰਦੇਸ਼ ਤੋਂ ਆਇਆ ਇਕ ਸ਼ਰਧਾਲੂ ਵੀ ਨਦੀ ਦੇ ਪਾਣੀ ਦੀ ਲਪੇਟ ਵਿਚ ਆ ਕੇ ਰੁੜ੍ਹ ਚਲਿਆ ਸੀ ਪਰ ਪੁਲੀਸ ਨੇ ਬਚਾ ਲਿਆ। ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ।

100%
RETURNING
GUARANTEE
FOR
22 CARAT
GOLD JEWELLERY
TALWAR Jewellers
TALWAR Diamonds
Sec. 22-D, Chandigarh
We have no other branch

ਪੰਜਾਬੀ ਟ੍ਰਿਬਿਊਨ

ਖੇਡ ਤੇ ਖਿਡਾਰੀ

Regd. No. PB/CH-12

ਸਾਲ: 11, ਅੰਕ: 154 | ਚੰਡੀਗੜ੍ਹ, ਮੰਗਲਵਾਰ, 17 ਜਨਵਰੀ, 1989 | ਮੁੱਲ: 90 ਪੈਸੇ

SIGNORA
Kitchen Machine
9 in One

SIGNORA APPLIANCES
HISSAR ROAD, AMBALA CITY

ਪੁਲੀਸ ਮੁਲਾਜ਼ਮਾਂ, ਪਟਵਾਰੀਆਂ ਤੇ ਨਰਸਾਂ ਨੂੰ ਉਚੇ ਤਨਖਾਹ ਸਕੇਲ

ਚੰਡੀਗੜ੍ਹ, 16 ਜਨਵਰੀ (ਸੁਖਦੇਵ ਸਿੰਘ ਪਟਵਾਰੀ) – ਪੰਜਾਬ ਸਰਕਾਰ ਵਲੋਂ ਸਰਕਾਰੀ ਕਰਮਚਾਰੀਆਂ ਨੂੰ ਦਿੱਤੇ ਨਵੇਂ ਤਨਖਾਹ ਸਕੇਲਾਂ ਨਾਲ ਪੁਲੀਸ ਮੁਲਾਜ਼ਮਾਂ, ਜੂਨੀਅਰ ਇੰਜੀਨੀਅਰਾਂ, ਪਟਵਾਰੀਆਂ ਤੇ ਨਰਸਾਂ ਨੂੰ ਤੀਜੇ ਤਨਖਾਹ ਕਮਿਸ਼ਨ ਦੁਆਰਾ ਸਿਫਾਰਸ਼ ਕੀਤੇ ਤਨਖਾਹ ਸਕੇਲਾਂ ਨਾਲੋਂ ਉਚੇ ਤਨਖਾਹ ਸਕੇਲ ਮਿਲਣਗੇ।

ਇਹ ਫੈਸਲਾ ਪਿਛਲੇ ਦਿਨੀਂ 11 ਤੇ 13 ਜਨਵਰੀ ਨੂੰ ਸੀਨੀਅਰ ਪ੍ਰਸ਼ਾਸਕੀ ਸਕੱਤਰਾਂ 'ਤੇ ਆਧਾਰਤ ਬਣਾਈ ਅਮਲ ਕਮੇਟੀ ਦੀ ਰਿਪੋਰਟ 'ਤੇ ਵਿਚਾਰ ਕਰਨ ਮਗਰੋਂ ਗਵਰਨਰ-ਇਨ-ਕੌਂਸਲ ਦੀ ਮੀਟਿੰਗ 'ਚ ਕੀਤਾ ਗਿਆ।

ਇਹ ਐਲਾਨ ਪੰਜਾਬ ਦੇ ਮੁੱਖ ਸਕੱਤਰ ਆਰ. ਪੀ. ਓਝਾ ਨੇ ਅੱਜ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਕੀਤਾ।

ਸ੍ਰੀ ਓਝਾ ਨੇ ਕਿਹਾ ਕਿ ਰਾਜ ਦੇ ਪੁਲੀਸ ਮੁਲਾਜ਼ਮਾਂ ਦੇ ਤਨਖਾਹ ਸਕੇਲ ਸਾਰੇ ਦੇਸ਼ ਤੋਂ ਵੱਧ ਹਨ। ਇਹ ਦਿੱਲੀ ਵਿਚ ਕੰਮ ਕਰਦੇ ਪੁਲੀਸ ਮੁਲਾਜ਼ਮਾਂ ਦੇ ਸਕੇਲਾਂ ਨਾਲੋਂ ਵੀ ਜ਼ਿਆਦਾ ਹਨ।

ਉਨ੍ਹਾਂ ਕਿਹਾ ਕਿ ਪੁਲੀਸ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਸਕੇਲ ਦੇਣ ਦਾ ਕਾਰਨ ਉਨ੍ਹਾਂ ਵਲੋਂ ਰਾਜ ਦੀਆਂ ਔਖੀਆਂ ਹਾਲਤਾਂ 'ਚ ਨਿਭਾਈ ਜਾ ਰਹੀ ਡਿਊਟੀ ਹੈ। ਸਰਕਾਰ ਨੇ ਸੋਚਿਆ ਹੈ ਕਿ ਉਨ੍ਹਾਂ ਨੂੰ ਬਣਦਾ ਹੱਕ ਦਿੱਤਾ ਜਾਵੇ।

ਜੂਨੀਅਰ ਇੰਜੀਨੀਅਰਾਂ ਤੇ ਐਸ. ਡੀ. ਓਜ਼ ਦੇ ਕੇਸ 'ਚ ਸਰਕਾਰ ਨੇ ਇਸ ਵਿਚਾਰ ਨੂੰ ਪ੍ਰਵਾਨ ਕਰ ਲਿਆ ਹੈ ਕਿ ਪੇ-ਕਮਿਸ਼ਨ ਵਲੋਂ ਕੁਝ ਬਰਾਬਰ ਦੀਆਂ ਪੋਸਟਾਂ 'ਤੇ ਉਨ੍ਹਾਂ ਦੀ ਬਰਾਬਰਤਾ 'ਚ ਹਿਲਜੁਲ ਕੀਤੀ ਹੈ ਜੋ ਹੁਣ ਫਿਰ ਬਹਾਲ ਕਰ ਦਿੱਤੀ ਗਈ ਹੈ।

ਸ੍ਰੀ ਓਝਾ ਨੇ ਐਲਾਨ ਕੀਤਾ ਕਿ ਸਰਕਾਰੀ ਸਕੂਲ ਅਧਿਆਪਕਾਂ ਤੇ ਮੈਡੀਕਲ ਅਧਿਆਪਕਾਂ ਦੇ ਪੇ-ਸਕੇਲ ਗਵਰਨਰ-ਇਨ-ਕੌਂਸਲ ਦੀ ਕੁਝ ਦਿਨਾਂ ਤਕ ਹੋ ਰਹੀ ਅਗਲੀ ਮੀਟਿੰਗ 'ਚ ਉਨ੍ਹਾਂ ਦੇ ਸਬੰਧਤ ਵਿਭਾਗਾਂ ਵਲੋਂ ਕੀਤੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਵਿਚਾਰੇ ਜਾਣਗੇ।

ਪੈਨਸ਼ਨ ਵਾਲਿਆਂ ਤੇ ਵਰਕ-ਚਾਰਜ ਮੁਲਾਜ਼ਮਾਂ ਬਾਰੇ ਫੈਸਲਾ ਇਸ ਮਹੀਨੇ ਦੇ ਅੰਤ ਤਕ ਐਲਾਨੇ ਜਾਣ ਦੀ ਸੰਭਾਵਨਾ ਹੈ। ਪ੍ਰਾਵੀਡੈਂਟ ਫੰਡ ਦੇ ਢਾਂਚੇ, ਨਿਸ਼ਚਿਤ ਟੀ. ਏ. ਅਤੇ ਦੂਜੇ ਭੱਤਿਆਂ ਨਾਲ ਸਬੰਧਤ ਮਸਲੇ ਵੀ ਤੇਜ਼ੀ ਨਾਲ ਲਏ ਜਾਣਗੇ।

ਮੁੱਖ ਸਕੱਤਰ ਨੇ ਕਿਹਾ ਕਿ ਸਰਕਾਰ ਜਲਦੀ ਹੀ ਇਕ ਸ਼ਿਕਾਇਤ ਕਮੇਟੀ ਦਾ ਗਠਨ ਕਰ ਦੇਵੇਗੀ ਜੋ ਸਰਕਾਰ ਦੇ ਪੇ-ਸਕੇਲਾਂ ਬਾਰੇ ਕੀਤੇ ਫੈਸਲੇ ਦੁਆਰਾ ਪੈਦਾ ਕੀਤੀਆਂ ਸਮੱਸਿਆਵਾਂ ਨਾਲ ਨਜਿੱਠੇਗੀ। ਉਨ੍ਹਾਂ ਮੁਲਾਜ਼ਮਾਂ ਨੂੰ ਭਰੋਸਾ ਦਿਵਾਇਆ ਕਿ ਕਮੇਟੀ ਨੂੰ ਭੇਜੇ ਸਾਰੇ ਫਰਕਾਂ ਵਾਲੇ ਕੇਸਾਂ ਉਪਰ ਕਮੇਟੀ ਹਮਦਰਦੀ ਨਾਲ ਵਿਚਾਰ ਕਰੇਗੀ।

ਹੁਣ ਪੰਜਾਬ ਪੁਲੀਸ ਦਾ ਕੰਸਟੇਬਲ 950-1800 ਦੇ ਸੋਧੇ ਹੋਏ ਪੇ-ਸਕੇਲ 'ਚ 1000 ਰੁਪਿਆ ਆਰੰਭਕ ਤਨਖਾਹ ਲਵੇਗਾ। ਇਕ ਸਬ-ਇੰਸਪੈਕਟਰ ਸੋਧੇ ਹੋਏ 1640-2925 ਦੇ ਪੇ-ਸਕੇਲ ਅਨੁਸਾਰ 1760 ਰੁਪਏ ਆਰੰਭਕ ਤਨਖਾਹ ਪ੍ਰਾਪਤ ਕਰੇਗਾ। ਪੁਲੀਸ ਦੇ ਇੰਸਪੈਕਟਰ ਨੂੰ 1800-3200 ਦੇ ਸੋਧੇ ਹੋਏ ਸਕੇਲ ਅਨੁਸਾਰ 2000 ਰੁਪਿਆ ਤਨਖਾਹ ਮਿਲੇਗੀ। ਸਰਕਾਰ ਇੰਸਪੈਕਟਰ ਨੂੰ ਗਜ਼ਟਿਡ ਦਰਜਾ ਦੇਣ ਬਾਰੇ ਵੀ ਵਿਚਾਰ ਕਰੇਗੀ।

ਡੀ. ਐਸ. ਪੀਜ਼ ਦਾ ਸੋਧਿਆ ਸਕੇਲ 2200-4000 (ਜੂਨੀਅਰ ਸਕੇਲ), 3000-4375 (ਸੀਨੀਅਰ ਸਕੇਲ 8 ਸਾਲਾਂ ਦੀ ਸੇਵਾ ਬਾਅਦ) ਦਾ ਹੋਵੇਗਾ ਅਤੇ 18 ਸਾਲਾਂ ਦੀ ਸੇਵਾ ਬਾਅਦ 4000-5300 ਰੁਪਏ ਦਾ ਸਿਲੈਕਸ਼ਨ ਗਰੇਡ ਮਿਲੇਗਾ।

ਡਾਇਰੈਕਟਰ ਫੋਰੈਂਸਿਕ ਸਾਇੰਸ ਲੈਬਾਰਟਰੀ ਨੂੰ ਹੁਕਮ ਜਾਰੀ ਹੋਣ ਦੀ ਮਿਤੀ ਤੋਂ 4500-6100 ਦਾ ਸੋਧਿਆ ਪੇ-ਸਕੇਲ ਮਿਲੇਗਾ।

ਸਰਕਾਰ ਨੇ ਜੇਲ੍ਹਾਂ ਤੇ ਹੋਮ ਗਾਰਡ ਵਿਭਾਗਾਂ 'ਚ ਕੰਮ ਕਰਦੇ ਅਫਸਰਾਂ ਅਤੇ ਪੁਲੀਸ ਅਫਸਰਾਂ ਵਿਚਕਾਰ ਬਰਾਬਰਤਾ ਸਥਾਪਤ ਕਰ ਦਿੱਤੀ ਹੈ।

ਇੰਸਪੈਕਟਰ ਜਨਰਲ, ਜੇਲਾਂ ਤੇ ਡੀ. ਆਈ.

(ਬਾਕੀ ਸਫਾ 8 ਕਾਲਮ 1)

ਕੱਥੂਨੰਗਲ ਨੇੜੇ ਰੇਲ ਲਾਈਨ ਉਡਾ ਦਿੱਤੀ–ਵੱਖ ਵੱਖ ਘਟਨਾਵਾਂ 'ਚ 4 ਮਰੇ

ਚੰਡੀਗੜ੍ਹ, 16 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ, ਯੂ. ਐਨ. ਆਈ. ਅਤੇ ਪੀ. ਟੀ. ਆਈ.) – ਬੀਤੇ 24 ਘੰਟਿਆਂ ਦੌਰਾਨ ਪੰਜਾਬ ਵਿਚ ਇਕ ਅਤਿਵਾਦੀ ਸਮੇਤ ਚਾਰ ਜਣੇ ਮਾਰੇ ਗਏ ਅਤੇ ਰੇਲਵੇ ਲਾਈਨ ਉਡਾਉਣ ਦੀ ਘਟਨਾ ਵਾਪਰੀ। ਇਸੇ ਅਰਸੇ ਦੌਰਾਨ ਸੁਰੱਖਿਆ ਦਸਤਿਆਂ ਨੇ 14 ਦਹਿਸ਼ਤਗਰਦਾਂ ਨੂੰ ਕਾਬੂ ਕੀਤਾ।

ਜਲੰਧਰ ਜ਼ਿਲੇ ਦੇ ਪਿੰਡ ਫਤਹਿਪੁਰ ਵਿਖੇ ਇਕ ਅਣਪਛਾਤੇ ਦਹਿਸ਼ਤਗਰਦ ਨੂੰ ਗੋਲੀ ਨਾਲ ਉਡਾ ਦਿੱਤਾ। ਉਸ ਪਾਸੋਂ ਇਕ ਏ. ਕੇ. 47 ਰਾਈਫਲ, ਇਕ .303 ਦਾ ਪਿਸਤੌਲ ਤੇ ਕੁਝ ਅਸਲਾ ਮਿਲਿਆ ਹੈ।

ਅੰਮ੍ਰਿਤਸਰ ਦੇ ਤਰਨਤਾਰਨ ਪੁਲੀਸ ਜ਼ਿਲੇ ਵਿਚ ਪਿੰਡ ਕਾਲਾ ਵਿਖੇ ਦਹਿਸ਼ਤਪਸੰਦ ਜ਼ਬਰਦਸਤੀ ਕੁਲਵੰਤ ਸਿੰਘ ਦੇ ਘਰ ਜਾ ਵੜੇ ਤੇ ਉਸ ਦੀ ਪਤਨੀ ਅਜੀਤ ਕੌਰ ਨੂੰ ਅਗਵਾ ਕਰਕੇ ਲੈ ਗਏ। ਮਗਰੋਂ ਇਨ੍ਹਾਂ ਪਿੰਡੋਂ ਬਾਹਰ ਲਿਜਾ ਕੇ ਉਸ ਨੂੰ ਗੋਲੀ ਮਾਰ ਦਿੱਤੀ।

ਗੁਰਦਾਸਪੁਰ ਦੇ ਬਟਾਲਾ ਪੁਲੀਸ ਜ਼ਿਲੇ ਵਿਚ ਹਰਦੋ ਝੰਡੇ ਦੇ ਖੇਤਾਂ ਵਿਚੋਂ ਪੁਲੀਸ ਨੂੰ ਇਕ ਨੌਜਵਾਨ ਔਰਤ ਦੀ ਅਣਪਛਾਤੀ ਲਾਸ਼ ਮਿਲੀ ਹੈ।

ਕਪੂਰਥਲਾ ਜ਼ਿਲੇ ਵਿਚ ਪਿੰਡ ਰਸੂਲਪੁਰ ਦੇ ਖੇਤਾਂ ਵਿਚੋਂ ਇਕ ਅਣਪਛਾਤੀ ਲਾਸ਼ ਮਿਲੀ ਹੈ।

ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ 'ਤੇ ਮਜੀਠਾ ਪੁਲੀਸ ਜ਼ਿਲੇ ਅਧੀਨ ਪੈਂਦੇ ਪਿੰਡਾਂ ਕੱਥੂਨੰਗਲ ਤੇ ਜੈਂਤੀਪੁਰਾ ਵਿਚਕਾਰ ਦਹਿਸ਼ਤਗਰਦਾਂ ਨੇ ਟਾਈਮ ਬੰਬ ਨਾਲ ਰੇਲ ਲਾਈਨ ਉਡਾ ਦਿੱਤੀ। ਕੋਈ ਡੇਢ ਮੀਟਰ ਲਾਈਨ ਟੁਕੜੇ ਟੁਕੜੇ ਹੋ ਗਈ। ਬੀਤੇ ਤਿੰਨ ਚਾਰ ਦਿਨਾਂ ਵਿਚ ਰੇਲ ਲਾਈਨ ਉਡਾਉਣ ਦੀ ਇਹ ਦੂਸਰੀ ਘਟਨਾ ਹੈ।

ਮਜੀਠਾ ਜ਼ਿਲਾ ਪੁਲੀਸ ਨੇ ਚਾਰ ਦਹਿਸ਼ਤਗਰਦਾਂ ਰਾਮ ਸਿੰਘ, ਬਲਕਾਰ ਸਿੰਘ, ਸਿਕੰਦਰ ਸਿੰਘ ਤੇ ਬਲਵੰਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਪਾਸੋਂ ਇਕ .12 ਬੋਰ ਦੀ ਬੰਦੂਕ ਤੇ ਤਿੰਨ ਪਿਸਤੌਲ ਬਰਾਮਦ ਹੋਏ ਹਨ। ਦਹਿਸ਼ਤਗਰਦਾਂ ਨੂੰ ਸ਼ਰਨ ਦੇਣ 'ਤੇ ਪੁਲੀਸ ਨੇ ਕਾਬੁਲ ਸਿੰਘ, ਗੁਰਮੀਤ ਸਿੰਘ, ਹਰਚਰਨ ਸਿੰਘ, ਇਕਬਾਲ ਸਿੰਘ, ਦੇਵਾ ਸਿੰਘ, ਦਲਬੀਰ ਸਿੰਘ ਤੇ ਬਾਬੂ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਬਠਿੰਡਾ ਪੁਲੀਸ ਨੇ ਦਹਿਸ਼ਤਪਸੰਦ ਗੁਰਜੰਟ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਪਾਸੋਂ ਗੋਲੀਆਂ ਸਮੇਤ ਇਕ .12 ਬੋਰ ਦਾ ਪਿਸਤੌਲ ਮਿਲਿਆ ਹੈ।

ਹੁਸ਼ਿਆਰਪੁਰ ਤੋਂ ਪ.ਟ.ਬ. ਅਨੁਸਾਰ ਜ਼ਿਲਾ ਪੁਲੀਸ ਨੇ ਮਾਹਿਲਪੁਰ ਦੇ ਮਲਕੀਤ ਸਿੰਘ ਅਤੇ ਰਾਮਪੁਰ ਝੰਜੋਵਾਲ ਦੇ ਪਰਮਜੀਤ ਸਿੰਘ ਨੂੰ ਦਹਿਸ਼ਤਗਰਦਾਂ ਨੂੰ ਸ਼ਰਨ ਦੇਣ 'ਤੇ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਰੁਧ ਦਹਿਸ਼ਤਵਾਦ ਰੋਕੂ ਕਾਨੂੰਨ ਦੀ ਧਾਰਾ 3/4 ਅਧੀਨ ਪਰਚਾ ਦਰਜ ਕੀਤਾ ਗਿਆ ਹੈ।

ਕੱਥੂਨੰਗਲ (ਅੰਮ੍ਰਿਤਸਰ) – **ਰਮੇਸ਼ ਵਿਨਾਇਕ** – ਪੰਜਾਬ ਵਿਚ ਦਹਿਸ਼ਤਵਾਦ ਦਾ ਇਕ ਨਵਾਂ ਪਹਿਲੂ ਅੱਜ ਸਾਹਮਣੇ ਆਇਆ ਜਦੋਂ ਦਹਿਸ਼ਤਗਰਦਾਂ ਨੇ ਪਹਿਲੀ ਵੇਰ ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਸ਼ੇਹਣੀਵਾਲ ਨੇੜੇ ਰੇਲਵੇ ਲਾਈਨ ਨੂੰ ਉਡਾਉਣ ਲਈ ''ਬਾਰੂਦੀ ਛੜਾਂ'' ਦੀ ਵਰਤੋਂ ਕੀਤੀ।

ਘਟਨਾ ਦੇ ਤੁਰਤ ਮਗਰੋਂ ਨਸ਼ਟ ਹੋਈ ਲਾਈਨ ਤੋਂ ਲੰਘੀ ਇਕ ਮਾਲ ਗੱਡੀ ਦੁਰਘਟਨਾਗ੍ਰਸਤ ਹੋਣ ਤੋਂ ਵਾਲ ਵਾਲ ਬਚੀ ਅਤੇ ਇਸ ਨੂੰ ''ਕ੍ਰਿਸ਼ਮਾ'' ਹੀ ਕਿਹਾ ਜਾਵੇਗਾ। ਪੁਲੀਸ ਅਧਿਕਾਰੀਆਂ ਦਾ ਵਿਚਾਰ ਹੈ ਕਿ ਦਹਿਸ਼ਤਗਰਦਾਂ ਦਾ ਉਦੇਸ਼ ਰਾਵੀ ਐਕਸਪਰੈਸ ਨੂੰ ਉਲਟਾਉਣਾ ਸੀ ਜੋ ਕਿ ਅੰਮ੍ਰਿਤਸਰ ਤੋਂ ਪਠਾਨਕੋਟ ਲਈ ਤੜਕੇ ਚਲਦੀ ਹੈ।

ਧਮਾਕੇ ਲਈ ਵਰਤਿਆ ਸਮਾਨ ਇੰਨਾ ਸ਼ਕਤੀਸ਼ਾਲੀ ਸੀ ਕਿ ਕੋਈ ਡੇਢ ਮੀਟਰ ਰੇਲ ਲਾਈਨ ਦੇ ਸਟੀਲ ਗਾਰਡਰ ਦੀਆਂ ਕੰਕਰਾਂ ਉਡ ਗਈਆਂ। ਰੇਲ ਲਾਈਨ ਦੇ ਟੁਕੜੇ ਕੋਈ 25 ਮੀਟਰ ਦੂਰ ਨੇੜਲੇ ਖੇਤਾਂ ਵਿਚ ਵੀ ਮਿਲੇ ਹਨ।

ਮੌਕੇ ਦੀ ਜਾਂਚ ਕਰਨ ਮਗਰੋਂ ਪਟਿਆਲਾ ਤੋਂ ਗਈ ਧਮਾਕਾਈ ਵਸਤਾਂ ਦੇ ਮਾਹਿਰਾਂ ਦੀ ਟੋਲੀ ਨੇ ਦੱਸਿਆ ਕਿ ਦਹਿਸ਼ਤਗਰਦਾਂ ਨੇ ਰੇਲ ਲਾਈਨ ਉਡਾਉਣ ਲਈ ਇਸ ਤੋਂ ਪਹਿਲਾਂ ਕਦੇ ਅਜਿਹੇ ਸਮਾਨ ਦੀ ਵਰਤੋਂ ਨਹੀਂ ਕੀਤੀ। ''ਬਾਰੂਦੀ ਛੜਾਂ'' ਜਿਨ੍ਹਾਂ ਨੂੰ 'ਕਟਰ ਸਟਿਕਸ' ਵੀ ਕਿਹਾ ਜਾਂਦਾ ਹੈ, ਗਾਰਡਰਾਂ ਦੇ ਦੋਵੇਂ ਪਾਸੇ ਰੱਖੀਆਂ ਗਈਆਂ ਸਨ ਅਤੇ ਕਿਸੇ ਟਾਈਮ ਡਿਵਾਈਸ ਨਾਲ ਤਾਰਾਂ ਜੋੜ ਕੇ ਧਮਾਕਾ ਕੀਤਾ ਗਿਆ।

ਮਜੀਠਾ ਜ਼ਿਲਾ ਪੁਲੀਸ ਦੇ ਮੁਖੀ ਜੀ. ਐਸ. ਮਾਨ ਨੇ ਦਾਅਵਾ ਕੀਤਾ ਕਿ ਇਸ ਕਾਂਡ ਦੇ ਦੋਸ਼ੀਆਂ ਦੀ ਪਹਿਚਾਣ ਹੋ ਗਈ ਹੈ ਅਤੇ ਇਹ 'ਬੱਬਰ ਖਾਲਸਾ' ਨਾਲ ਸਬੰਧਤ ਹਨ। ਅੱਜ ਤੜਕੇ ਵੱਖ ਵੱਖ ਥਾਈਂ ਛਾਪੇ ਮਾਰਨ ਮਗਰੋਂ 8-10 ਬੰਦੇ ਪੁੱਛਗਿੱਛ ਲਈ ਹਿਰਾਸਤ ਵਿਚ ਲਏ ਗਏ ਹਨ।

ਰੇਲ ਲਾਈਨ ਉਡਾਉਣ ਦੀ ਦੋ ਦਿਨਾਂ ਵਿਚ ਇਹ ਦੂਸਰੀ ਘਟਨਾ ਹੈ। ਸ਼ਨਿਚਰਵਾਰੀਂ ਪੁਰੀ-ਲੁਧਿਆਣਾ ਸੈਕਸ਼ਨ 'ਤੇ ਕਿਲਾ ਰਾਏਪੁਰ ਤੇ

(ਬਾਕੀ ਸਫਾ 8 ਕਾਲਮ 5)

ਮੇਰੀ ਸਰਕਾਰ ਨੂੰ ਫੌਜ ਤੋਂ ਕੋਈ ਖਤਰਾ ਨਹੀਂ – ਬੇਨਜ਼ੀਰ

ਨਵੀਂ ਦਿੱਲੀ, 16 ਜਨਵਰੀ (ਯੂ. ਐਨ. ਆਈ.) – ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੇ ਇਸ ਗੱਲ ਦੀ ਕਿਸੇ ਤਰ੍ਹਾਂ ਦੀ ਵੀ ਸੰਭਾਵਨਾ ਨੂੰ ਰੱਦ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਤਖਤਾ ਉਲਟਾਇਆ ਜਾ ਸਕਦਾ ਹੈ।

ਲੰਘੀ ਰਾਤ ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ (ਬੀ. ਬੀ. ਸੀ.) ਨਾਲ ਇਕ ਇੰਟਰਵਿਊ 'ਚ ਬੇਨਜ਼ੀਰ ਭੁੱਟੋ ਨੇ ਪਾਕਿਸਤਾਨੀ ਫੌਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਅਤੇ ਉਨ੍ਹਾਂ ਵਲੋਂ ਗੱਦੀ ਸੰਭਾਲੇ ਜਾਣ ਸਮੇਂ ਫੌਜ ਨੇ ਬਹੁਤ ਹੀ ਵਧੀਆ ਭੂਮਿਕਾ ਨਿਭਾਈ ਹੈ।

ਬੇਨਜ਼ੀਰ ਨੇ ਦੱਸਿਆ ਕਿ ਕੁਝ ਰਾਜਨੀਤਕ ਨੇਤਾ ਫੌਜ ਕੋਲ ਗਏ ਅਤੇ ਉਨ੍ਹਾਂ ਨੇ ਹੱਥ ਬੰਨ੍ਹ ਕੇ ਫੌਜ ਨੂੰ ਕਿਹਾ ਕਿ ਉਹ ਸੱਤਾ ਸੰਭਾਲ ਲਵੇ। ਉਨ੍ਹਾਂ ਦੱਸਿਆ ਕਿ ਉਹ ਅਜਿਹੇ ਰਾਜਨੀਤਕ ਨੇਤਾ ਹਨ ਜਿਨ੍ਹਾਂ ਵਿਚ ਚੋਣਾਂ ਜਿੱਤ ਕੇ ਤਾਕਤ ਵਿਚ ਆਉਣ ਦੀ ਸਮਰੱਥਾ ਨਹੀਂ।

ਬੇਨਜ਼ੀਰ ਨੇ ਦੱਸਿਆ ਕਿ ਉਸ ਵੇਲੇ ਫੌਜ ਆਸਾਨੀ ਨਾਲ ਹੀ ਸੱਤਾ 'ਤੇ ਮੁੜ ਕਬਜ਼ਾ ਕਰ ਸਕਦੀ ਸੀ ਪ੍ਰੰਤੂ ਕਮਾਂਡਰ-ਇਨ-ਚੀਫ ਜਨਰਲ ਮਿਰਜ਼ਾ ਅਸਲਮ ਬੇਗ ਦੀ ਸਹੀ ਸਰਪ੍ਰਸਤੀ ਕਾਰਨ ਚੋਣਾਂ ਹੋਣੀਆਂ ਸੰਭਵ ਹੋ ਸਕੀਆਂ। ਬੇਨਜ਼ੀਰ ਨੇ ਕਿਹਾ ਕਿ ਫੌਜ ਨੂੰ ਇਹ ਅਹਿਸਾਸ ਹੋ ਚੁੱਕਿਆ ਸੀ ਕਿ ਜਨਰਲ ਜ਼ਿਆ-ਉਲ-ਹੱਕ ਦੀ ਸਰਕਾਰ ਨੇ ਦੇਸ਼ ਨੂੰ ਖੰਡਤ ਕਰਨ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤਾ ਸੀ।

ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਜਦੋਂ ਮੁੜ ਚੋਣਾਂ ਹੋਣਗੀਆਂ ਉਨ੍ਹਾਂ ਦੀ ਪਾਰਟੀ ਹੁਣ ਨਾਲੋਂ ਵੱਧ ਬਹੁਗਿਣਤੀ ਵਿਚ ਜਿੱਤੇਗੀ।

ਬੇਨਜ਼ੀਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਹੁਤ ਵੱਡੀ ਪੱਧਰ 'ਤੇ ਤਬਦੀਲੀਆਂ ਨਹੀਂ ਕਰੇਗੀ ਅਤੇ ਨਾ ਹੀ ਅੱਗੇ ਵਧਣ ਲਈ ਬਹੁਤੀ ਤੇਜ਼ੀ ਕਰੇਗੀ। ਉਨ੍ਹਾਂ ਉਦਾਹਰਣ ਦਿੰਦਿਆਂ ਦੱਸਿਆ ਕਿ ਫਰਜ਼ ਕਰੋ ਉਨ੍ਹਾਂ ਦੀ ਪਾਰਟੀ ਸੰਵਿਧਾਨ ਵਿਚ ਸੋਧ ਕਰਨੀ ਚਾਹੇ ਤਾਂ ਇਸ ਸੋਧ ਨੂੰ ਸੈਨੇਟ ਤੋਂ ਪਾਸ ਕਰਾਉਣਾ ਜ਼ਰੂਰੀ ਹੈ, ਜਿਥੇ ਉਸ ਦੀ ਪਾਰਟੀ ਨੂੰ ਬਹੁਮਤ ਨਹੀਂ, ਇਸ ਲਈ ਉਨ੍ਹਾਂ ਦੀ ਸਰਕਾਰ ਅਜਿਹੇ ਕੰਮ ਨਹੀਂ ਕਰੇਗੀ।

ਅਫਸਰਸ਼ਾਹੀ ਬਾਰੇ ਬੋਲਦਿਆਂ ਬੇਨਜ਼ੀਰ ਨੇ ਦੱਸਿਆ ਕਿ ਜਨਰਲ ਜ਼ਿਆ ਨੇ ਆਪਣੀ ਸਰਕਾਰ ਵੇਲੇ ਬਹੁਤ ਸਾਰੇ ਅਧਿਕਾਰੀਆਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਆਪਣੇ ਨੇੜਲੇ ਆਦਮੀਆਂ ਨੂੰ ਲਗਾ ਦਿੱਤਾ ਸੀ, ਪ੍ਰੰਤੂ ਅਸੀਂ ਉਸ ਤਰ੍ਹਾਂ ਦੀਆਂ ਗਲਤੀਆਂ ਨੂੰ ਦੁਹਰਾਵਾਂਗੇ ਨਹੀਂ।

ਜਦੋਂ ਬੇਨਜ਼ੀਰ ਨੂੰ ਇਹ ਪੁੱਛਿਆ ਗਿਆ ਕਿ ਪਾਕਿਸਤਾਨ ਇਸ ਵੇਲੇ ਇਕ ਤਰ੍ਹਾਂ ਨਾਲ ਦਿਵਾਲੀਆ ਹੋ ਚੁੱਕਿਆ ਹੈ ਅਤੇ ਉਸ ਨੇ ਇੰਟਰਨੈਸ਼ਨਲ ਮੋਨੇਟਰੀ ਫੰਡ ਵਿਚੋਂ ਸਹਾਇਤਾ ਮੰਗੀ ਹੈ ਅਤੇ ਹੁਣ ਇਹ ਪੁਜ਼ੀਸ਼ਨ ਬਣੀ ਹੋਈ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਵਧਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਤੇ ਕੀਮਤਾਂ ਵਧਾਉਣ ਦੇ ਨਤੀਜੇ ਵਜੋਂ ਲੋਕ ਰੋਸ ਪ੍ਰਦਰਸ਼ਨ ਕਰਨਗੇ। ਇਸ ਦੇ ਜੁਆਬ ਵਿਚ ਬੇਨਜ਼ੀਰ ਨੇ ਮੰਨਿਆ ਕਿ ਅਸਲ ਵਿਚ ਪਾਕਿਸਤਾਨ ਦਿਵਾਲੀਆ ਹੋ ਚੁੱਕਿਆ ਹੈ ਅਤੇ ਸਿੱਕੇ ਦਾ ਫੈਲਾਅ 18 ਪ੍ਰਤੀਸ਼ਤ ਵਧ ਚੁੱਕਿਆ ਹੈ ਪ੍ਰੰਤੂ ਉਨ੍ਹਾਂ ਕਿਹਾ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਬਜਟ ਦੇ ਘਾਟੇ ਨੂੰ ਘਟਾਇਆ ਜਾਵੇ, ਪ੍ਰਾਈਵੇਟ ਸੈਕਟਰ ਵਿਚ ਇਨਵੈਸਟਮੈਂਟ ਦੇ ਹੋਰ ਢੰਗ ਤਰੀਕੇ ਲੱਭੇ ਜਾਣ। ਖੇਤੀ ਪੈਦਾਵਾਰ ਦੀ ਆਮਦਨ 'ਤੇ ਟੈਕਸ ਲਾਉਣ ਬਾਰੇ ਵੀ ਸੋਚਿਆ ਜਾ ਰਿਹਾ ਹੈ ਪ੍ਰੰਤੂ ਇਸ ਬਾਰੇ ਹਾਲੇ ਕੋਈ ਅੰਤਮ ਫੈਸਲਾ ਨਹੀਂ ਹੋਇਆ।

ਬੇਨਜ਼ੀਰ ਨੇ ਇੰਟਰਵਿਊ ਕਰਨ ਵਾਲੇ ਦੀ ਇਸ ਗੱਲ ਨਾਲ ਸਹਿਮਤੀ ਜ਼ਾਹਿਰ ਕੀਤੀ ਕਿ ਪਾਕਿਸਤਾਨ 'ਤੇ ਆਏ ਸੰਕਟ ਨੂੰ ਟਾਲਣ ਲਈ ਹਰ ਪਾਕਿਸਤਾਨੀ ਨੂੰ ਟੈਕਸਾਂ ਦੇ ਰੂਪ ਵਿਚ ਆਪੋ ਆਪਣਾ ਹਿੱਸਾ ਵੰਡਾਉਣਾ ਚਾਹੀਦਾ ਹੈ।

ਅਫਗਾਨਿਸਤਾਨ ਬਾਰੇ ਪੁੱਛੇ ਜਾਣ 'ਤੇ ਬੇਨਜ਼ੀਰ ਨੇ ਕਿਹਾ ਕਿ ਉਹ ਸ਼ਾਂਤਮਈ ਹੱਲ ਲਈ ਯਤਨ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਜਦ ਤਕ ਅਫਗਾਨਿਸਤਾਨ ਵਿਚੋਂ ਰੂਸੀ ਫੌਜਾਂ ਵਾਪਸ ਨਹੀਂ ਹੋ ਜਾਂਦੀਆਂ ਅਤੇ ਲੋਕਾਂ ਦੀ ਚੁਣੀ ਹੋਈ ਸਰਕਾਰ ਸੱਤਾ ਨਹੀਂ ਸੰਭਾਲ ਲੈਂਦੀ, ਉਸ ਵੇਲੇ ਤਕ ਮੁਜਾਹਦੀਨ ਨੂੰ ਇਸ ਗੱਲ ਦੀ ਖੁੱਲ੍ਹ ਹੈ ਕਿ ਉਹ ਪਾਕਿਸਤਾਨ ਵਿਚ ਰਹਿ ਸਕਦੇ ਹਨ।

ਆਵਾਜਾਈ ਠੱਪ

ਬਟਾਲਾ, 16 ਜਨਵਰੀ (ਨਿਜੀ ਪੱਤਰ ਪ੍ਰੇਰਕ) – ਸੀਮਾ ਸੁਰੱਖਿਆ ਬਲ ਤੇ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਵਿਚਕਾਰ ਝਗੜੇ ਮਗਰੋਂ ਰੋਡਵੇਜ਼ ਮੁਲਾਜ਼ਮਾਂ ਨੇ ਸੜਕ ਜਾਮ ਕਰ ਦਿੱਤੀ।

ਪੁਲੀਸ ਪਾਸ ਦਰਜ ਕਰਾਈ ਗਈ ਰਿਪੋਰਟ ਅਨੁਸਾਰ ਪੰਜਾਬ ਰੋਡਵੇਜ਼ ਦੀ ਬੱਸ ਜੀ. ਟੀ. ਰੋਡ ਉਪਰ ਆ ਰਹੀ ਸੀ ਕਿ ਅੱਗੇ ਜਾ ਰਹੇ ਇਕ ਸਾਈਕਲ ਸਵਾਰ ਨੂੰ ਬਚਾਉਣ ਲਈ ਡਰਾਈਵਰ ਨੂੰ ਅਚਾਨਕ ਬਰੇਕ ਮਾਰਨੀ ਪਈ। ਇਸ 'ਤੇ ਪਿੱਛੇ ਆ ਰਹੀ ਬੀ. ਐਸ. ਐਫ. ਦੀ ਇਕ ਜੀਪ ਬੱਸ ਵਿਚ ਆ ਟਕਰਾਈ। ਬੀ. ਐਸ. ਐਫ. ਮੁਲਾਜ਼ਮਾਂ ਨੇ ਉਤਰ ਕੇ ਬੱਸ ਦੇ ਡਰਾਈਵਰ ਨੂੰ ਮਾਰ ਕੁੱਟ ਕੀਤੀ ਜਿਸ 'ਤੇ ਬੱਸ ਮੁਲਾਜ਼ਮਾਂ ਨੇ ਟਰੈਫਿਕ ਜਾਮ ਕਰ ਦਿੱਤੀ। ਬਟਾਲਾ ਡਿਪੂ ਦੇ ਜਨਰਲ ਮੈਨੇਜਰ ਬੀ. ਐਸ. ਸੈਣੀ, ਮੁਲਾਜ਼ਮ ਆਗੂਆਂ ਗੁਰਬਖਸ਼ ਸਿੰਘ ਤੇ ਸਰਵਣ ਸਿੰਘ ਨੇ ਥਾਣੇ ਵਿਚ ਪਰਚਾ ਦਿੱਤਾ। ਇਸ ਅਰਸੇ ਦੌਰਾਨ ਸੜਕ 'ਤੇ ਦੋਵੇਂ ਪਾਸੇ 150 ਦੇ ਕਰੀਬ ਗੱਡੀ ਜਮ੍ਹਾਂ ਹੋ ਚੁੱਕੀ ਸੀ। ਸੀਨੀਅਰ ਪੁਲੀਸ ਕਪਤਾਨ ਗੋਬਿੰਦ ਰਾਮ ਵਲੋਂ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਦਾ ਭਰੋਸਾ ਦਿੱਤੇ ਜਾਣ 'ਤੇ ਪੌਣੇ ਤਿੰਨ ਘੰਟੇ ਮਗਰੋਂ ਆਵਾਜਾਈ ਚਾਲੂ ਹੋ ਸਕੀ।

ਨਾਭਾ ਸਪਲੀਮੈਂਟ

ਨਾਭਾ ਸਪਲੀਮੈਂਟ ਦਾ ਪੰਜਾਬੀ ਟ੍ਰਿਬਿਊਨ ਵਿਚ ਤੀਜਾ ਭਾਗ ਜਲਦੀ ਹੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਵਿਗਿਆਪਨ ਦੇਣ ਵਾਲੇ ਚਾਹਵਾਨ ਸੱਜਣ ਤੁਰਤ ਹੀ ਸਾਡੇ ਸਬ ਡਿਵੀਜ਼ਨ ਨਾਭਾ ਦੇ ਪੱਤਰਕਾਰ ਸ੍ਰੀ ਭੂਸ਼ਨ ਸੂਦ ਮਾਰਫਤ ਰੋਸ਼ਨ ਟਾਈਪ ਕਾਲਜ ਕਿਲ੍ਹਾ ਰੋਡ ਅਮਲੋਹ ਫੋਨ ਨੰਬਰ 2 ਜਾਂ ਨਾਭੇ ਫੋਨ ਨੰਬਰ 2796 'ਤੇ ਤੁਰਤ ਸੰਪਰਕ ਕਾਇਮ ਕਰਨ।

ਮੰਡੀ ਗੋਬਿੰਦਗੜ੍ਹ ਬਾਰੇ ਵਿਸ਼ੇਸ਼ ਸਪਲੀਮੈਂਟ

ਗਣਤੰਤਰ ਦਿਵਸ ਦੇ ਮੌਕੇ 'ਤੇ ਦੀ ਟ੍ਰਿਬਿਊਨ, ਦੈਨਿਕ ਟ੍ਰਿਬਿਊਨ ਅਤੇ ਪੰਜਾਬੀ ਟ੍ਰਿਬਿਊਨ ਵਿਚ ਮੰਡੀ ਗੋਬਿੰਦਗੜ੍ਹ ਬਾਰੇ ਇਕ ਵਿਸ਼ੇਸ਼ ਸਪਲੀਮੈਂਟ ਛਪ ਰਿਹਾ ਹੈ। ਇਸ ਸਬੰਧ ਵਿਚ ਇਸ਼ਤਿਹਾਰ ਦੇਣ ਵਾਲੇ ਸੱਜਣ ਸ੍ਰੀ ਭੂਸ਼ਨ ਸੂਦ, ਪੱਤਰਕਾਰ, ਮਾਰਫਤ ਰੋਸ਼ਨ ਟਾਈਪ ਕਾਲਜ, ਕਿਲ੍ਹਾ ਰੋਡ, ਅਮਲੋਹ (ਫੋਨ ਨੰ. 2) ਜਾਂ ਸਟੀਲ ਟਾਊਨ ਵੀਕਲੀ, ਮੰਡੀ ਗੋਬਿੰਦਗੜ੍ਹ ਨਾਲ ਸੰਪਰਕ ਕਰਨ।

ਰਾਸ਼ਟਰੀ ਕਾਂਗਰਸ 'ਵੀ ਜਨਤਾ ਦਲ 'ਚ

ਅਹਿਮਦਾਬਾਦ, 16 ਜਨਵਰੀ (ਯੂ. ਐਨ. ਆਈ.) – ਗੁਜਰਾਤ ਦੀ ਖੇਤਰੀ ਪਾਰਟੀ ਰਾਸ਼ਟਰੀ ਕਾਂਗਰਸ ਵੀ ਜਨਤਾ ਦਲ ਵਿਚ ਸ਼ਾਮਲ ਹੋ ਗਈ ਹੈ। ਇਸ ਗੱਲ ਦਾ ਐਲਾਨ ਜਨਤਾ ਦਲ ਦੇ ਜਨਰਲ ਸਕੱਤਰ ਆਰਿਫ ਖਾਨ ਨੇ ਇਕ ਪੱਤਰਕਾਰ ਸੰਮੇਲਨ ਵਿਚ ਕੀਤਾ।

ਅਮਰੀਕੀ ਵਫਦ ਦੀ ਪੰਜਾਬ ਫੇਰੀ ਅੱਜ

ਚੰਡੀਗੜ੍ਹ, 16 ਜਨਵਰੀ (ਪੀ. ਟੀ. ਆਈ.) – ਇਕ ਅਮਰੀਕੀ ਵਫਦ ਕੱਲ੍ਹ ਪੰਜਾਬ ਦੇ ਦੌਰੇ 'ਤੇ ਆ ਰਿਹਾ ਹੈ। ਇਸ ਵਿਚ ਅਮਰੀਕੀ ਸੈਨੇਟ ਦੇ ਕੁਝ ਮੈਂਬਰ ਵੀ ਹਨ।

ਵਫਦ ਕੱਲ੍ਹ ਸਵੇਰੇ ਅੰਮ੍ਰਿਤਸਰ ਵਿਚ ਰਾਜਪਾਲ ਪੰਜਾਬ ਦੇ ਸਲਾਹਕਾਰ ਜੇ. ਐਫ. ਰਿਬੇਰੋ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨਾਲ ਮੁਲਾਕਾਤ ਕਰੇਗਾ। ਵਫਦ ਸ੍ਰੀ ਦਰਬਾਰ ਸਾਹਿਬ ਵੀ ਜਾਵੇਗਾ।

ਇਸ ਮਗਰੋਂ ਵਫਦ ਹਵਾਈ ਜਹਾਜ਼ ਰਾਹੀਂ ਚੰਡੀਗੜ੍ਹ ਪੁੱਜੇਗਾ ਜਿਥੇ ਉਹ ਦੁਪਹਿਰ ਦੇ ਭੋਜਨ 'ਤੇ ਰਾਜ ਭਵਨ ਵਿਚ ਪੰਜਾਬ ਦੇ ਰਾਜਪਾਲ ਸਿਧਾਰ ਸ਼ੰਕਰ ਰੇਅ ਨਾਲ ਗੱਲਬਾਤ ਕਰੇਗਾ। ਸ਼ਾਮ ਨੂੰ ਵਫਦ ਵਾਪਸ ਦਿੱਲੀ ਰਵਾਨਾ ਹੋ ਜਾਵੇਗਾ।

ਜਲੰਧਰ ਤੇ ਕਪੂਰਥਲਾ ਦੇ ਕਾਲਜਾਂ 'ਚ ਹੜਤਾਲ

ਜਲੰਧਰ, 16 ਜਨਵਰੀ (ਯੂ. ਐਨ. ਆਈ.) – ਸਤਵੰਤ ਸਿੰਘ ਅਤੇ ਕਿਹਰ ਸਿੰਘ ਨੂੰ ਫਾਂਸੀ ਦੇਣ ਵਿਰੁਧ ਰੋਸ ਪ੍ਰਗਟ ਕਰਨ ਲਈ ਲੜਕੇ ਅਤੇ ਲੜਕੀਆਂ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਅਤੇ ਆਈ. ਟੀ. ਆਈ. ਦੇ ਵਿਦਿਆਰਥੀਆਂ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਵਿਚ ਅੱਜ ਹੜਤਾਲ ਕੀਤੀ।

ਹੜਤਾਲ ਤੋਂ ਬਾਅਦ ਵਿਦਿਆਰਥੀ ਅਮਨ ਪੂਰਬਕ ਖਿੰਡ-ਪੁੰਡ ਗਏ।

ਜੱਸਾ ਸਿੰਘ ਆਹਲੂਵਾਲੀਆ ਕਾਲਜ ਕਪੂਰਥਲਾ ਦੇ ਵਿਦਿਆਰਥੀਆਂ ਨੇ ਵੀ ਅੱਜ ਹੜਤਾਲ ਕੀਤੀ।

ਨਵੇਂ ਸੰਸਾਰ ਪ੍ਰਬੰਧ ਦੀ ਉਸਾਰੀ ਲਈ ਕੰਮ ਕਰਨ ਦਾ ਸੱਦਾ

ਨਵੀਂ ਦਿੱਲੀ, 16 ਜਨਵਰੀ (ਯੂ. ਐਨ. ਆਈ.) – ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅੱਜ ਮਰਹੂਮ ਸ੍ਰੀਮਤੀ ਇੰਦਰਾ ਗਾਂਧੀ ਦੀ ਯਾਦ ਵਿਚ ਦੂਸਰੀ ਦੋ ਸਾਲਾਂ ਕਾਨਫਰੰਸ ਦਾ ਉਦਘਾਟਨ ਕਰਦਿਆਂ ਸੰਸਾਰ ਦੇ ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਨਵੇਂ ਸੰਸਾਰ ਪ੍ਰਬੰਧ ਦੀ ਉਸਾਰੀ ਲਈ ਕੰਮ ਕਰਨ ਜਿਹੜਾ ਸਾਨੂੰ ਵਿਸ਼ਵ ਨਾਗਰਿਕ ਬਣਾਉਣ ਵਿਚ ਮਦਦ ਕਰੇ।

ਉਨ੍ਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, ''ਇਹ ਧਰਤੀ ਸਾਡੇ ਸਾਰਿਆਂ ਦੀ ਹੈ ਅਤੇ ਇਸ ਲਈ ਸਾਨੂੰ ਅਜਿਹੇ ਸੰਸਾਰ ਪ੍ਰਬੰਧ ਦੀ ਲੋੜ ਹੈ ਜੋ ਸਾਨੂੰ ਵਿਸ਼ਵ ਨਾਗਰਿਕ ਬਣਾਵੇ।''

ਸ੍ਰੀ ਗਾਂਧੀ ਨੇ ਕਿਹਾ ਕਿ ਵਿਸ਼ਵ ਨਾਗਰਿਕ ਆਪਣੇ-ਆਪ ਨੂੰ, ਮਨੁੱਖਤਾ ਨੂੰ ਜੋ ਸਭ ਕੁਝ ਵਿਰਸੇ ਵਿਚ ਮਿਲਿਆ ਹੈ ਉਸ ਦਾ ਵਾਰਸ ਸਮਝਣਗੇ। ਉਨ੍ਹਾਂ ਸਾਰੇ ਖਜ਼ਾਨਿਆਂ ਦੇ ਸਰਪ੍ਰਸਤ ਵਜੋਂ, ਉਹ ਇਹ ਸਭ ਅਗਾਂਹ ਆਪਣੇ ਬੱਚਿਆਂ ਦੇ ਹਵਾਲੇ ਕਰਨਗੇ। ਇਸ ਵਾਸਤੇ ਸਾਨੂੰ ਇਸ ਨੂੰ ਸੰਭਾਲਣਾ ਅਤੇ ਹੋਰ ਅਮੀਰ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੈਂ ਇਸ ਵੇਲੇ ਇਥੇ ਸ੍ਰੀਮਤੀ ਇੰਦਰਾ ਗਾਂਧੀ ਦੀ ਹਾਜ਼ਰੀ ਮਹਿਸੂਸ ਕਰ ਰਿਹਾ ਹਾਂ। ਉਹ ਆਪਣੇ-ਆਪ ਨੂੰ ਇਕ ਵਿਸ਼ਵ ਨਾਗਰਿਕ ਸਮਝਦੀ ਸੀ। ਉਨ੍ਹਾਂ ਦੀ ਸੰਸਾਰ ਦ੍ਰਿਸ਼ਟੀ ਬੜੀ ਡੂੰਘੀ ਸੀ ਅਤੇ ਉਹ ਕਹਿੰਦੇ ਸਨ ਵਿਸ਼ਵ ਇਕ ਪਰਿਵਾਰ ਹੈ।

ਸ੍ਰੀ ਗਾਂਧੀ ਨੇ ਕਿਹਾ ਕਿ ਵਿਸ਼ਵ ਸਿਹਤ ਦੀ ਜ਼ਿੰਮੇਵਾਰੀ ਸਾਂਝੀ ਹੈ ਜਿਸ ਵਿਚ ਅਸੀਂ ਸਭ ਸ਼ਾਮਲ ਹਾਂ। ਇਕੱਲੀ ਕੁਦਰਤ ਹੀ ਪ੍ਰਮਾਣੂ ਹਮਲੇ ਹੇਠ ਨਹੀਂ ਸਗੋਂ ਸਮੁੱਚਾ ਮਨੁੱਖੀ ਵਿਰਸਾ ਹੈ।

ਨਵੀਂ ਦਿੱਲੀ, (ਪੀ. ਟੀ. ਆਈ.) : ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅੱਜ ਇਥੇ ਕਿਹਾ ਕਿ ਸੰਸਾਰ ਅਜਿਹੇ ਬਿੰਦੂ ਉਤੇ ਪੁੱਜ ਚੁੱਕਾ ਹੈ ਜਦੋਂ ਕਿ ਪਹਿਲੀ ਵਾਰ ਪ੍ਰਮਾਣੂ ਨਿਸ਼ਸ਼ਤਰੀਕਰਨ ਦਾ ਅਮਲ ਆਰੰਭ ਹੋਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਅਮਲ ਅਜਿਹੇ ਸੰਸਾਰ ਪ੍ਰਬੰਧ ਵੱਲ ਅੱਗੇ ਵਧੇਗਾ ਜਿੱਥੇ ਅਮਨ ਅਤੇ ਸੁਰੱਖਿਆ ਕੌਮੀ ਮਾਮਲੇ ਨਹੀਂ ਰਹਿ ਸਕਦੇ ਅਤੇ ਕੌਮਾਂਤਰੀ ਸ਼ਕਲ ਧਾਰਨ ਕਰ ਲੈਣਗੇ।

ਉਨ੍ਹਾਂ ਕਿਹਾ ਕਿ ਯੂਰਪ ਵਿਚ ਪਹਿਲੀ ਵਾਰ ਹੈ ਕਿ ਦੋਵੇਂ ਟਕਰਾਉਂਦਿਆਂ ਧੜਿਆਂ ਅੰਦਰ ਦੁਵੱਲੀ ਸਮਝ ਉਭਰ ਰਹੀ ਹੈ।

ਉਹ ਇਥੇ ਇੰਦਰਾ ਗਾਂਧੀ ਯਾਦਗਾਰੀ ਟਰਸਟ ਵਲੋਂ ਆਯੋਜਿਤ ਕਾਨਫਰੰਸ ਵਿਚ ਬੋਲ ਰਹੇ ਸਨ।

ਜੰਮੂ ਵਿਖੇ ਕਰਫਿਊ 'ਚ ਢਿੱਲ –ਫੌਜੀ ਗਸ਼ਤ ਜਾਰੀ; ਹਾਲਾਤ ਤਣਾਅ-ਪੂਰਨ ਪਰ ਪੂਰੀ ਤਰ੍ਹਾਂ ਕਾਬੂ ਹੇਠ

ਜੰਮੂ, 16 ਜਨਵਰੀ (ਯੂ. ਐਨ. ਆਈ., ਪੀ. ਟੀ. ਆਈ.) – ਜੰਮੂ ਖੇਤਰ ਦੇ 7 ਜ਼ਿਲਿਆਂ ਅੰਦਰ ਇਹਤਿਆਤ ਵਜੋਂ ਫੌਜ ਦੀ ਗਸ਼ਤ ਲਗਾਤਾਰ ਜਾਰੀ ਹੈ। ਜੰਮੂ ਸ਼ਹਿਰ ਅੰਦਰ ਹਾਲਤ ਤਣਾਅਪੂਰਣ ਪਰ ਕੰਟਰੋਲ ਹੇਠ ਹੈ।

ਜੰਮੂ ਸ਼ਹਿਰ ਦੇ ਬਾਹਰਲੇ ਇਲਾਕੇ ਤਲਾਬ ਤਿੱਲੂ ਵਿਚ ਕਰਫਿਊ ਵਿਚ 4 ਘੰਟੇ ਦੀ ਢਿੱਲ ਦਿੱਤੀ ਗਈ ਤਾਂ ਜੋ ਲੋਕ ਜ਼ਰੂਰੀ ਵਸਤਾਂ ਦੀ ਖਰੀਦ ਕਰ ਸਕਣ। ਜਦੋਂ ਕਿ ਊਧਮਪੁਰ ਵਿਚ ਵੀ ਅੱਜ ਦੋ ਘੰਟੇ ਦੀ ਢਿੱਲ ਦਿੱਤੀ ਗਈ।

ਸਰਕਾਰੀ ਰਿਪੋਰਟਾਂ ਅਨੁਸਾਰ ਸਰਹੱਦੀ ਕਸਬੇ ਪੁੰਛ ਅਤੇ ਕਠੂਆ ਕਸਬੇ ਦੇ ਸੀਮਤ ਖੇਤਰ ਅੰਦਰ ਵੀ ਚੌਕਸੀ ਵਜੋਂ ਰਾਤ ਦਾ ਕਰਫਿਊ ਲਾ ਦਿੱਤਾ ਗਿਆ ਹੈ।

ਜੰਮੂ ਦੇ ਸਾਰੇ ਖੇਤਰ ਅੰਦਰ ਅੱਜ ਫੌਜ ਨੇ ਫਲੈਗ ਮਾਰਚ ਵੀ ਕੀਤਾ।

ਕਰਫਿਊ ਵਾਲੇ ਇਲਾਕਿਆਂ ਅੰਦਰ ਫੌਜ ਦੀਆਂ ਗੱਡੀਆਂ ਲੋਕਾਂ ਨੂੰ ਦੁੱਧ ਅਤੇ ਸਬਜ਼ੀਆਂ ਦੀ ਸਪਲਾਈ ਕਰ ਰਹੀਆਂ ਹਨ।

ਰੇਲ ਅਤੇ ਹਵਾਈ ਯਾਤਰੀਆਂ ਨੂੰ ਵੀ ਫੌਜੀ ਅਤੇ ਪੁਲੀਸ ਦੀਆਂ ਗੱਡੀਆਂ ਅੰਦਰ ਹੀ ਸਟੇਸ਼ਨ ਅਤੇ ਹਵਾਈ ਅੱਡੇ ਉਤੇ ਪਹੁੰਚਾਇਆ ਗਿਆ।

ਮੁੱਖ ਮੰਤਰੀ ਡਾਕਟਰ ਫਾਰੂਕ ਅਬਦੁੱਲਾ ਨੇ ਅੱਜ ਉਚ ਫੌਜੀ ਅਤੇ ਸਿਵਲ ਅਧਿਕਾਰੀਆਂ ਨਾਲ ਮਿਲ ਕੇ ਅਮਨ-ਕਾਨੂੰਨ ਦੀ ਹਾਲਤ ਦਾ ਜਾਇਜ਼ਾ ਲਿਆ।

ਜੰਮੂ ਤੇ ਕਸ਼ਮੀਰ ਸਕੱਤਰੇਤ ਨੇ ਅੱਜ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਪਰ ਹਾਜ਼ਰੀ ਬਹੁਤ ਹੀ ਘੱਟ ਸੀ।

ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਜੀ. ਆਰ. ਕਾਰ ਨੇ ਦੱਸਿਆ ਕਿ ਸਾਰੀਆਂ ਪਾਰਟੀ ਕਮੇਟੀਆਂ ਨੂੰ ਅਮਨ ਕਮੇਟੀਆਂ ਵਿਚ ਬਦਲ ਦਿੱਤਾ ਹੈ।

ਨਵੀਂ ਦਿੱਲੀ (ਯੂ. ਐਨ. ਆਈ.) – ਇਸ ਦੌਰਾਨ ਕਾਂਗਰਸ (ਆਈ) ਦੇ ਇਕ ਉਚ ਆਗੂ ਮੁਹੰਮਦ ਆਯੂਬ ਖਾਨ ਨੇ ਅੱਜ ਇਥੇ ਮੰਗ ਕੀਤੀ ਹੈ ਕਿ ਜੰਮੂ ਵਿਚ ਹਿੰਸਾ ਕਰਨ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਸ੍ਰੀ ਖਾਨ ਜੋ ਊਧਮਪੁਰ ਹਲਕੇ ਦੀ ਪ੍ਰਤੀਨਿਧਤਾ ਕਰਦੇ ਹਨ, ਨੇ ਅੱਜ ਇਥੇ ਇਕ ਬਿਆਨ ਵਿਚ ਕਿਹਾ ਕਿ ਰਾਜ ਸਰਕਾਰ ਨੂੰ ਫਿਰਕੂ ਅਤੇ ਮੂਲਵਾਦੀ ਤਾਕਤਾਂ ਨਾਲ ਸਖਤੀ ਨਾਲ ਨਿਪਟਣਾ ਚਾਹੀਦਾ ਹੈ। ਉਨ੍ਹਾਂ ਨੇ ਅੱਗਜ਼ਨੀ ਅਤੇ ਲੁੱਟਮਾਰ ਦੀਆਂ ਘਟਨਾਵਾਂ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਹਿੰਸਾ ਦੌਰਾਨ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਊਧਮਪੁਰ (ਪ. ਟ. ਬ.) – ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਕਰਫਿਊ ਦੇ ਅਸਰ ਹੇਠਲੇ ਇਲਾਕਿਆਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਫਿਰਕੂ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ।

ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਤਕ 16 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀਆਂ ਦੀ ਗਿਣਤੀ ਵਧ ਜਾਣ ਦੀ ਸੰਭਾਵਨਾ ਹੈ ਕਿਉਂਕਿ ਪੁਲੀਸ ਵਲੋਂ ਕਈ ਘਰਾਂ ਉਤੇ ਛਾਪੇ ਮਾਰਨ ਦੀ ਮੁਹਿੰਮ ਜਾਰੀ ਹੈ।

ਵਿਧਾਇਕ ਬਾਲਕ ਰਾਮ ਨੇ ਊਧਮਪੁਰ ਵਿਖੇ ਵਾਪਰੀਆਂ ਘਟਨਾਵਾਂ ਦੀ ਸਖਤ ਨਿਖੇਧੀ ਕਰਦਿਆਂ ਅਦਾਲਤੀ ਜਾਂਚ ਦੀ ਮੰਗ ਕੀਤੀ ਹੈ।

ਯੂ. ਐਨ. ਆਈ. ਅਨੁਸਾਰ ਜੰਮੂ ਤੇ ਕਸ਼ਮੀਰ ਸਰਕਾਰ ਨੇ ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ਦੁਆਰਾ ਪ੍ਰਸਾਰਤ ਕੀਤੀਆਂ ਗਈਆਂ ਉਨ੍ਹਾਂ ਰਿਪੋਰਟਾਂ ਨੂੰ ਝੁਠਲਾਇਆ ਹੈ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਊਧਮਪੁਰ ਵਿਚ ਹਿੰਸਾ ਅਤੇ ਪੁਲੀਸ ਫਾਇਰਿੰਗ ਨਾਲ ਅੱਜ ਸਵੇਰੇ 7 ਵਿਅਕਤੀ ਮਾਰੇ ਗਏ ਸਨ।

ਇਕ ਸਰਕਾਰੀ ਬੁਲਾਰੇ ਨੇ ਇਸ ਰਿਪੋਰਟ ਨੂੰ ਨਿਰਆਧਾਰ ਅਤੇ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਊਧਮਪੁਰ ਵਿਚ ਕਰਫਿਊ ਲੱਗਣ ਤੋਂ ਪਹਿਲਾਂ ਜਾਂ ਬਾਅਦ ਵਿਚ ਕੋਈ ਮੌਤ ਨਹੀਂ ਹੋਈ।

ਊਧਮਪੁਰ ਦੇ ਕਰਫਿਊ ਵਾਲੇ ਇਲਾਕੇ ਅੰਦਰ ਹਾਲਤ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ।

ਨਵੀਂ ਦਿੱਲੀ ਤੋਂ ਯੂ. ਐਨ. ਆਈ. ਅਨੁਸਾਰ ਭਾਰਤੀ ਜਨਤਾ ਪਾਰਟੀ ਨੇ ਪਿਛਲੇ ਹਫਤੇ ਜੰਮੂ ਵਿਚ ਹੋਈਆਂ ਹਿੰਸਕ ਘਟਨਾਵਾਂ ਉਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਭਾਜਪਾ ਦੇ ਜਨਰਲ ਸਕੱਤਰ ਕ੍ਰਿਸ਼ਨੀਲਾਲ ਨੇ ਅੱਜ ਇਥੇ ਕਿਹਾ ਕਿ ਜੰਮੂ ਅਤੇ ਹੋਰ ਥਾਵਾਂ ਉਤੇ ਹਿੰਸਕ ਘਟਨਾਵਾਂ ਦੇ ਭੜਕਣ ਨੂੰ ਰੋਕਣ ਵਿਚ ਸਰਕਾਰ ਦੀ ਅਸਫਲਤਾ ਦੇ ਸਪਸ਼ਟ ਸਬੂਤ ਹਨ।

ਉਨ੍ਹਾਂ ਮੰਗ ਕੀਤੀ ਕਿ ਅਦਾਲਤੀ ਜਾਂਚ ਦਾ ਘੇਰਾ ਵਧਾਇਆ ਜਾਣਾ ਚਾਹੀਦਾ ਹੈ ਤਾਂ ਜੋ ਸਾਰੇ ਪੱਖ ਇਸ ਦੇ ਘੇਰੇ ਵਿਚ ਆ ਜਾਣ ਅਤੇ ਇਸ ਸਮੇਂ ਦੌਰਾਨ ਦੇ ਦੋਸ਼ੀਆਂ ਦੀ ਜ਼ਿੰਮੇਵਾਰੀ ਨਿਰਧਾਰਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਹਿੰਸਾ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਉਚਿਤ ਮੁਆਵਜ਼ਾ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦੇ ਕੰਮ ਵਿਚ ਕੋਈ ਦੇਰੀ ਨਹੀਂ ਕਰਨੀ ਚਾਹੀਦੀ।

ਸ੍ਰੀ ਸ਼ਰਮਾ ਨੇ ਕਿਹਾ ਕਿ ਜੰਮੂ ਦਾ ਕੌੜਾ ਤਜਰਬਾ ਸਾਰੀਆਂ ਦੇਸ਼ ਭਗਤ ਤਾਕਤਾਂ ਲਈ

(ਬਾਕੀ ਸਫਾ 8 ਕਾਲਮ 1)

ਅਕਾਲੀ, ਅਤਿਵਾਦ ਦਾ ਖੁੱਲ੍ਹੇਆਮ ਡਟ ਕੇ ਵਿਰੋਧ ਕਰਨ – ਬਿਅੰਤ ਸਿੰਘ

ਬਟਾਲਾ, 16 ਜਨਵਰੀ (ਨਿਜੀ ਪੱਤਰ ਪ੍ਰੇਰਕ) – ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਬਿਅੰਤ ਸਿੰਘ ਨੇ ਕਿਹਾ ਹੈ ਕਿ ਅਗਰ ਅਕਾਲੀ ਸਿਆਸਤ ਵਿਚ ਰਹਿਣਾ ਚਾਹੁੰਦੇ ਹਨ ਤਾਂ ਅਤਿਵਾਦ ਦੀਆਂ ਘਟਨਾਵਾਂ ਦਾ ਡਟ ਕੇ ਵਿਰੋਧ ਕਰਨ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਬਿਅੰਤ ਸਿੰਘ ਨੇ ਕਿਹਾ ਕਿ ਦਹਿਸ਼ਤਗਰਦਾਂ ਨੇ ਸਿੱਖੀ ਰਵਾਇਤਾਂ ਨੂੰ ਛਿੱਕੇ ਟੰਗ ਰੱਖਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਦੀ ਹੱਤਿਆ ਕੀਤੀ ਗਈ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ 'ਤੇ ਦਰਬਾਰ ਸਾਹਿਬ ਅੰਦਰ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਦੀ ਹੱਤਿਆ ਕੀਤੀ ਗਈ, ਅਜਿਹੇ ਹਤਿਆਰਿਆਂ ਦਾ ਧਰਮ ਕਿਥੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਕਿਉਂ ਅਤਿਵਾਦ ਦਾ ਵਿਰੋਧ ਨਹੀਂ ਕਰਦੇ। ਜੇਕਰ ਉਹ ਸਿਆਸਤ ਵਿਚ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਅਤਿਵਾਦ ਦਾ ਖੁੱਲ੍ਹ ਕੇ ਵਿਰੋਧ ਕਰਨਾ ਪਵੇਗਾ।

ਕਾਂਗਰਸ ਮੁਖੀ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਕਿ ਅਤਿਵਾਦ ਕਾਂਗਰਸ (ਆਈ) ਦੀ ਦੇਣ ਹੈ। ਉਨ੍ਹਾਂ ਕਿਹਾ ਕਿ ਕਾਂਗਰਸ (ਆਈ) ਹਾਕਮ ਪਾਰਟੀ ਹੈ ਤੇ ਉਹ ਖੁਦ ਹੀ ਕਿਵੇਂ ਮਾਹੌਲ ਵਿਗਾੜ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਆਨੰਦਪੁਰ ਸਾਹਿਬ ਦਾ ਮਤਾ ਅਤੇ ਖਾਲਿਸਤਾਨ ਇਕੋ ਚੀਜ਼ ਹਨ। ਜੰਮੂ ਘਟਨਾ ਦੀ ਉਨ੍ਹਾਂ ਸਖਤ ਨਿਖੇਧੀ ਕੀਤੀ।

ਸਤਵੰਤ ਸਿੰਘ, ਕਿਹਰ ਸਿੰਘ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਜ਼ਾਏ ਮੌਤ ਸਰਕਾਰ ਨੇ ਨਹੀਂ ਅਦਾਲਤ ਨੇ ਦਿੱਤੀ ਹੈ। ਉਨ੍ਹਾਂ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਇਕ ਦੋ ਦਿਨ ਨਹੀਂ, ਪੂਰੇ ਸਾਢੇ ਚਾਰ ਸਾਲ ਦਾ ਸਮਾਂ ਮਿਲਿਆ ਹੈ।

ਅਕਾਲੀ ਦਲ ਦੀ 20 ਨੂੰ ਮੀਟਿੰਗ ਸੱਦੀ

ਚੰਡੀਗੜ੍ਹ, 16 ਜਨਵਰੀ (ਸਟਾਫ ਰਿਪੋਰਟਰ) – ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਐਕਟਿੰਗ ਪ੍ਰਧਾਨ ਜਥੇਦਾਰ ਤੋਤਾ ਸਿੰਘ ਨੇ ਜ਼ਿਲਾ ਜਥੇਦਾਰਾਂ ਦੀ ਵਿਸ਼ੇਸ਼ ਮੀਟਿੰਗ 20 ਜਨਵਰੀ ਨੂੰ ਚੰਡੀਗੜ੍ਹ ਪਾਰਟੀ ਦੇ ਸਬ ਆਫਿਸ ਵਿਚ ਬੁਲਾ ਲਈ ਹੈ। ਮੀਟਿੰਗ ਦਿਨ ਦੇ ਇਕ ਵਜੇ ਹੋਵੇਗੀ।

ਮੀਟਿੰਗ ਵਿਚ ਵਰਤਮਾਨ ਪੰਜਾਬ ਸਥਿਤੀ ਉਤੇ ਗੌਰ ਹੋਵੇਗੀ।

ਉਤਰੀ ਭਾਰਤ ਫਿਰ ਠੰਢੀਆਂ ਹਵਾਵਾਂ ਦੀ ਜਕੜ ਵਿਚ

ਚੰਡੀਗੜ੍ਹ, 16 ਜਨਵਰੀ (ਪੱਤਰ ਪ੍ਰੇਰਕ) – ਠੰਡੀਆਂ ਹਵਾਵਾਂ ਚੱਲਣ ਨਾਲ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਮੁੜ ਸਰਦੀ ਦੀ ਲਪੇਟ ਵਿਚ ਆ ਗਏ।

ਹਿਮਾਚਲ ਪ੍ਰਦੇਸ਼ ਦੇ ਕਬਾਇਲੀ ਤੇ ਉਪਰਲੇ ਖੇਤਰਾਂ ਵਿਚ ਤਾਪਮਾਨ ਮਨਫੀ ਦੋ ਡਿਗਰੀ ਤੋਂ ਮਨਫੀ 25 ਡਿਗਰੀ ਤਕ ਰਹਿਣ ਕਾਰਨ ਜਨਜੀਵਨ ਠੱਪ ਰਿਹਾ। ਸ਼ਿਮਲੇ ਤੇ ਇਸ ਦੇ ਆਸਪਾਸ ਦੇ ਖੇਤਰਾਂ ਵਿਚ ਪਾਣੀ ਨਲਕਿਆਂ ਵਿਚ ਜੰਮ ਜਾਣ ਕਰ ਕੇ ਲੋਕਾਂ ਲਈ ਪਾਣੀ ਦੀ ਸਮੱਸਿਆ ਪੈਦਾ ਹੋ ਗਈ। ਕਲਪਾ ਹਿਮਾਚਲ ਪ੍ਰਦੇਸ਼ ਵਿਚ ਸਭ ਤੋਂ ਠੰਢੀ ਥਾਂ ਰਹੀ ਤੇ ਘੱਟ ਤੋਂ ਘੱਟ ਤਾਪਮਾਨ ਮਨਫੀ 10.5 ਡਿਗਰੀ ਰਿਕਾਰਡ ਕੀਤਾ ਗਿਆ।

ਪੰਜਾਬ ਵਿਚ ਕਪੂਰਥਲੇ ਸਭ ਤੋਂ ਘੱਟ 1.8 ਡਿਗਰੀ ਤਾਪਮਾਨ ਰਿਕਾਰਡ ਕੀਤਾ ਗਿਆ ਜਦੋਂ ਕਿ ਅੰਮ੍ਰਿਤਸਰ ਵਿਚ ਤਿੰਨ ਡਿਗਰੀ, ਪਟਿਆਲਾ ਵਿਚ 4.1 ਡਿਗਰੀ, ਜਲੰਧਰ ਵਿਚ 4.4 ਡਿਗਰੀ ਤਾਪਮਾਨ ਰਿਕਾਰਡ ਕੀਤਾ ਗਿਆ।

ਹਰਿਆਣਾ ਵਿਚ ਘੱਟ ਤੋਂ ਘੱਟ 3.5 ਡਿਗਰੀ ਤਾਪਮਾਨ ਸਭ ਤੋਂ ਘੱਟ ਰਿਕਾਰਡ ਕੀਤਾ ਗਿਆ। ਕਰਨਾਲ ਵਿਚ 4.4 ਡਿਗਰੀ, ਹਿਸਾਰ ਵਿਚ 4.5 ਡਿਗਰੀ ਘੱਟ ਤੋਂ ਘੱਟ ਤਾਪਮਾਨ ਰਿਕਾਰਡ ਕੀਤਾ ਗਿਆ। ਚੰਡੀਗੜ੍ਹ ਵਿਚ ਅੱਜ ਬੱਦਲ ਛਾਏ ਰਹੇ ਤੇ ਠੰਢੀਆਂ ਹਵਾਵਾਂ ਚਲਦੀਆਂ ਰਹੀਆਂ। ਇਥੇ ਘੱਟ ਤੋਂ ਘੱਟ 4 ਡਿਗਰੀ ਤਾਪਮਾਨ ਰਿਕਾਰਡ ਕੀਤਾ ਗਿਆ ਤੇ ਇਹ ਨਾਰਮਲ ਤਾਪਮਾਨ ਨਾਲੋਂ ਤਿੰਨ ਡਿਗਰੀ ਘੱਟ ਸੀ।

ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ ਅਗਲੇ 24 ਘੰਟਿਆਂ ਵਿਚ ਹਿਮਾਚਲ ਪ੍ਰਦੇਸ਼ ਦੇ ਕੁਝ ਇਲਾਕਿਆਂ ਵਿਚ ਬਰਫ ਤੇ ਵਰਖਾ ਪੈਣ ਦੀ ਸੰਭਾਵਨਾ ਹੈ।

ਸੀਤ ਲਹਿਰਾਂ ਨੇ ਪਹਿਲਾਂ ਹੀ ਹਿਮਾਚਲ ਪ੍ਰਦੇਸ਼ ਅੰਦਰ ਘੱਟੋ ਘੱਟ 15 ਜਾਨਾਂ, ਪੰਜਾਬ; ਜੰਮੂ-ਕਸ਼ਮੀਰ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਦੋ ਜਾਨਾਂ ਲਈਆਂ ਹਨ।

ਅੰਮ੍ਰਿਤਸਰ ਅਤੇ ਆਲੇ ਦੁਆਲੇ ਦੇ ਇਲਾਕਿਆਂ ਅੰਦਰ ਠੰਢ ਕੁਝ ਘਟਣ ਨਾਲ ਲੋਕਾਂ ਨੇ ਰਾਹਤ ਮਹਿਸੂਸ ਕੀਤੀ।

ਜੰਮੂ ਅਤੇ ਕਸ਼ਮੀਰ ਦੇ ਲੋਕ ਸਾਧਾਰਣ ਨਾਲੋਂ ਘੱਟ ਤਾਪਮਾਨ ਹੇਠ ਰਹੇ।

ਜੰਮੂ ਅਤੇ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਉਚੇ ਇਲਾਕਿਆਂ ਅੰਦਰ ਬਰਫਬਾਰੀ ਹੋਣ ਦਾ ਸਮਾਚਾਰ ਮਿਲਿਆ ਹੈ।

ਪ੍ਰੇਮ ਨਜ਼ੀਰ ਨੂੰ ਹਜ਼ਾਰਾਂ ਲੋਕਾਂ ਵਲੋਂ ਸ਼ਰਧਾਂਜਲੀ

ਮਦਰਾਸ, 16 ਜਨਵਰੀ (ਯੂ. ਐਨ. ਆਈ., ਪੀ. ਟੀ. ਆਈ.) – ਉਘੇ ਬਜ਼ੁਰਗ ਮਲਿਆਲਮ ਫਿਲਮ ਐਕਟਰ ਪ੍ਰੇਮ ਨਜ਼ੀਰ ਦਾ ਜ਼ਿੰਦਗੀ ਲਈ ਕਈ ਦਿਨ ਘੋਲ ਕਰਨ ਪਿੱਛੋਂ ਅੱਜ ਸਵੇਰੇ ਇਥੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਿਹਾਂਤ ਹੋ ਗਿਆ। ਇਸ ਨਾਲ ਫਿਲਮੀ ਹਲਕਿਆਂ ਅੰਦਰ ਮਾਤਮ ਛਾ ਗਿਆ। ਉਹ ਇਸ ਵੇਲੇ 61 ਸਾਲ ਦੇ ਸਨ ਅਤੇ ਮਲਿਆਲਮ ਫਿਲਮਾਂ ਦੇ ਸਦਾ ਬਹਾਰ ਹੀਰੋ ਵਜੋਂ ਜਾਣੇ ਜਾਂਦੇ ਸਨ।

ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੱਜ ਸਵੇਰੇ 9.45 ਉਤੇ ਮਦਰਾਸ - ਤ੍ਰਿਵੇਂਦਰਮ ਫਲਾਈਟ ਉਤੇ ਤ੍ਰਿਵੇਂਦਰਮ ਲੈ ਜਾਇਆ ਗਿਆ।

ਉਨ੍ਹਾਂ ਦੇ ਪਰਿਵਾਰਕ ਸੂਤਰਾਂ ਨੇ ਕਿਹਾ ਕਿ ਉਨ੍ਹਾਂ ਦੀ ਦੇਹ ਨੂੰ ਉਨ੍ਹਾਂ ਦੇ ਜੱਦੀ ਕਸਬੇ ਚਿਰੇਇਨਕਿਲ ਲੈ ਜਾਣ ਤੋਂ ਪਹਿਲਾਂ ਜਨਤਾ ਦੇ ਦਰਸ਼ਨਾਂ ਲਈ ਤ੍ਰਿਵੇਂਦਰਮ ਵਿਖੇ ਰੱਖਿਆ ਜਾਵੇਗਾ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਜੱਦੀ ਕਸਬੇ ਵਿਚ ਅੱਜ ਸ਼ਾਮ ਕੀਤਾ ਜਾਵੇਗਾ।

ਉਹ ਆਪਣੇ ਪਿੱਛੇ ਪਤਨੀ, ਇਕ ਪੁੱਤਰ ਅਤੇ ਤਿੰਨ ਪੁੱਤਰੀਆਂ ਛੱਡ ਗਏ ਹਨ।

ਵਰਨਣਯੋਗ ਹੈ ਕਿ ਪ੍ਰੇਮ ਨਜ਼ੀਰ ਨੂੰ 26 ਦਸੰਬਰ ਨੂੰ ਹਸਪਤਾਲ ਵਿਚ ਅਲਸਰ ਦੀ ਬੀਮਾਰੀ ਕਾਰਨ ਮੂੰਹ ਵਿਚੋਂ ਖੂਨ ਵਹਿਣ ਕਰ ਕੇ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੀ ਹਾਲਤ ਵਿਚ ਹੌਲੀ ਹੌਲੀ ਸੁਧਾਰ ਹੋ ਰਿਹਾ ਸੀ। ਕੱਲ੍ਹ ਵਾਇਰਲ ਬੁਖਾਰ ਕਾਰਨ ਉਨ੍ਹਾਂ ਦੀ ਹਾਲਤ ਅਚਾਨਕ ਵਿਗੜਨੀ ਸ਼ੁਰੂ ਹੋ ਗਈ ਅਤੇ ਬੁਖਾਰ ਸਿੱਧਾ ਦਿਮਾਗ ਉਤੇ ਅਸਰ ਕਰਨ ਕਰ ਕੇ ਉਨ੍ਹਾਂ ਦਾ ਦਿਹਾਂਤ ਹੋ ਗਿਆ। ਡਾਕਟਰ ਦਾ ਕਹਿਣਾ ਹੈ ਕਿ ਬੀਤੀ ਰਾਤ ਉਨ੍ਹਾਂ ਦੀ ਹਾਲਤ ਬੇਹੱਦ ਵਿਗੜ ਗਈ ਸੀ ਅਤੇ ਉਹ ਉਸ ਹਾਲਤ ਵਿਚੋਂ ਨਿਕਲ ਹੀ ਨਹੀਂ ਸਕੇ।

ਉਨ੍ਹਾਂ ਦਾ ਜਨਮ ਚਿਰੇਇਨਕਿਲ ਜ਼ਿਲਾ ਤ੍ਰਿਵੇਂਦਰਮ ਵਿਚ 1927 ਵਿਚ ਹੋਇਆ ਸੀ। ਨਜ਼ੀਰ ਨੇ ਆਪਣਾ ਫਿਲਮੀ ਜੀਵਨ 1952 ਵਿਚ 'ਮਾਰੂਮਾਗਾਲ' ਫਿਲਮ ਤੋਂ ਸ਼ੁਰੂ ਕੀਤਾ ਸੀ। ਉਨ੍ਹਾਂ ਨੇ 36 ਸਾਲਾਂ ਦੇ ਅਰਸੇ ਵਿਚ 700 ਤੋਂ ਉਪਰ ਫਿਲਮਾਂ ਵਿਚ ਕੰਮ ਕੀਤਾ। ਇੰਨੀ ਵੱਡੀ ਗਿਣਤੀ ਅੰਦਰ ਫਿਲਮਾਂ ਵਿਚ ਕੰਮ ਕਰਨ ਕਰ ਕੇ ਉਨ੍ਹਾਂ ਦਾ ਨਾਂ ਗਿਨੀਜ਼ ਰਿਕਾਰਡ ਬੁੱਕ ਵਿਚ ਦਰਜ ਹੈ।

ਉਨ੍ਹਾਂ ਨੂੰ 1985 ਵਿਚ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਬਹੁਤ ਸਾਰੇ ਰਾਸ਼ਟਰੀ ਫਿਲਮ ਅਵਾਰਡ ਪ੍ਰਾਪਤ ਕਰਨ ਦਾ ਵੀ ਮਾਣ ਹਾਸਲ ਹੈ।

ਉਨ੍ਹਾਂ ਦੀ ਮੌਤ ਉਤੇ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਫਿਲਮੀ ਖੇਤਰ ਦੇ ਲੋਕਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਸੂਚਨਾ ਅਤੇ ਪ੍ਰਸਾਰਣ ਮੰਤਰੀ ਸ੍ਰੀ ਭਗਤ ਨੇ ਨਜ਼ੀਰ ਦੇ ਦਿਹਾਂਤ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਸ ਮਹਾਨ ਕਲਾਕਾਰ ਵਲੋਂ ਮਲਿਆਲਮ ਸਿਨਮੇ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਨੂੰ ਲੰਮੇ ਸਮੇਂ ਤੱਕ ਯਾਦ ਰੱਖਿਆ ਜਾਵੇਗਾ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਸ੍ਰੀ ਕ੍ਰਿਸ਼ਨਾ ਕੁਮਾਰ ਨੇ ਆਪਣੇ ਸੰਦੇਸ਼ ਵਿਚ ਕਿਹਾ ਹੈ ਕਿ ਸ੍ਰੀ ਨਜ਼ੀਰ ਨੇ ਮਲਿਆਲਮ ਸਿਨਮੇ ਲਈ ਕੌਮਾਂਤਰੀ ਸਨਮਾਨ ਜਿੱਤਿਆ।

ਫਿਲਮ ਫੈਡਰੇਸ਼ਨ ਆਫ ਇੰਡੀਆ ਦੇ ਸਕੱਤਰ ਐਸ. ਸੇਨ ਨੇ ਕਿਹਾ ਕਿ ਸ੍ਰੀ ਨਜ਼ੀਰ ਦੀ ਮੌਤ ਨਾਲ ਫਿਲਮ ਸਨਅਤ ਨੂੰ ਖਾਸ ਕਰ ਕੇ ਦੱਖਣੀ ਭਾਰਤ ਨੂੰ ਭਾਰੀ ਘਾਟਾ ਪਿਆ ਹੈ।

ਤਾਮਿਲਨਾਡੂ ਵਿਚ ਡੀ.ਐਮ.ਕੇ. ਫਰੰਟ ਜਿੱਤ ਵਲ

ਮਦਰਾਸ, 16 ਜਨਵਰੀ: ਤਾਮਿਲਨਾਡੂ ਦੀਆਂ ਅਸੈਂਬਲੀ ਚੋਣਾਂ ਲਈ ਵੋਟਾਂ ਪੈਣ ਵਿਚ ਭਾਵੇਂ ਕੁਝ ਹੀ ਦਿਨ ਬਾਕੀ ਰਹਿ ਗਏ ਹਨ ਪਰ ਇਕ ਸਰਵੇ ਅਨੁਸਾਰ ਡੀ. ਐਮ. ਕੇ. ਪਾਰਟੀ ਦੀ ਅਗਵਾਈ ਹੇਠਲਾ ਫਰੰਟ ਭਾਰੀ ਬਹੁਮੱਤ ਨਾਲ ਜਿੱਤ ਵਲ ਅੱਗੇ ਵਧ ਰਿਹਾ ਹੈ।

ਮਦਰਾਸ ਤੋਂ ਛਪਦੇ ਉਘੇ ਅਖਬਾਰ ''ਹਿੰਦੂ'' ਦੇ ਇਕ ਰੀਸਰਚ ਗਰੁਪ ਵਲੋਂ ਕੀਤੇ ਸਰਵੇਖਣ ਦਾ ਦਿਲਚਸਪ ਪਹਿਲੂ ਇਹ ਹੈ ਕਿ ਕਾਂਗਰਸ (ਆਈ) ਦੀ ਅਗਵਾਈ ਹੇਠਲਾ ਫਰੰਟ ਦੂਜੇ ਨੰਬਰ 'ਤੇ ਹੈ ਜਦ ਕਿ ਆਲ ਇੰਡੀਆ ਅੰਨਾ ਡੀ. ਐਮ. ਕੇ. (ਜੈਲਲਿਤਾ) ਕਾਂਗਰਸ (ਆਈ) ਨਾਲੋਂ ਕਿਤੇ ਪਿੱਛੇ ਹੈ। ਜਾਨਕੀ ਗਰੁਪ ਸਭ ਤੋਂ ਪਿੱਛੇ ਜਾ ਰਿਹਾ ਹੈ।

10 ਫੀਸਦ ਵੋਟਰ ਅਜਿਹੇ ਹਨ ਜਿਨ੍ਹਾਂ ਨੇ ਵੋਟ ਪਾਉਣ ਬਾਰੇ ਆਪਣੀ ਰਾਇ ਅਜੇ ਨਹੀਂ ਬਣਾਈ ਜਾਂ ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੀ ਰਾਇ ਪ੍ਰਗਟ ਹੀ ਨਹੀਂ ਕਰਨਾ ਚਾਹੁੰਦੇ।

'ਹਿੰਦੂ' ਅਖਬਾਰ ਵਲੋਂ ਕਰਾਏ ਸਰਵੇਖਣ ਵਿਚ ਰਾਜ ਦੀਆਂ 25 ਪ੍ਰਤੀਨਿਧ ਅਸੈਂਬਲੀਆਂ ਚੁਣੀਆਂ ਗਈਆਂ। 5259 ਵੋਟਰਾਂ ਦੀ ਰਾਇ ਲਈ ਗਈ ਜਿਨ੍ਹਾਂ ਵਿਚੋਂ 45 ਫੀਸਦ ਔਰਤਾਂ ਸਨ। ਇਹ ਇੰਟਰਵਿਊ 12 ਤੇ 13 ਮਈ ਨੂੰ ਲਈ ਗਈ। ਇਸ ਵਿਚ ਸਿਰਫ 3 ਫੀਸਦ ਦੀ ਗਲਤੀ ਇਧਰ ਉਧਰ ਹੋ ਸਕਦੀ ਹੈ।

ਸਰਵੇ ਅਨੁਸਾਰ ਭਾਵੇਂ ਡੀ. ਐਮ. ਕੇ. ਦੇ ਹੱਕ ਵਿਚ ਕੋਈ ਲਹਿਰ ਨਹੀਂ ਚਲ ਰਹੀ ਤਾਂ ਵੀ ਡੀ. ਐਮ. ਕੇ. 1977 ਦੀਆਂ ਅਸੈਂਬਲੀ ਚੋਣਾਂ ਵਾਂਗ ਹੂੰਝਾ ਫੇਰ ਦੇਵੇਗੀ। ਇਸ ਨੂੰ ਕੁੱਲ ਪਈਆਂ ਵੋਟਾਂ ਦਾ 35.59 ਫੀਸਦ ਹਾਸਲ ਹੋਣ ਦਾ ਅਨੁਮਾਨ ਹੈ ਜਦ ਕਿ ਕਾਂਗਰਸ (ਆਈ) ਨੂੰ 25.10 ਫੀਸਦ, ਜੈਲਲਿਤਾ ਗਰੁਪ ਨੂੰ 15.68 ਫੀਸਦ ਤੇ ਜਾਨਕੀ ਗਰੁਪ ਨੂੰ 11.93 ਫੀਸਦ ਵੋਟਾਂ ਹਾਸਲ ਹੋਣਗੀਆਂ।

ਡੀ. ਐਮ. ਕੇ. ਦੀ ਅਗਵਾਈ ਹੇਠਲੇ ਫਰੰਟ ਵਿਚ ਸੀ. ਪੀ. ਐਮ. ਵੀ ਸ਼ਾਮਲ ਹੈ। ਇਸ ਦਾ ਆਧਾਰ ਚੋਖਾ ਮਜ਼ਬੂਤ ਹੈ। ਡੀ. ਐਮ. ਕੇ. ਨੇਤਾ ਸ੍ਰੀ ਐਮ. ਕਰੁਨਾਨਿਧੀ ਬਾਕੀ ਰਾਜਸੀ ਨੇਤਾਵਾਂ ਨਾਲੋਂ ਬਹੁਤ ਅੱਗੇ ਹੈ ਤੇ ਸੰਭਵ ਤੌਰ 'ਤੇ ਉਹੋ ਹੀ ਤਾਮਿਲਨਾਡੂ ਦਾ ਮੁੱਖ ਮੰਤਰੀ ਬਣੇਗਾ ਜਿਸ ਨੂੰ ਕੁੱਲ ਵੋਟਰਾਂ ਵਿਚੋਂ 37.56 ਫੀਸਦ ਹਮਾਇਤ ਹਾਸਲ ਹੈ। ਕਾਂਗਰਸ (ਆਈ) ਨੇਤਾ ਜੀ. ਕੇ. ਮੂਪਨਾਰ ਨੂੰ 24.19 ਫੀਸਦ, ਜੈਲਲਿਤਾ ਨੂੰ 17 ਫੀਸਦ ਅਤੇ ਜਾਨਕੀ ਨੂੰ 12.31 ਫੀਸਦ ਵੋਟਾਂ ਮਿਲ ਰਹੀਆਂ ਹਨ।

ਕਰੁਨਾਨਿਧੀ ਨੂੰ ਮੁੱਖ ਮੰਤਰੀ ਲਈ ਇਸ ਵਾਸਤੇ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਉਹ ਯੋਗ ਪ੍ਰਸ਼ਾਸਕ ਹੈ ਜਦ ਕਿ ਜੈਲਲਿਤਾ ਤੇ ਜਾਨਕੀ ਨੂੰ ਇਸ ਲਈ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਉਹ ਸਵਰਗਵਾਸੀ ਮੁੱਖ ਮੰਤਰੀ ਐਮ. ਜੀ. ਰਾਮਾਚੰਦਰਨ ਦੇ ਵਾਰਸ ਹਨ।

ਸਰਵੇ ਅਨੁਸਾਰ ਸ੍ਰੀਲੰਕਾ ਵਿਚ ਤਾਮਿਲਾਂ ਦਾ ਮਸਲਾ ਜਾਂ ਉਥੇ ਭਾਰਤੀ ਸ਼ਾਂਤੀ ਸੈਨਾ ਦੀ ਮੌਜੂਦਗੀ ਚੋਣਾਂ ਵਿਚ ਮੁੱਖ ਮੁੱਦਾ ਨਹੀਂ ਹੈ। 36.04 ਫੀਸਦ ਤਾਮਿਲਾਂ ਦਾ ਕਹਿਣਾ ਹੈ ਕਿ ਸ੍ਰੀਲੰਕਾ ਦੇ ਤਾਮਿਲਾਂ ਬਾਰੇ ਭਾਰਤ ਦੀ ਨੀਤੀ ਠੀਕ ਹੈ ਜਦ ਕਿ 29.25 ਫੀਸਦ ਇਸ ਨੀਤੀ ਦੇ ਵਿਰੁਧ ਹਨ। 34.71 ਫੀਸਦ ਵੋਟਰ ਇਸ ਵਿਸ਼ੇ ਉਤੇ ਕੋਈ ਵੀ ਟਿੱਪਣੀ ਕਰਨ ਲਈ ਤਿਆਰ ਨਹੀਂ ਹਨ।

50 ਫੀਸਦ ਵੋਟਰਾਂ ਦਾ ਕਹਿਣਾ ਹੈ ਕਿ ਪਿਛਲੇ 5 ਸਾਲਾਂ ਵਿਚ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਕੋਈ ਤਬਦੀਲੀ ਨਹੀਂ ਆਈ। 30 ਫੀਸਦ ਵੋਟਰਾਂ ਦਾ ਕਹਿਣਾ ਹੈ ਕਿ ਆਰਥਿਕ ਹਾਲਤ ਹੋਰ ਵੀ ਮੰਦੀ ਹੋ ਗਈ ਹੈ ਜਦ ਕਿ 18 ਫੀਸਦ ਵੋਟਰਾਂ ਦਾ ਕਹਿਣਾ ਹੈ ਕਿ ਹਾਲਤ ਸੁਧਰੀ ਹੈ।

ਸਰਵੇ ਦਾ ਇਕ ਹੋਰ ਵਰਨਣਯੋਗ ਨੁਕਤਾ ਇਹ ਹੈ ਕਿ ਮਰਦ ਵੋਟਰਾਂ, ਔਰਤ ਵੋਟਰਾਂ, 21 ਤੋਂ 35 ਸਾਲ ਤਕ ਦੇ ਵੋਟਰਾਂ, 36 ਤੋਂ 50 ਸਾਲ ਤਕ ਦੇ ਵੋਟਰਾਂ ਨੇ ਡੀ. ਐਮ. ਕੇ. ਦੇ ਹੱਕ ਵਿਚ ਹੀ ਵੋਟ ਪਾਈ ਹੈ। ਇਸ ਤੋਂ ਇਲਾਵਾ ਉਮਰ ਦੇ ਲਗਭਗ ਹਰੇਕ ਵਰਗ ਨੇ ਨੰਬਰ 2 ਉਤੇ ਕਾਂਗਰਸ (ਆਈ) ਨੂੰ ਰੱਖਿਆ ਹੈ ਪਰ ਕਾਂਗਰਸ ਡੀ. ਐਮ. ਕੇ. ਫਰੰਟ ਤੋਂ ਬਹੁਤ ਪਿੱਛੇ ਹੈ। 21 ਤੋਂ 35 ਸਾਲ ਦੀ ਉਮਰ ਦੇ ਵੋਟਰਾਂ ਵਿਚੋਂ 39.13 ਫੀਸਦ ਡੀ. ਐਮ. ਕੇ. ਫਰੰਟ ਅਤੇ 19.90 ਫੀਸਦ ਕਾਂਗਰਸ (ਆਈ) ਫਰੰਟ ਦੇ ਹੱਕ ਵਿਚ ਹਨ, ਜਦ ਕਿ ਜੈਲਲਿਤਾ ਗਰੁਪ ਲਈ 18.55 ਫੀਸਦ ਤੇ ਜਾਨਕੀ ਫਰੰਟ ਲਈ 11.08 ਵੋਟਾਂ ਮਿਲੀਆਂ ਹਨ।

ਸਰਵੇ ਵਿਚ ਇਕ ਹੋਰ ਦਿਲਚਸਪ ਗੱਲ ਇਹ ਉਭਰ ਕੇ ਸਾਹਮਣੇ ਆਈ ਕਿ 50 ਸਾਲ ਤੋਂ ਉਪਰਲੇ ਵਰਗ ਦੇ ਵੋਟਰਾਂ ਵਿਚੋਂ 28.16 ਫੀਸਦ ਡੀ. ਐਮ. ਕੇ. ਫਰੰਟ ਦੇ ਹੱਕ ਵਿਚ ਅਤੇ 36.93 ਫੀਸਦ ਕਾਂਗਰਸ (ਆਈ) ਦੇ ਹੱਕ ਵਿਚ ਹਨ। ਇਸ ਤੋਂ ਇਹ ਨੁਕਤਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ 50 ਸਾਲ ਤੋਂ ਉਪਰ ਦੇ ਵੋਟਰ ਕਾਂਗਰਸ (ਆਈ) ਨੂੰ ਪਸੰਦ ਕਰਦੇ ਹਨ।

ਅੰਦਰ ਦੀ ਝਾਤ

- ਰਾਮ ਜਨਮ ਭੂਮੀ, ਬਾਬਰੀ ਮਸਜਿਦ ਤੇ ਨਹਿਰੂ
- ਫਾਰਮਾਂ ਦਾ ਤਸਦੀਕੀਕਰਣ
- ਅਫਗਾਨਿਸਤਾਨ ਦੀ ਹੋਣੀ ਕੀ ਹੋਵੇਗੀ ?
- ਵਿਗਿਆਨ ਦੇ ਚਮਤਕਾਰ

ਸੰਪਾਦਕੀ

- 1. ਖਾਹ-ਮਖਾਹ ਦੀ ਬਿਆਨਬਾਜ਼ੀ
- 2. ਸਾਇੰਸ ਕਾਂਗਰਸ : ਕੁਝ ਸਵਾਲ

ਖੇਡ ਤੇ ਖਿਡਾਰੀ

- ਵਾਲੀਬਾਲ ਦੀ ਕੌਮਾਂਤਰੀ ਖਿਡਾਰਨ
- 75 ਸਾਲਾ ਨੌਜਵਾਨ
- ਮੈਂ ਮਿਸਟਰ ਇੰਡੀਆ ਬਣਾਂਗਾ
- ਪਰਗਟ ਸਿੰਘ ਨਾਲ ਵਿਸ਼ੇਸ਼ ਮੁਲਾਕਾਤ
- ਡੁੱਬ ਰਹੀ ਪਹਿਲਵਾਨੀ

★ ਪੰਜਾਬੀ ਟ੍ਰਿਬਿਊਨ

ਫਿਲਮਾਂ ਤੇ ਸਭਿਆਚਾਰ

ਸਾਲ : 11, ਅੰਕ : 156 ਚੰਡੀਗੜ੍ਹ, ਵੀਰਵਾਰ, 19 ਜਨਵਰੀ, 1989 ਮੁੱਲ : 90 ਪੈਸੇ

Regd. No. PB/CH-12

ਦੇਵ ਗੌੜਾ ਵਲੋਂ ਮੰਤਰੀ ਮੰਡਲ ਤੋਂ ਅਸਤੀਫਾ

ਬੰਗਲੌਰ, 18 ਜਨਵਰੀ, (ਯੂ. ਐਨ. ਆਈ.) –ਕਰਨਾਟਕ ਦੇ ਸਿੰਚਾਈ ਮੰਤਰੀ ਤੇ ਅਸਹਿਮਤ ਨੇਤਾ ਐਚ. ਡੀ. ਦੇਵ ਗੌੜਾ ਨੇ ਅੱਜ ਰਾਜ ਦੀ ਬੋਮਈ ਸਰਕਾਰ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਨੇ ਅਸਤੀਫਾ ਦੇਣ ਦਾ ਫੈਸਲਾ ਮੁੱਖ ਮੰਤਰੀ ਐਸ. ਆਰ. ਬੋਮਈ ਵਲੋਂ ਕੱਲ੍ਹ ਉਨ੍ਹਾਂ (ਦੇਵ ਗੌੜਾ) ਨੂੰ ਲਿਖੇ ਇਕ ਪੱਤਰ ਨੂੰ ਮੱਦੇਨਜ਼ਰ ਰੱਖਦਿਆਂ ਲਿਆ। ਪੱਤਰ ਵਿਚ ਸ੍ਰੀ ਬੋਮਈ ਨੇ

ਅਸਤੀਫਾ ਅਜੇ ਨਹੀਂ ?

ਸ੍ਰੀ ਦੇਵ ਗੌੜਾ ਨੇ ਬੁੱਧਵਾਰ ਰਾਤ ਵੇਲੇ ਨਵੀਂ ਦਿੱਲੀ ਵਿਚ ਜਨਤਾ ਦਲ ਦੇ ਸੀਨੀਅਰ ਨੇਤਾ ਸ੍ਰੀ ਚੰਦਰ ਸ਼ੇਖਰ ਨਾਲ ਲੰਬੀ ਮੀਟਿੰਗ ਕੀਤੀ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਆਪਣਾ ਅਸਤੀਫਾ ਦੇਰ ਰਾਤ ਤਕ ਮੁੱਖ ਮੰਤਰੀ ਕੋਲ ਨਹੀਂ ਪਹੁੰਚਾਇਆ। ਉਧਰ, ਸ੍ਰੀ ਬੋਮਈ ਨੇ ਆਸ ਪ੍ਰਗਟ ਕੀਤੀ ਹੈ ਕਿ ਸ੍ਰੀ ਦੇਵ ਗੌੜਾ 25 ਜਨਵਰੀ ਤਕ ਆਪਣਾ ਮਨ ਬਦਲ ਲੈਣਗੇ ਅਤੇ ਜਨਤਾ ਦਲ ਵਿਚ ਸ਼ਾਮਲ ਹੋ ਜਾਣਗੇ।

ਸ੍ਰੀ ਦੇਵ ਗੌੜਾ ਨੂੰ ਕਿਹਾ ਸੀ ਕਿ ਉਹ ਜਾਂ ਤਾਂ ਜਨਤਾ ਦਲ ਵਿਚ ਸ਼ਾਮਲ ਹੋ ਜਾਣ ਅਤੇ ਜਾਂ ਫਿਰ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ।

ਸ੍ਰੀ ਦੇਵ ਗੌੜਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਆਪਣਾ ਅਸਤੀਫਾ ਅੱਜ ਦਿੱਲੀ ਵਿਚ ਸ੍ਰੀ ਬੋਮਈ ਦੇ ਹੱਥਾਂ ਵਿਚ ਦੇ ਦੇਣਗੇ। ਉਨ੍ਹਾਂ ਕਿਹਾ ਕਿ ਜਨਤਾ ਪਾਰਟੀ ਵਿਚ ਬਣੇ ਰਹਿਣ ਅਤੇ ਜਨਤਾ ਦਲ ਵਿਚ ਸ਼ਾਮਲ ਨਾ ਹੋਣ ਦਾ ਉਨ੍ਹਾਂ ਦਾ ਫੈਸਲਾ "ਵਾਪਸ ਨਹੀਂ ਲਿਆ ਜਾ ਸਕਦਾ।"

ਸ੍ਰੀ ਦੇਵ ਗੌੜਾ ਨੇ ਇਹ ਵੀ ਕਿਹਾ ਕਿ ਸ੍ਰੀ ਬੋਮਈ ਨੇ ਆਪਣੇ ਪੱਤਰ ਵਿਚ ਉਨ੍ਹਾਂ (ਦੇਵ ਗੌੜਾ) ਨੂੰ ਮੰਤਰੀ ਮੰਡਲ ਛੱਡਣ ਬਾਰੇ ਫੈਸਲਾ ਲੈਣ ਲਈ ਸਿਰਫ ਇਕ ਦਿਨ ਦੀ ਮੋਹਲਤ ਦਿੱਤੀ ਸੀ। "ਕਿਉਂਕਿ ਮੇਰਾ ਫੈਸਲਾ ਪਹਿਲਾਂ ਹੀ ਸਪਸ਼ਟ ਸੀ, ਇਸ ਲਈ ਮੈਂ ਅਸਤੀਫਾ ਦੇ ਰਿਹਾ ਹਾਂ।"

ਬੇਇੱਜ਼ਤੀ : ਸ੍ਰੀ ਦੇਵ ਗੌੜਾ ਨੇ ਦੱਸਿਆ ਕਿ ਸ੍ਰੀ ਬੋਮਈ ਦਾ ਪੱਤਰ ਕੱਲ੍ਹ ਉਨ੍ਹਾਂ ਨੂੰ ਇਕ ਪੁਲੀਸ ਅਧਿਕਾਰੀ ਨੇ ਉਦੋਂ ਦਿੱਤਾ ਜਦੋਂ ਉਹ ਤੁਮਕੁਰ ਜ਼ਿਲ੍ਹੇ ਦਾ ਦੌਰਾ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸ੍ਰੀ ਬੋਮਈ ਨੇ ਅਜਿਹਾ ਕਰ ਕੇ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਬੇਇੱਜ਼ਤੀ ਕੀਤੀ, ਪਰ ਉਹ ਅਦਲੇ ਦਾ ਬਦਲਾ ਦੀ ਨੀਤੀ ਵਿਚ ਯਕੀਨ ਨਹੀਂ ਰੱਖਦੇ। ਉਨ੍ਹਾਂ ਕਿਹਾ : "ਮੈਂ ਆਪਣਾ ਅਸਤੀਫਾ ਖੁਦ ਜਾ ਕੇ ਸ੍ਰੀ ਬੋਮਈ ਦੇ ਹੱਥਾਂ ਵਿਚ ਸੌਂਪਾਂਗਾ।"

ਸ੍ਰੀ ਦੇਵ ਗੌੜਾ ਨੇ ਦੱਸਿਆ ਕਿ ਉਹ ਜਨਤਾ ਪਾਰਟੀ ਦੀ ਕੌਮੀ ਕਨਵੈਨਸ਼ਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਵਿਚ ਹਿੱਸਾ ਲੈਣ ਲਈ ਦਿੱਲੀ ਜਾ ਰਹੇ ਹਨ। ਇਹ ਕਨਵੈਨਸ਼ਨ ਜਨਤਾ ਪਾਰਟੀ ਦੇ ਕਾਇਮ ਮੁਕਾਮ ਪ੍ਰਧਾਨ ਸ੍ਰੀ ਇੰਦੂ ਭਾਈ ਪਟੇਲ ਨੇ ਸੱਦੀ ਹੈ।

ਹਲਫਨਾਮੇ 'ਤੇ ਦਸਤਖਤ ਨਹੀਂ ਕੀਤੇ : ਸ੍ਰੀ ਦੇਵ ਗੌੜਾ ਕਰਨਾਟਕ ਦੇ ਇਕੋ ਇਕ ਅਜਿਹੇ ਮੰਤਰੀ ਸਨ ਜਿਨ੍ਹਾਂ ਨੇ ਜਨਤਾ ਪਾਰਟੀ ਦੇ ਜਨਤਾ ਦਲ ਨਾਲ ਰਲੇਵੇਂ ਦੀ ਹਾਮੀ ਭਰਨ ਸਬੰਧੀ ਹਲਫਨਾਮੇ 'ਤੇ ਦਸਤਖਤ ਨਹੀਂ ਸਨ ਕੀਤੇ। ਉਨ੍ਹਾਂ ਕਿਹਾ ਕਿ ਸੂਬਾਈ ਜਨਤਾ ਵਿਧਾਇਕ ਪਾਰਟੀ ਦੇ ਘੱਟੋ ਘੱਟ 20 ਮੈਂਬਰ ਅਜੇ ਵੀ ਉਨ੍ਹਾਂ ਦੇ ਨਾਲ ਸਨ।

ਉਨ੍ਹਾਂ ਦੱਸਿਆ ਕਿ ਜਨਤਾ ਪਾਰਟੀ ਦੇ ਜਨਤਾ ਦਲ ਨਾਲ ਰਲੇਵੇਂ ਦੀ ਤਾਈਦ ਕਰਨ ਲਈ,

(ਬਾਕੀ ਸਫਾ 8 ਕਾਲਮ 3)

ਗੁਰਦਾਸਪੁਰ ਦੇ ਡੀ. ਏ. ਵੀ. ਗਰਲਜ਼ ਹਾਈ ਸਕੂਲ ਦੀ ਮੰਗਲਵਾਰ ਨੂੰ ਡਿੱਗੀ ਇਮਾਰਤ ਦੇ ਦੋ ਦ੍ਰਿਸ਼। ਇਸ ਹਾਦਸੇ ਵਿਚ ਅੱਠ ਵਿਦਿਆਰਥਣਾਂ ਮਾਰੀਆਂ ਗਈਆਂ ਸਨ। (ਪੀ. ਟੀ. ਆਈ. ਫੋਟੋ)

ਪਰਿਵਾਰ ਦੇ ਚਾਰ ਜੀਆਂ ਸਣੇ 8 ਦੀ ਹੱਤਿਆ; 10 ਰਫਲਾਂ ਲੁੱਟੀਆਂ

ਚੰਡੀਗੜ੍ਹ, 18 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ) – ਪੰਜਾਬ ਵਿਚ ਪਿਛਲੇ 24 ਘੰਟਿਆਂ ਦੌਰਾਨ ਇਕ ਪਰਿਵਾਰ ਦੇ ਚਾਰ ਮੈਂਬਰਾਂ ਅਤੇ ਇਕ ਸਾਬਕਾ ਫੌਜੀ ਸਮੇਤ 8 ਵਿਅਕਤੀ ਮਾਰੇ ਗਏ ਜਦੋਂ ਕਿ ਸੁਰੱਖਿਆ ਦਲਾਂ ਨੇ ਦੋ ਅਤਿਵਾਦੀਆਂ ਤੇ ਉਨ੍ਹਾਂ ਦੇ ਤਿੰਨ ਸ਼ਰਨਦਾਤਿਆਂ ਨੂੰ ਗ੍ਰਿਫਤਾਰ ਕੀਤਾ।

ਦਹਿਸ਼ਤਗਰਦਾਂ ਨੇ ਪੇਂਡੂ ਸੁਰੱਖਿਆ ਦਲ ਦੀ ਇਕ ਚੌਂਕੀ ਵਿਚੋਂ 10 ਰਾਈਫਲਾਂ ਤੇ ਗੋਲੀ-ਸਿੱਕਾ ਲੁੱਟ ਲਿਆ।

ਪਰਿਵਾਰ ਦੇ ਚਾਰ ਜੀਆਂ ਦੀਆਂ ਹੱਤਿਆਵਾਂ ਮਜੀਠਾ ਪੁਲੀਸ ਜ਼ਿਲੇ ਦੇ ਪਿੰਡ ਭੂਰੇ ਗਿਲ ਵਿਚ ਕੀਤੀਆਂ ਗਈਆਂ। ਦਹਿਸ਼ਤਗਰਦਾਂ ਦੀ ਇਕ ਟੋਲੀ ਕੱਲ੍ਹ ਦੇਰ ਰਾਤੀਂ ਪਿੰਡ ਦੇ ਇਕ ਵਸਨੀਕ ਅਨੰਤ ਰਾਮ ਦੇ ਘਰ ਦਾਖਲ ਹੋਈ ਅਤੇ ਉਸ ਨੂੰ ਤੇ ਉਸ ਦੇ ਦੋ ਪੁੱਤਰਾਂ – ਹਰਦਿਆਲ ਨਾਥ ਤੇ ਓਂਕਾਰ ਨਾਥ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਇਸੇ ਗੋਲੀ ਕਾਂਡ ਵਿਚ ਅਨੰਤ ਰਾਮ ਦਾ ਭਾਣਜਾ ਮਨੋਜ ਕੁਮਾਰ ਵੀ ਮਾਰਿਆ ਗਿਆ।

ਸਾਬਕਾ ਫੌਜੀ ਦੀ ਹੱਤਿਆ : ਪੰਜ ਦਹਿਸ਼ਤਗਰਦਾਂ ਦੇ ਗਰੋਹ ਨੇ ਕੱਲ੍ਹ ਰਾਤ ਗੁਰਦਾਸਪੁਰ ਜ਼ਿਲੇ ਦੇ ਕਾਹਨੂੰਵਾਨ ਥਾਣੇ ਦੇ ਪਿੰਡ ਨੈਨਾਦੂਆ ਵਿਚ ਸਾਬਕਾ ਫੌਜੀ ਜਵੰਦ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਅੰਮ੍ਰਿਤਸਰ ਜ਼ਿਲੇ ਦੇ ਸਰਹਾਲੀ ਥਾਣੇ ਦੇ ਪਿੰਡ ਸਰਹਾਲੀ ਮੰਡਾਂ ਦੇ ਬਾਹਰਵਾਰ ਕੁਝ ਦਹਿਸ਼ਤਗਰਦਾਂ ਹੱਥੋਂ ਇਕ ਕਿਸਾਨ ਤੇਜਿੰਦਰ ਸਿੰਘ ਮਾਰਿਆ ਗਿਆ।

ਅੰਮ੍ਰਿਤਸਰ ਜ਼ਿਲੇ ਦੇ ਹੀ ਪਿੰਡ ਚੀਮਾ ਬਾਠ ਵਿਚ ਕੱਲ੍ਹ ਰਾਤੀਂ ਪੰਚਾਇਤ ਮੈਂਬਰ ਗੁਰਦਿਆਲ ਸਿੰਘ ਦੀ ਹੱਤਿਆ ਕਰ ਦਿੱਤੀ ਗਈ।

ਹਥਿਆਰ ਲੁੱਟੇ : ਗੁਰਦਾਸਪੁਰ ਜ਼ਿਲੇ ਦੇ ਸ੍ਰੀ ਹਰਗੋਬਿੰਦਪੁਰ ਥਾਣੇ ਦੇ ਪਿੰਡ ਸਾਮਰੀ ਵਿਚ ਸੱਤ ਦਹਿਸ਼ਤਗਰਦਾਂ ਨੇ ਪੇਂਡੂ ਸੁਰੱਖਿਆ ਦਲ ਦੀ ਚੌਂਕੀ 'ਤੇ ਕੱਲ੍ਹ ਰਾਤ ਧਾਵਾ ਬੋਲਿਆ ਅਤੇ 10 ਸੈਲਫ ਲੋਡਿੰਗ ਰਾਈਫਲਾਂ, ਦਰਜਨ ਭਰੇ ਹੋਏ ਮੈਗਜ਼ੀਨ ਅਤੇ ਘੱਟੋ ਘੱਟ 600 ਗੋਲੀਆਂ ਲੁੱਟ ਕੇ ਲੈ ਗਏ। ਦਹਿਸ਼ਤਗਰਦਾਂ ਨੇ ਜਦੋਂ ਧਾਵਾ ਬੋਲਿਆ, ਉਦੋਂ ਚੌਂਕੀ ਵਿਚ ਦੋ ਵਾਲੰਟੀਅਰ ਡਿਊਟੀ ਦੇ ਰਹੇ ਸਨ। ਵਾਲੰਟੀਅਰਾਂ ਨੇ ਦਹਿਸ਼ਤਗਰਦਾਂ ਦਾ ਕੋਈ ਵਿਰੋਧ ਨਾ ਕੀਤਾ। ਹਮਲਾਵਰ ਏ. ਕੇ.-47 ਰਾਈਫਲਾਂ ਨਾਲ ਲੈਸ ਸਨ।

ਲੁਧਿਆਣਾ 'ਚ ਰੇਲ ਪਟੜੀ ਤੋਂ ਮੁੜ ਬੰਬ ਮਿਲਿਆ

ਸੀਨੀਅਰ ਪੁਲੀਸ ਅਫਸਰਾਂ ਅਨੁਸਾਰ ਦਹਿਸ਼ਤਗਰਦ "ਬੱਬਰ ਖਾਲਸਾ" ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੂੰ ਕਾਬੂ ਕਰਨ ਲਈ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਵਿਚ ਵਿਆਪਕ ਮੁਹਿੰਮ ਚਲਾਈ ਗਈ ਹੈ ਅਤੇ ਦਹਿਸ਼ਤਗਰਦਾਂ ਦੀਆਂ ਛਿਪਣ ਵਾਲੀਆਂ ਥਾਵਾਂ 'ਤੇ ਛਾਪੇ ਜਾਰੀ ਹਨ।

ਦੋ ਦਹਿਸ਼ਤਗਰਦ ਕਾਬੂ : ਅੰਮ੍ਰਿਤਸਰ ਜ਼ਿਲੇ ਦੇ ਪਿੰਡ ਗੰਡੀਵਿੰਡ ਨੇੜੇ ਤਿੰਨ ਦਹਿਸ਼ਤਗਰਦਾਂ ਨੇ ਸੀ. ਆਰ. ਪੀ. ਦੀ ਇਕ ਗਸ਼ਤੀ ਟੁਕੜੀ 'ਤੇ ਘਾਤ ਲਾ ਕੇ ਹਮਲਾ ਕੀਤਾ। ਸੀ. ਆਰ. ਪੀ. ਦੇ ਜਵਾਨਾਂ ਵਲੋਂ ਜਵਾਬੀ ਗੋਲੀ ਚਲਾਏ ਜਾਣ 'ਤੇ ਦੋ ਦਹਿਸ਼ਤਗਰਦਾਂ ਨੇ ਆਤਮ ਸਮਰਪਣ ਕਰ ਦਿੱਤਾ ਜਦੋਂ ਕਿ ਤੀਜਾ ਬਚ ਨਿਕਲਿਆ। ਆਤਮ ਸਮਰਪਣ ਕਰਨ ਵਾਲੇ ਦਹਿਸ਼ਤਗਰਦਾਂ ਦੇ ਨਾਂ ਮਨਜਿੰਦਰ ਸਿੰਘ ਤੇ ਸੁਖਦੇਵ ਸਿੰਘ ਦੱਸੇ ਗਏ ਹਨ। ਉਨ੍ਹਾਂ ਪਾਸੋਂ 12 ਬੋਰ ਦੀ ਰਫਲ, ਇਕ ਪਿਸਤੌਲ ਤੇ 70 ਕਾਰਤੂਸ ਬਰਾਮਦ ਹੋਏ।

ਬੰਬ ਮਿਲਿਆ : ਲੁਧਿਆਣਾ ਸ਼ਹਿਰ ਦੇ ਸਰਾਭਾ ਨਗਰ ਖੇਤਰ ਵਿਚੋਂ ਫਿਰੋਜ਼ਪੁਰ ਵੱਲ ਜਾਣ ਵਾਲੀ ਰੇਲ ਲਾਈਨ ਤੋਂ ਕੱਲ੍ਹ ਰਾਤੀਂ ਇਕ ਬੰਬ ਮਿਲਿਆ। ਇਹ ਬੰਬ ਏਨਾ ਸ਼ਕਤੀਸ਼ਾਲੀ ਸੀ ਕਿ ਇਸ ਨਾਲ ਭਾਰੀ ਨੁਕਸਾਨ ਹੋ ਸਕਦਾ ਸੀ। ਬੰਬ ਨੂੰ ਫੌਜ ਦੇ ਮਾਹਿਰਾਂ ਨੇ ਬਾਅਦ ਵਿਚ ਨਸ਼ਟ ਕਰ ਦਿੱਤਾ। ਬੰਬ ਮਿਲਣ ਤੋਂ ਚੰਦ ਕੁ ਮਿੰਟਾਂ ਬਾਅਦ ਇਸ ਰੇਲ ਲਾਈਨ ਤੋਂ ਇਕ ਮੁਸਾਫਰ ਗੱਡੀ ਲੰਘੀ ਅਤੇ ਸ਼ੱਕ ਕੀਤਾ ਜਾਂਦਾ ਹੈ ਕਿ ਦਹਿਸ਼ਤਗਰਦਾਂ ਦਾ ਇਰਾਦਾ ਇਸ ਗੱਡੀ ਨੂੰ ਨੁਕਸਾਨ ਪਹੁੰਚਾਉਣਾ ਸੀ।

ਲੁਧਿਆਣਾ ਤੇ ਹੁਸ਼ਿਆਰਪੁਰ ਜ਼ਿਲਿਆਂ ਵਿਚ ਸੁਰੱਖਿਆ ਦਲਾਂ ਨੇ ਦਹਿਸ਼ਤਗਰਦਾਂ ਦੇ ਤਿੰਨ ਸ਼ਰਨਦਾਤਿਆਂ – ਅਵਤਾਰ ਸਿੰਘ, ਰਵਿੰਦਰ ਸਿੰਘ ਤੇ ਕੇਵਲ ਕੁਮਾਰ ਨੂੰ ਗ੍ਰਿਫਤਾਰ ਕੀਤਾ।

ਬੰਦੂਕਾਂ ਖੋਹੀਆਂ : ਫਰੀਦਕੋਟ ਤੋਂ ਪੱਤਰ ਪ੍ਰੇਰਕ ਦੀ ਰਿਪੋਰਟ ਅਨੁਸਾਰ 4 ਸ਼ੱਕੀ ਵਿਅਕਤੀ ਬਾਘਾ ਪੁਰਾਣਾ ਥਾਣੇ ਦੇ ਪਿੰਡ ਚੰਦਪੁਰਾਣਾ ਦੇ ਬਲਵੰਤ ਸਿੰਘ ਪੁੱਤਰ ਫੁੰਮਣ ਸਿੰਘ ਤੋਂ 12 ਬੋਰ ਦੀ ਬੰਦੂਕ, ਪ੍ਰਤਾਪ ਸਿੰਘ ਪੁੱਤਰ ਫੁੰਮਣ ਸਿੰਘ ਤੋਂ 315 ਬੋਰ ਦੀ ਬੰਦੂਕ ਅਤੇ ਜਗੀਰ ਸਿੰਘ ਪੁੱਤਰ ਅਰਜਨ ਸਿੰਘ ਤੋਂ 12 ਬੋਰ ਦੀ ਬੰਦੂਕ ਖੋਹ ਕੇ ਫਰਾਰ ਹੋਣ ਵਿਚ ਸਫਲ ਹੋ ਗਏ।

ਘੁਸਪੈਠੀਆ ਹਲਾਕ : ਹਿੰਦ-ਪਾਕਿ ਸਰਹੱਦ ਦੇ ਅਟਾਰੀ ਖੇਤਰ ਵਿਚ ਕੱਲ੍ਹ ਰਾਤੀਂ ਇਕ ਪਾਕਿਸਤਾਨੀ ਘੁਸਪੈਠੀਆ ਬੀ. ਐਸ. ਐਫ. ਹੱਥੋਂ ਮਾਰਿਆ ਗਿਆ।

ਰੇਅ ਵਲੋਂ ਅਦਾਲਤੀ ਜਾਂਚ ਦੇ ਆਦੇਸ਼

ਗੁਰਦਾਸਪੁਰ, 18 ਜਨਵਰੀ (ਯੂ. ਐਨ. ਆਈ.) – ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਡੀ. ਏ. ਵੀ. ਗਰਲਜ਼ ਸਕੂਲ ਦੀ ਇਮਾਰਤ ਡਿਗਣ ਦੇ ਮਾਮਲੇ ਦੀ ਅਦਾਲਤੀ ਜਾਂਚ ਕਰਵਾਏ ਜਾਣ ਦੇ ਆਦੇਸ਼ ਦਿੱਤੇ ਹਨ।

ਇਸ ਇਮਾਰਤ ਦੇ ਇਕ ਕਮਰੇ ਦੀ ਛੱਤ ਡਿਗਣ ਨਾਲ 12-13 ਸਾਲ ਦੀ ਉਮਰ ਦੀਆਂ 8 ਬੱਚੀਆਂ ਦੀਆਂ ਜਾਨ੍ਹਾਂ ਜਾਂਦੀਆਂ ਰਹੀਆਂ ਸਨ ਅਤੇ 21 ਹੋਰ ਜ਼ਖਮੀ ਹੋ ਗਈਆਂ ਸਨ ਜਿਨ੍ਹਾਂ ਵਿਚੋਂ 6 ਦੀ ਹਾਲਤ ਕਾਫੀ ਗੰਭੀਰ ਹੈ।

ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਰੇਅ ਨੇ ਦੱਸਿਆ ਇਹ ਜੁਡੀਸ਼ਲ ਜਾਂਚ ਹਾਈ ਕੋਰਟ ਦੇ ਕਿਸੇ ਸੀਨੀਅਰ ਸਿਟਿੰਗ ਜੱਜ ਵਲੋਂ ਕੀਤੀ ਜਾਵੇਗੀ ਜੋ ਕਿ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇ ਦੇਵੇਗਾ।

ਘਟਨਾ ਦੀ ਮੈਜਿਸਟਰੇਟੀ ਜਾਂਚ ਦੇ ਆਦੇਸ਼ ਕੱਲ੍ਹ ਜ਼ਿਲਾ ਮੈਜਿਸਟਰੇਟ ਵਲੋਂ ਦਿੱਤੇ ਗਏ ਸਨ ਪ੍ਰੰਤੂ ਸ਼ਹਿਰ ਦੇ ਆਮ ਲੋਕ ਅਤੇ ਖਾਸ ਕਰ ਕੇ ਵਕੀਲ ਮੈਜਿਸਟਰੇਟੀ ਜਾਂਚ ਦੇ ਆਦੇਸ਼ਾਂ ਨਾਲ ਸਹਿਮਤ ਨਹੀਂ ਸਨ।

ਰਾਜਪਾਲ ਨੇ ਸੀਨੀਅਰ ਇੰਜਨੀਅਰਾਂ ਦੀ ਦੋ ਮੈਂਬਰੀ ਕਮੇਟੀ ਕਾਇਮ ਕਰਨ ਦੇ ਆਦੇਸ਼ ਵੀ ਦਿੱਤੇ ਹਨ ਜੋ ਕਿ ਪੰਜਾਬ ਦੇ ਸਭ ਸਕੂਲਾਂ ਦੀਆਂ ਇਮਾਰਤਾਂ ਦੇ ਦੌਰੇ ਕਰਨਗੇ ਅਤੇ ਬਾਅਦ 'ਚ ਉਨ੍ਹਾਂ ਵਲੋਂ ਕਮਰਿਆਂ ਦੀ ਹਾਲਤ ਬਾਰੇ ਆਪਣੀਆਂ ਰਿਪੋਰਟਾਂ ਪੇਸ਼ ਕੀਤੀਆਂ ਜਾਣਗੀਆਂ।

ਗੁਰਦਾਸਪੁਰ ਦੇ ਡੀ. ਏ. ਵੀ. ਗਰਲਜ਼ ਸਕੂਲ ਦੇ ਇਕ ਕਮਰੇ ਦੀ ਛੱਤ ਕੱਲ੍ਹ ਅਚਾਨਕ ਉਸ ਸਮੇਂ ਡਿਗ ਪਈ ਸੀ ਜਦੋਂ ਮਿਡਲ ਸ਼੍ਰੇਣੀ ਦੀਆਂ 34 ਬੱਚੀਆਂ ਉਸ ਹੇਠਾਂ ਪੜ੍ਹ ਰਹੀਆਂ ਸਨ।

ਹੈਰਾਨੀ ਦੀ ਗੱਲ ਹੈ ਕਿ ਪੀ. ਡਬਲਿਊ. ਡੀ. ਵਿਭਾਗ ਦੇ ਸਥਾਨਕ ਅਸਿਸਟੈਂਟ ਇੰਜਨੀਅਰਾਂ ਵਲੋਂ ਅਜੇ ਪਿਛਲੇ ਸਾਲ 13 ਸਤੰਬਰ ਨੂੰ ਇਸ ਸਕੂਲ ਦੀ ਇਮਾਰਤ ਦਾ ਮੁਆਇਨਾ ਕਰ ਕੇ ਇਸ ਨੂੰ ਬਿਲਕੁਲ "ਫਿੱਟ" ਕਰਾਰ ਦਿੱਤਾ ਗਿਆ ਸੀ।

ਕਾਰਵਾਈ ਦਾ ਭਰੋਸਾ : ਰਾਜਪਾਲ ਨੇ ਸਬੰਧਤ ਇੰਜਨੀਅਰ ਵਿਰੁਧ ਕਾਰਵਾਈ ਕਰਨ ਦਾ ਭਰੋਸਾ ਵੀ ਦਿਵਾਇਆ ਹੈ।

ਇਸ ਤੋਂ ਪਹਿਲਾਂ ਸ੍ਰੀ ਰੇਅ ਨੇ ਘਟਨਾ ਵਾਲੀ ਜਗ੍ਹਾ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੇ ਪੀੜਤ ਪਰਿਵਾਰਾਂ ਲਈ 15-15 ਹਜ਼ਾਰ ਰੁਪਏ ਦੀ ਫੌਰੀ ਮਦਦ ਦਾ ਐਲਾਨ ਵੀ ਕੀਤਾ।

ਇਸੇ ਦੌਰਾਨ ਮ੍ਰਿਤਕ ਅਤੇ ਜ਼ਖਮੀ ਬੱਚਿਆਂ ਦੇ ਮਾਪਿਆਂ ਵਲੋਂ ਸਕੂਲ ਦੀ ਮੈਨੇਜਮੈਂਟ ਉਪਰ ਲਾਪ੍ਰਵਾਹੀ ਦਾ ਦੋਸ਼ ਲਗਾਉਂਦਿਆਂ ਰਾਜਪਾਲ ਨੂੰ ਯਾਦ ਪੱਤਰ ਦੇ ਕੇ ਉਸ ਵਿਰੁਧ ਧਾਰਾ 304 ਦੇ ਤਹਿਤ ਕੇਸ ਦਰਜ ਕੀਤੇ ਜਾਣ ਲਈ ਜ਼ੋਰ ਦਿੱਤਾ ਗਿਆ ਹੈ।

ਕੱਲ੍ਹ ਸਕੂਲ ਇਮਾਰਤ ਡਿਗਣ ਨਾਲ 8 ਬੱਚੀਆਂ ਦੀ ਮੌਤ ਵਿਰੁਧ ਰੋਸ ਪ੍ਰਗਟ ਕਰਨ ਲਈ ਗੁਰਦਾਸਪੁਰ ਜ਼ਿਲੇ ਦੇ ਵਕੀਲਾਂ ਵਲੋਂ ਅੱਜ ਦੂਸਰੇ ਦਿਨ ਵੀ ਰੋਸ ਹੜਤਾਲ ਰੱਖੀ ਗਈ।

ਉਧਰ ਜ਼ਖਮੀ ਬੱਚਿਆਂ ਦੀ ਗਿਣਤੀ 21 ਤਕ ਪਹੁੰਚ ਗਈ ਹੈ।

ਵਰਿੰਦਰ ਦੀ 'ਜੱਟ ਸੂਰਮੇ' ਦੇ ਮਨੋਰੰਜਨ ਕਰ 'ਚ ਛੋਟ

ਚੰਡੀਗੜ੍ਹ, 18 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ) – ਮਰਹੂਮ ਡਾਇਰੈਕਟਰ ਤੇ ਅਭਿਨੇਤਾ ਵਰਿੰਦਰ ਦੀ ਪੰਜਾਬੀ ਫਿਲਮ "ਜੱਟ ਸੂਰਮੇ" ਦਾ ਪੰਜਾਬ ਸਰਕਾਰ ਨੇ ਟੈਕਸ ਮੁਆਫ ਕਰ ਦਿੱਤਾ ਹੈ ਤੇ ਇਸ ਸਬੰਧ 'ਚ ਅੱਜ ਸਬੰਧਿਤ ਵਿਭਾਗ ਵਲੋਂ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ।

ਟੈਕਸ 'ਚ ਇਹ ਛੋਟ 'ਈਸਟ ਪੰਜਾਬ' ਸਰਕਟ ਵਿਚ 6 ਹਫਤਿਆਂ ਲਈ 6 ਪ੍ਰਿੰਟਾਂ 'ਤੇ ਲਾਗੂ ਸਮਝੀ ਜਾਵੇਗੀ। 'ਜੱਟ ਸੂਰਮੇ' 'ਚ ਵਰਿੰਦਰ ਤੋਂ ਇਲਾਵਾ ਪ੍ਰੀਤੀ ਸਪਰੂ, ਮੇਹਰ ਮਿੱਤਲ, ਗੁਰਚਰਨ ਪੋਹਲੀ, ਯਸ਼ ਸ਼ਰਮਾ, ਮੇਹਰ ਮਿੱਤਲ ਤੇ ਦੀਪ ਢਿੱਲੋਂ ਆਦਿ ਮੁੱਖ ਕਲਾਕਾਰ ਹਨ

ਸਾਲ '89 'ਚ ਰਿਲੀਜ਼ ਹੋਣ ਵਾਲੀ ਇਹ ਪਹਿਲੀ ਪੰਜਾਬੀ ਫਿਲਮ ਹੈ ਜੋ ਕਿ ਇਕੋ ਸਮੇਂ 9 ਥੀਏਟਰਾਂ 'ਚ ਪ੍ਰਦਰਸ਼ਤ ਕੀਤੀ ਜਾਵੇਗੀ।

ਨਵੇਂ ਤਨਖਾਹ ਸਕੇਲਾਂ ਵਿਰੁਧ ਰੋਸ

ਚੰਡੀਗੜ੍ਹ, 18 ਜਨਵਰੀ (ਪ. ਟ. ਬ.) – ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਤਾਲਮੇਲ ਕਮੇਟੀ ਪੰਜਾਬ ਨੇ ਪੰਜਾਬ ਸਰਕਾਰ ਵਲੋਂ ਸਿਹਤ ਵਿਭਾਗ ਦੀਆਂ ਵੱਖ ਵੱਖ ਸ਼੍ਰੇਣੀਆਂ ਲਈ ਮਨਜ਼ੂਰ ਕੀਤੇ ਨਵੇਂ ਸਕੇਲਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਹੋਇਆਂ, ਇਸ ਨੂੰ ਸਿਹਤ ਮੁਲਾਜ਼ਮਾਂ ਨਾਲ ਘੋਰ ਬੇਇਨਸਾਫੀ ਅਤੇ ਕੋਝਾ ਮਜ਼ਾਕ ਦੱਸਿਆ ਹੈ।

ਅੱਜ ਇੱਥੇ ਸੂਬਾਈ ਕਮੇਟੀ ਦੇ ਕਨਵੀਨਰ ਸ੍ਰੀ ਨਿਰਮਲ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਏ ਗਏ ਫੈਸਲਿਆਂ ਦੀ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਤਾਲਮੇਲ ਕਮੇਟੀ ਦੇ ਸੂਬਾਈ ਆਰਗੇਨਾਈਜ਼ਰ ਸ੍ਰੀ ਮਹਾਂ ਸਿੰਘ ਰੌੜੀ ਅਤੇ ਪ੍ਰੈਸ ਸਕੱਤਰ ਸ੍ਰੀ ਅਮਰ ਸਿੰਘ ਨੇ ਦੱਸਿਆ ਕਿ 1978 ਦੇ ਪੇ-ਕਮਿਸ਼ਨਾਂ ਦੀ ਤਰ੍ਹਾਂ ਇਸ ਵੇਰ ਵੀ ਸਿਹਤ ਮੁਲਾਜ਼ਮਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਦੀਆਂ ਯੋਗਤਾਵਾਂ, ਤਜਰਬੇ ਅਤੇ ਕੰਮ ਕਰਨ ਦੀਆਂ ਕਠਨ ਹਾਲਾਤਾ ਨੂੰ ਨਜ਼ਰਅੰਦਾਜ਼ ਕਰਕੇ ਘਟੀਆ ਸਕੇਲ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬੇਇਨਸਾਫੀਆਂ ਵਿਰੁੱਧ ਸੰਘਰਸ਼ ਛੇੜਨ ਦਾ ਫੈਸਲਾ ਕੀਤਾ ਹੈ। ਅੱਜ ਹੀ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਵਫਦ ਨੇ ਮਿਲ ਕੇ ਸਿਹਤ ਮੁਲਾਜ਼ਮਾਂ ਦੇ ਗੁੱਸੇ ਭਰੇ ਜਜ਼ਬਾਤ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। 2 ਫਰਵਰੀ 89 ਨੂੰ ਮਾਸ ਡੈਪੂਟੇਸ਼ਨਾਂ ਰਾਹੀਂ ਸਾਰੇ ਜ਼ਿਲਿਆਂ ਵਿਚ ਸਿਵਲ ਸਰਜਨਾਂ ਰਾਹੀਂ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜੇ ਜਾਣਗੇ। 12 ਫਰਵਰੀ ਨੂੰ ਜਲੰਧਰ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ। ਸ੍ਰੀ ਗਿੱਲ ਸੂਬਾ ਕਨਵੀਨਰ ਨੇ ਦੱਸਿਆ ਕਿ ਸਿਹਤ ਵਿਭਾਗ ਵਿਚ ਕੰਮ ਕਰਦੀਆਂ ਵੱਖ ਵੱਖ ਕੈਟਾਗਰੀਆਂ ਅਤੇ ਸਮੂਹ ਪੈਰਾ ਮੈਡੀਕਲਾਂ 'ਤੇ ਅਧਾਰਤ ਇਕ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਕੰਮ ਠੱਪ ਕਰਨ ਵਲ ਵਧਿਆ ਜਾਵੇਗਾ।

ਚੰਡੀਗੜ੍ਹ (ਪ. ਟ. ਬ.) – ਪੰਜਾਬ ਰਾਜ ਫਾਰਮਾਸਿਸਟ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਵਲੋਂ ਐਲਾਨੇ ਗਏ ਤਨਖਾਹ ਸਕੇਲਾਂ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਦਿੱਤਾ ਹੈ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਲਾਲ ਸਿੰਘ ਧਨੌਲਾ ਵਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ ਪੰਜਾਬ ਸਰਕਾਰ ਨੇ ਗਰੇਡ ਦੁਹਰਾਈ ਅਤੇ ਹੋਰ ਭੱਤਿਆਂ ਨੂੰ ਲਾਗੂ ਕਰਦੇ ਸਮੇਂ ਫਾਰਮਾਸਿਸਟਾਂ ਦੀਆਂ ਯੋਗਤਾਵਾਂ, ਤਜਰਬੇ ਅਤੇ ਕੰਮ ਕਰਨ ਦੀਆਂ ਕਠਨ ਹਾਲਤਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਮੁੱਚੇ ਫਾਰਮਾਸਿਸਟ ਇਸ ਪੱਖਪਾਤੀ ਨੂੰ ਕਿਸੇ ਵੀ ਕੀਮਤ ਉੱਤੇ ਬਰਦਾਸ਼ਤ ਨਹੀਂ ਕਰਨਗੇ।

ਉਨ੍ਹਾਂ ਨੇ ਕਿਹਾ ਕਿ ਜਥੇਬੰਦੀ ਦੇ ਇਕ ਵਫਦ ਨੇ ਸਿਹਤ ਡਾਇਰੈਕਟਰ ਨਾਲ ਮਿਲ ਕੇ ਮੁਲਾਜ਼ਮਾਂ ਦੀਆਂ ਰੋਹ ਭਰੀਆਂ ਭਾਵਨਾਵਾਂ ਤੋਂ ਜਾਣੂ ਕਰਵਾ ਦਿੱਤਾ ਹੈ।

ਚੰਡੀਗੜ੍ਹ (ਪ. ਟ. ਬ.) – ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ ਦੇ ਪ੍ਰਧਾਨ ਤਿਰਲੋਚਨ ਸਿੰਘ ਰਾਣਾ ਅਤੇ ਜਨਰਲ ਸਕੱਤਰ ਨਾਜ਼ਰ ਸਿੰਘ ਅਤੇ ਨਾਨ-ਗਜ਼ਟਿਡ ਇੰਪਲਾਈਜ਼ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਅਮਰ ਨਾਥ ਪੰਗੋਤਰਾ ਅਤੇ ਜਨਰਲ ਸਕੱਤਰ ਰਾਜ ਕੁਮਾਰ ਸ਼ਰਮਾ ਨੇ ਇਕ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਵਲੋਂ ਕਰਮਚਾਰੀਆਂ ਦੇ ਮਾਸਟਰ ਸਕੇਲਾਂ ਵਿਚ ਸੋਧ ਤੋਂ ਇਨਕਾਰ ਕਰਨ ਦੀ ਸਖਤ ਨਿਖੇਧੀ ਕੀਤੀ ਹੈ।

(ਬਾਕੀ ਸਫਾ 8 ਕਾਲਮ 1)

ਬਿਦਰ ਦੇ ਵਿਦਿਆਰਥੀ ਘਰੋ ਘਰੀਂ ਪਰਤਣਗੇ

ਬਿਦਰ, 18 ਜਨਵਰੀ (ਯੂ. ਐਨ. ਆਈ.) – ਇਥੋਂ ਦੇ ਗੁਰੂ ਨਾਨਕ ਦੇਵ ਪਾਲਿਟੈਕਨਿਕ ਦੀ ਕੁਝ ਵਿਦਿਆਰਥੀਆਂ ਨੇ ਅਗਲੇ ਮਹੀਨੇ ਪੰਜਾਬ ਵਿਚ ਆਪੋ ਆਪਣੇ ਘਰੀਂ ਪਰਤਣ ਦਾ ਫੈਸਲਾ ਕੀਤਾ ਹੈ ਕਿਉਂਕਿ ਉਨ੍ਹਾਂ ਵਲੋਂ ਕੁਝ ਅਨਸਰਾਂ ਤੋਂ ਸ਼ਰਾਰਤ ਦੀ ਤਵੱਕੋ ਕੀਤੀ ਜਾ ਰਹੀ ਹੈ।

ਇਨ੍ਹਾਂ ਵਿਦਿਆਰਥੀਆਂ ਦੇ ਇਕ ਬੁਲਾਰੇ ਦੇ ਦੱਸਣ ਅਨੁਸਾਰ ਸ਼ਹਿਰ ਦੀ ਇਕ ਸੰਸਥਾ ਵਲੋਂ 26 ਜਨਵਰੀ ਨੂੰ ਇਕ ਵਿਸ਼ੇਸ਼ ਸਮਾਗਮ ਕਰ ਕੇ ਉਨ੍ਹਾਂ ਵਿਅਕਤੀਆਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਸਤੰਬਰ 1988 ਦੇ ਦੰਗਿਆਂ ਦੇ ਸਿਲਸਿਲੇ ਵਿਚ ਹਿਰਾਸਤ ਵਿਚ ਲਿਆ ਗਿਆ ਸੀ ਪ੍ਰੰਤੂ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਸੀ। ਵਿਦਿਆਰਥੀਆਂ ਨੇ ਦੱਸਿਆ ਕਿ ਉਹ ਇਸ ਸਮਾਰੋਹ ਦੌਰਾਨ ਬਿਦਰ ਵਿਚ ਨਹੀਂ ਰਹਿਣਾ ਚਾਹੁੰਦੇ।

ਸੰਸਥਾ ਦੇ ਪ੍ਰਿੰਸੀਪਲ ਸ੍ਰੀ ਗੁਰੁਨਾਥ ਰਾਓ ਨੇ ਵੀ ਵਿਦਿਆਰਥੀਆਂ ਦੇ ਘਰੀਂ ਪਰਤਣ ਦੇ ਇਰਾਦਿਆਂ ਦੀ ਤਾਂ ਪੁਸ਼ਟੀ ਕੀਤੀ ਹੈ ਪ੍ਰੰਤੂ ਉਨ੍ਹਾਂ ਦੇ ਦੱਸਣ ਅਨੁਸਾਰ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਆਪਣੇ ਅਜਿਹੇ ਫੈਸਲੇ ਦਾ ਕਾਰਨ ਨਹੀਂ ਦੱਸਿਆ।

ਪੁਲੀਸ ਸੁਪਰਡੈਂਟ ਸ੍ਰੀ ਐਮ. ਕੇ. ਸ੍ਰੀਵਾਸਤਵ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਪ੍ਰਿੰਸੀਪਲ ਨੂੰ ਯਕੀਨ ਦਿਵਾਇਆ ਕਿ ਪੁਲੀਸ ਦੇ ਪ੍ਰਬੰਧ ਬਹੁਤ ਤਸੱਲੀਬਖਸ਼ ਹਨ ਅਤੇ 26 ਦੇ ਸਮਾਗਮ ਸਮੇਂ ਕਿਸੇ ਨੂੰ ਕੋਈ ਇੱਲਤ ਵਗੈਰਾ ਨਹੀਂ ਕਰਨ ਦਿੱਤੀ ਜਾਵੇਗੀ।

ਕੁਰਾਲੀ ਨੇੜੇ ਤਿੰਨ ਦੀ ਹੱਤਿਆ

ਕੁਰਾਲੀ, 18 ਜਨਵਰੀ (ਨਿਜੀ ਪੱਤਰ ਪ੍ਰੇਰਕ) – ਬੀਤੀ ਰਾਤ 10 ਵਜੇ ਦੇ ਕਰੀਬ ਨਜ਼ਦੀਕ ਪਿੰਡ ਸਲੇਮਪੁਰ ਖੱਦਰ ਵਿਚ ਅਣਪਛਾਤੇ ਬੰਦਿਆਂ ਨੇ ਇਕ ਪੂਰਬੀਏ ਮਹਿੰਦਰ, ਉਸ ਦੀ ਪਤਨੀ ਤੇ ਇਕ ਤਿੰਨ ਸਾਲਾਂ ਦੇ ਬੱਚੇ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਇਹ ਪਰਿਵਾਰ ਤਰਲੋਕ ਸਿੰਘ ਨਾਂ ਦੇ ਇਕ ਵਿਅਕਤੀ ਦੇ ਫਾਰਮ ਉੱਤੇ ਕੰਮ ਕਰਦਾ ਸੀ।

ਕੁਰਾਲੀ ਪੁਲੀਸ ਨੇ ਕੇਸ ਦਰਜ ਕਰ ਕੇ ਬੜੀ ਸਰਗਰਮੀ ਨਾਲ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਨੁਸਾਰ ਇਹ ਕਿਸੇ ਵੀ ਤਰ੍ਹਾਂ ਦਹਿਸ਼ਤਪਸੰਦਾਂ ਵਲੋਂ ਕੀਤੀ ਵਾਰਦਾਤ ਨਹੀਂ ਹੈ। ਲਾਸ਼ਾਂ ਦਾ ਪੋਸਟ ਮਾਰਟਮ ਰੋਪੜ ਹਸਪਤਾਲ ਵਿਚ ਕੀਤਾ ਗਿਆ।

ਗੀਸ਼ਿੰਗ ਨੇ ਅਹੁਦਾ ਸੰਭਾਲਿਆ

ਦਾਰਜੀਲਿੰਗ, 18 ਜਨਵਰੀ (ਯੂ. ਐਨ. ਆਈ.) – ਗੋਰਖਾ ਫਰੰਟ ਦੇ ਮੁਖੀ ਸ੍ਰੀ ਸੁਭਾਸ਼ ਗੀਸ਼ਿੰਗ ਨੇ ਅੱਜ ਦਾਰਜੀਲਿੰਗ ਗੋਰਖਾ ਪਹਾੜੀ ਪ੍ਰੀਸ਼ਦ ਦੇ ਚੇਅਰਮੈਨ ਦਾ ਅਹੁਦਾ ਰਸਮੀ ਤੌਰ 'ਤੇ ਸੰਭਾਲ ਲਿਆ।

ਸਤਵੰਤ ਸਿੰਘ ਦੇ ਭੋਗ ਸਮਾਗਮ 'ਚ ਅਕਾਲੀਆਂ ਦੀ ਆਲੋਚਨਾ

ਅੰਮ੍ਰਿਤਸਰ, 18 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਖੇਤਰ ਦੇ ਪਿੰਡ ਅਗਵਾਨ ਵਿਖੇ ਅੱਜ ਇੰਦਰਾ ਗਾਂਧੀ ਹੱਤਿਆ ਕੇਸ ਵਿਚ ਫਾਹੇ ਲਟਕਾਏ ਗਏ ਸਤਵੰਤ ਸਿੰਘ ਦੇ ਭੋਗ ਸਮੇਂ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਕਿਹਰ ਸਿੰਘ ਅਤੇ ਸਤਵੰਤ ਸਿੰਘ ਨੂੰ ਭਰਪੂਰ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ।

ਇਸ ਅਵਸਰ 'ਤੇ ਸਟੇਜ ਸੰਚਾਲਨ ਦੀ ਭੂਮਿਕਾ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਨਿਭਾਈ। ਜੁੜੀ ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਬੀਬੀ ਬਿਮਲ ਕੌਰ ਖਾਲਸਾ, ਬਾਬਾ ਜੋਗਿੰਦਰ ਸਿੰਘ, ਸੁੱਚਾ ਸਿੰਘ ਛੋਟੇਪੁਰ ਅਤੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਹਰਚਰਨ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਿਹਰ ਸਿੰਘ ਅਤੇ ਸਤਵੰਤ ਸਿੰਘ ਦੇ ਪਰਿਵਾਰਾਂ ਦੇ ਮੈਂਬਰਾਂ ਤੋਂ ਬਿਨਾਂ ਦਮਦਮੀ ਟਕਸਾਲ ਦੇ ਮੁਖੀ ਠਾਕਰ ਸਿੰਘ ਵੀ ਸਟੇਜ ਉਪਰ ਸਨ।

ਭਾਈ ਮੋਹਕਮ ਸਿੰਘ ਨੇ ਵੱਖ ਵੱਖ ਗਰਮ ਖਿਆਲੀ ਸੰਗਠਨਾਂ ਵਲੋਂ ਪੁੱਜੇ ਸੰਦੇਸ਼ ਪੜ੍ਹ ਕੇ ਸੁਣਾਏ ਗਏ।

ਲਗਪਗ ਸਾਰੇ ਬੁਲਾਰਿਆਂ ਵਲੋਂ ਆਪਣੀ ਆਲੋਚਨਾ ਦਾ ਨਿਸ਼ਾਨਾ ਮੁੱਖ ਤੌਰ 'ਤੇ ਕੇਂਦਰ ਸਰਕਾਰ ਨੂੰ ਬਣਾਇਆ ਗਿਆ ਅਤੇ ਦੋਸ਼ ਲਾਇਆ ਗਿਆ ਕਿ ਕੇਂਦਰ ਸਰਕਾਰ ਦੀ 'ਗੈਰਦਿਆਨਤਦਾਰ ਰਾਜਨੀਤੀ' ਹੀ ਹੈ ਜਿਸ ਨੇ ਪੰਜਾਬ ਦੀ ਸਥਿਤੀ ਨੂੰ ਮੌਜੂਦਾ ਮੋੜ 'ਤੇ ਪਹੁੰਚਾਇਆ ਹੋਇਆ ਹੈ।

ਬੀਬੀ ਬਿਮਲ ਕੌਰ ਖਾਲਸਾ ਨੇ ਆਪਣੇ ਭਾਸ਼ਨ ਦੀ ਸੁਰ ਮੁੱਖ ਤੌਰ 'ਤੇ ਅਕਾਲੀ ਹਾਜਨੀਤੀ ਵੱਲ ਸੇਧੀ ਰੱਖੀ। ਉਨ੍ਹਾਂ ਕਿਹਾ ਕਿ ਅਕਾਲੀ ਰਾਜਨੀਤੀ ਤੇ ਕਾਬਜ਼ ਚੌਧਰੀ ਬੇਅੰਤ ਸਿੰਘ ਸਤਵੰਤ ਸਿੰਘ ਅਤੇ ਕਿਹਰ ਸਿੰਘ ਦੀ ਕਰਨੀ ਨੂੰ ਲਗਾਤਾਰ ਆਪਣੇ ਸੌੜੇ ਸੁਆਰਥਾਂ ਦੀ ਸਿੱਧੀ ਲਈ ਇਸਤੇਮਾਲ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਕੌਮ ਪ੍ਰਤੀ ਇਨ੍ਹਾਂ ਦੀ ਦਿਆਨਤਦਾਰੀ ਦੀ ਪਰਖ ਤਾਂ ਇਸ ਗੱਲ ਤੋਂ ਹੀ ਹੋ ਜਾਂਦੀ ਹੈ ਕਿ ਸਤਵੰਤ ਸਿੰਘ ਹੋਰਾਂ ਦੇ ਅਜੇ ਫੁੱਲ ਵੀ ਨਹੀਂ ਸਨ ਚੁਗੇ ਗਏ ਅਤੇ ਇਨ੍ਹਾਂ ਵਿਚੋਂ ਬਥੇਰਿਆਂ ਏਕਤਾ ਅਤੇ ਏਕਤਾ ਦੇ ਵਿਰੋਧ ਦੀ ਪਰਦੇ ਹੇਠ ਪੂਰੇ ਜ਼ੋਰ-ਸ਼ੋਰ ਨਾਲ ਇਕ ਦੂਸਰੇ ਦੀਆਂ ਲੱਤਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪ੍ਰਬੰਧਕਾਂ ਦਾ ਕਹਿਣਾ ਸੀ ਕਿ ਸੁਰੱਖਿਆ ਦਲਾਂ ਵਲੋਂ ਸਮਾਗਮ ਵਿਚ ਹਿੱਸਾ ਲੈਣ ਦੇ ਇੱਛਕ ਲੋਕਾਂ ਲਈ ਜਗ੍ਹਾ ਜਗ੍ਹਾ 'ਤੇ ਰੁਕਾਵਟਾਂ ਖੜ੍ਹੀਆਂ ਕੀਤੇ ਜਾਣ ਦੇ ਬਾਵਜੂਦ ਵੱਡੀ ਗਿਣਤੀ ਵਿਚ ਸ਼ਰਧਾਲੂ ਅਗਵਾਨ ਪਿੰਡ ਵਿਚ ਇਕੱਤਰ ਹੋਏ।

ਜੰਮੂ 'ਚ ਕਸ਼ੀਦਗੀ ਜਾਰੀ; ਲੋਕ ਮੁੱਖ ਮੰਤਰੀ ਦੇ ਵਤੀਰੇ ਤੋਂ ਖਫਾ

-ਜੰਮੂ, 18 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਜੰਮੂ ਵਿਚ 13 ਜਨਵਰੀ ਤੋਂ ਕਰਫਿਊ ਜਾਰੀ ਹੋਣ ਦੇ ਬਾਵਜੂਦ ਹਿੰਸਾ ਦੀਆਂ ਇੱਕਾ-ਦੁੱਕਾ ਵਾਰਦਾਤਾਂ ਪੰਜਵੇਂ ਦਿਨ ਵੀ ਜਾਰੀ ਰਹੀਆਂ।

ਹਾਲਾਂਕਿ ਫੌਜ ਤੇ ਨੀਮ ਫੌਜੀ ਦਲਾਂ ਵਲੋਂ ਕਰਫਿਊਗ੍ਰਸਤ ਸ਼ਹਿਰ ਵਿਚ ਗਸ਼ਤ ਜਾਰੀ ਹੈ, ਫਿਰ ਵੀ ਕੱਲ੍ਹ ਰਾਤੀਂ ਸ਼ਰਾਰਤੀਆਂ ਨੇ ਸੰਜੇ ਨਗਰ ਖੇਤਰ ਵਿਚ ਇਕ ਬੱਸ ਨੂੰ ਅੱਗ ਲਗਾ ਦਿੱਤੀ।

ਇਕ ਫਿਰਕੇ ਦੇ ਕੁਝ ਮੈਂਬਰਾਂ ਨੇ ਅੱਜ ਦੁਪਹਿਰ ਬਾਅਦ ਕਰਫਿਊ ਵਿਚ ਢਿੱਲ ਸਮੇਂ ਨਾਨਕ ਨੰਗਰ ਅਬਾਦੀ ਵਿਚ ਇਕ ਦੂਜੇ ਫਿਰਕੇ ਦੇ ਮੈਂਬਰ ਨੂੰ ਛੁਰੇਬਾਜ਼ੀ ਦਾ ਸ਼ਿਕਾਰ ਬਣਾਇਆ।

ਦਹਿਸ਼ਤ : ਇਸ ਘਟਨਾ ਕਾਰਨ ਪੂਰੇ ਸ਼ਹਿਰ ਵਿਚ ਦਹਿਸ਼ਤ ਫੈਲ ਗਈ ਅਤੇ ਦੁਕਾਨਦਾਰਾਂ ਨੇ ਢਾਈ ਵਜੇ ਹੀ ਆਪਣੀਆਂ ਦੁਕਾਨਾਂ ਬੰਦ ਕਰ ਲਈਆਂ ਹਾਲਾਂਕਿ ਕਰਫਿਊ ਵਿਚ ਨਰਮੀ ਦਾ ਸਮਾਂ ਸਵੇਰੇ 7 ਤੋਂ ਸ਼ਾਮ 4 ਵਜੇ ਤਕ ਸੀ।

ਮੁੱਖ ਮੰਤਰੀ ਦੀ ਆਲੋਚਨਾ : ਸ਼ਹਿਰ ਵਿਚ ਕਸ਼ੀਦਗੀ ਦੀ ਫਿਜ਼ਾ ਦੇ ਬਾਵਜੂਦ ਮੁੱਖ ਮੰਤਰੀ ਡਾ. ਫਾਰੂਕ ਅਬਦੁੱਲਾ ਕਾਂਗਰਸ (ਆਈ) ਦੇ ਹੱਕ ਵਿਚ ਚੋਣ-ਪ੍ਰਚਾਰ ਲਈ ਮਦਰਾਸ ਚਲੇ ਗਏ ਹਨ। ਜਾਪਦਾ ਹੈ ਕਿ ਉਨ੍ਹਾਂ ਨੇ 13 ਜਨਵਰੀ ਨੂੰ ਸ਼ਹਿਰ ਵਿਚ ਭੜਕੇ ਫਿਰਕੂ ਦੰਗਿਆਂ ਸਮੇਂ ਪ੍ਰਸ਼ਾਸਨ ਦੀ ਨਾਕਾਮੀ ਤੋਂ ਕੋਈ ਸਬਕ ਨਹੀਂ ਸਿਖਿਆ।

ਡਾ. ਅਬਦੁੱਲਾ ਦੀ ਕਾਰਵਾਈ ਦੀ ਇਥੋਂ ਦੀਆਂ ਸਾਰੀਆਂ ਧਿਰਾਂ ਵਲੋਂ ਆਲੋਚਨਾ ਕੀਤੀ ਜਾ ਰਹੀ ਹੈ।

ਲੋਕ ਘਰਾਂ ਨੂੰ ਪਰਤੇ : ਖਬਰ ਏਜੰਸੀ "ਯੂ. ਐਨ. ਆਈ." ਅਨੁਸਾਰ ਜੰਮੂ ਸ਼ਹਿਰ ਵਿਚ ਅਮਨ ਪਰਤਿਆ ਵੇਖ ਕੇ ਅਧਿਕਾਰੀਆਂ ਨੇ ਕਰਫਿਊ ਵਿਚ ਨਰਮੀ ਦੀ ਮਿਆਦ ਇਕ ਘੰਟੇ ਲਈ ਵਧਾ ਦਿੱਤੀ। ਇਸ ਅਰਸੇ ਦੌਰਾਨ ਘੱਟੋ ਘੱਟ 150 "ਲਾਪਤਾ" ਵਿਅਕਤੀ ਆਪਣੇ ਘਰੋਘਰੀਂ ਪਰਤ ਆਏ। ਇਹ ਵਿਅਕਤੀ 13 ਜਨਵਰੀ ਦੇ ਦੰਗਿਆਂ ਮਗਰੋਂ ਸ਼ਹਿਰ ਤੋਂ ਬਾਹਰ ਫਸੇ ਹੋਣ ਕਾਰਨ "ਲਾਪਤਾ" ਸਨ।

ਪੁਲੀਸ ਨੇ ਜੰਮੂ ਤੇ ਊਧਮਪੁਰ ਵਿਚ ਹਿੰਸਾ ਤੇ ਅੱਗਜ਼ਨੀ ਦੇ ਸਬੰਧ ਵਿਚ 11 ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤਰ੍ਹਾਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 104 ਹੋ ਗਈ ਹੈ।

ਰਾਜ ਸਰਕਾਰ ਦੇ ਇਕ ਤਰਜਮਾਨ ਨੇ ਦੱਸਿਆ ਕਿ ਭਲਕੇ ਵੀ ਕਰਫਿਊ ਵਿਚ 9 ਘੰਟਿਆਂ ਦੀ ਢਿੱਲ ਦਿੱਤੀ ਜਾਵੇਗੀ। ਹੋਰ ਵਿਦਿਅਕ ਅਦਾਰੇ ਅਜੇ ਬੰਦ ਰਹਿਣਗੇ।

ਊਧਮਪੁਰ ਵਿਚ ਅੱਜ ਅਫਵਾਹਾਂ ਕਾਰਨ ਕੁਝ ਕਸ਼ੀਦਗੀ ਪੈਦਾ ਹੋ ਗਈ ਪਰ ਰਾਜ ਦੇ ਸਿਹਤ ਮੰਤਰੀ ਆਰ. ਐਸ. ਛਿਬ ਨੇ ਸ਼ਹਿਰ ਦਾ ਦੌਰਾ ਕਰ ਕੇ ਲੋਕਾਂ ਦੇ ਖਦਸ਼ੇ ਦੂਰ ਕੀਤੇ ਅਤੇ ਸਥਿਤੀ ਨੂੰ ਸੁਖਾਵਾਂ ਮੋੜ ਦਿੱਤਾ।

ਜੰਮੂ ਖੇਤਰ ਦੇ ਡੋਡਾ, ਰਾਮਬਨ, ਬਟੋਟ, ਸਾਂਬਾ, ਅਖਨੂਰ ਤੇ ਰਣਬੀਰਸਿੰਘਪੁਰਾ ਖੇਤਰਾਂ ਵਿਚ ਸ਼ਾਂਤੀ ਰਹੀ।

ਚੰਡੀਗੜ੍ਹ : ਜੰਮੂ ਵਿਚ 13 ਜਨਵਰੀ ਦੀ ਹਜੂਮੀ ਹਿੰਸਾ ਕਾਰਨ ਫੱਟੜ ਹੋਏ ਡੀ. ਐਸ. ਪੀ. ਸ੍ਰੀ ਆਈ. ਡੀ. ਥਾਪਾ ਤੇ ਚਾਰ ਹੋਰਨਾਂ ਫੱਟੜਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਨ੍ਹਾਂ ਸਾਰਿਆਂ ਨੂੰ ਨਾਜ਼ੁਕ ਹਾਲਤ ਵਿਚ ਇਥੇ ਪੀ. ਜੀ. ਆਈ. ਲਿਆਂਦਾ ਗਿਆ ਸੀ। ਬਾਕੀ ਚਾਰ ਫੱਟੜਾਂ ਦੇ ਨਾਂ ਹਨ : ਸੁਰਿੰਦਰ ਸਿੰਘ, ਸਤਿੰਦਰ ਸਿੰਘ, ਨਿਰਮਲਜੀਤ ਸਿੰਘ ਤੇ ਹੀਰਾ ਸਿੰਘ। ਇਹ ਸਾਰੇ ਜੰਮੂ ਸ਼ਹਿਰ ਦੇ ਰਹਿਣ ਵਾਲੇ ਹਨ।

ਮਹਾਤਿਰ ਹਸਪਤਾਲ 'ਚ

ਕੁਆਲਾਲੰਪੁਰ, 18 ਜਨਵਰੀ (ਯੂ. ਐਨ. ਆਈ.) – ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੂੰ ਛਾਤੀ ਵਿਚ ਦਰਦ ਹੋਣ ਕਾਰਨ ਹਸਪਤਾਲ ਭਰਤੀ ਕਰਾਇਆ ਗਿਆ ਹੈ।

ਰਿਬੇਰੋ, ਰਤੜਾ ਨੂੰ ਗਵਾਹਾਂ ਵਜੋਂ ਪੇਸ਼ ਕਰਨ ਦੀ ਹਦਾਇਤ

ਚੰਡੀਗੜ੍ਹ, 18 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ) – ਚੰਡੀਗੜ੍ਹ ਦੇ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਸ੍ਰੀ ਜੀ. ਐਸ. ਸੇਵਕ ਨੇ ਜ਼ਿਲਾ ਅਟਾਰਨੀ ਸ੍ਰੀ ਬਲਵਿੰਦਰ ਸਿੰਘ ਨੂੰ ਹਦਾਇਤ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਦੀ ਵਿਸ਼ੇਸ਼ ਸਕੱਤਰ ਸ੍ਰੀਮਤੀ ਰੂਪਨ ਦਿਓਲ-ਬਜਾਜ ਦੇ ਪਤੀ ਬੀ. ਆਰ. ਬਜਾਜ ਵਲੋਂ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਕੇ. ਪੀ. ਐਸ. ਗਿਲ ਦੇ ਖਿਲਾਫ ਸ਼ਿਕਾਇਤ ਦੇ ਸਬੰਧ ਵਿਚ ਰਾਜਪਾਲ, ਪੰਜਾਬ ਦੇ ਸਲਾਹਕਾਰ ਜੇ. ਐਫ. ਰਿਬੇਰੋ ਤੇ ਰਾਜਪਾਲ ਦੇ ਸਕੱਤਰ ਵਾਈ. ਐਸ. ਰਤੜਾ ਨੂੰ ਗਵਾਹਾਂ ਵਜੋਂ ਅਦਾਲਤ ਵਿਚ ਪੇਸ਼ ਕਰਨ। ਸ੍ਰੀ ਬਜਾਜ ਵਲੋਂ ਦਾਇਰ ਕੇਸ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਦੀ ਅਦਾਲਤ ਵਿਚ ਵਿਚਾਰ-ਅਧੀਨ ਹੈ।

ਸ੍ਰੀ ਗਿਲ ਨੇ ਸ੍ਰੀਮਤੀ ਦਿਓਲ ਬਜਾਜ ਵਲੋਂ ਦਰਜ ਕਰਵਾਈ ਐਫ. ਆਈ. ਆਰ. ਅਤੇ ਸ੍ਰੀ ਬਜਾਜ ਵਲੋਂ ਦਾਇਰ ਸ਼ਿਕਾਇਤ ਨੂੰ ਰੱਦ ਕਰਵਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਅਰਜ਼ੀ ਦਿੱਤੀ ਸੀ। ਹਾਈ ਕੋਰਟ ਨੇ ਐਫ. ਆਈ. ਆਰ. 'ਤੇ ਕਾਰਵਾਈ ਤਾਂ ਰੋਕ ਦਿੱਤੀ, ਪਰ ਡਾਇਰੈਕਟਰ ਜਨਰਲ ਵਿਰੁਧ ਸ਼ਿਕਾਇਤ ਦੀ ਸੁਣਵਾਈ 'ਤੇ ਰੋਕ ਨਹੀਂ ਲਾਈ। ਹੁਣ ਤਕ ਇਸ ਮਾਮਲੇ ਵਿਚ ਸ੍ਰੀ ਬਜਾਜ, ਸ੍ਰੀਮਤੀ ਰੂਪਨ ਦਿਓਲ ਬਜਾਜ ਤੇ ਤਿੰਨ ਪੱਤਰਕਾਰਾਂ ਦੀਆਂ ਗਵਾਹੀਆਂ ਅਦਾਲਤ ਵਲੋਂ ਕਲਮਬੰਦ ਹੋ ਚੁੱਕੀਆਂ ਹਨ।

ਅਦਾਲਤ ਨੇ ਸ੍ਰੀ ਰਿਬੇਰੋ ਤੇ ਸ੍ਰੀ ਰਤੜਾ ਨੂੰ ਗਵਾਹਾਂ ਵਜੋਂ ਉਸ ਨੋਟ ਸਮੇਤ ਤਲਬ ਕੀਤਾ ਹੈ ਜੋ ਕਿ ਸ੍ਰੀ ਰਿਬੇਰੋ ਨੇ ਸ੍ਰੀਮਤੀ ਦਿਓਲ ਬਜਾਜ ਦੀ ਸ਼ਿਕਾਇਤ ਦਾ ਕੇਸ ਰਾਜਪਾਲ ਨੂੰ ਭੇਜਣ ਲੱਗਿਆਂ

(ਬਾਕੀ ਸਫਾ 8 ਕਾਲਮ 4)

ਅੰਦਰ ਦੀ ਝਾਤ

- ਭਾਰਤੀ ਰਾਜਨੀਤਕ ਪ੍ਰਬੰਧ ਦਾ ਕਰੂਪ ਚਿਹਰਾ
- ਦਿੱਲੀ 'ਚ ਪੰਜਾਬੀਅਤ ਦਾ ਤਿੰਨ-ਰੋਜ਼ਾ ਬੋਲਬਾਲਾ
- ਇਹ ਤਾਂ ਉਦੋਂ ਏਵੇਂ ਈ ਚਲੂ
- ਹੋਰ ਮੈਂ ਕੀ ਲੈਣਾ
- ਸ਼ਹੀਦ ਸੇਵਾ ਸਿੰਘ ਠੀਕਰੀਵਾਲਾ

ਸੰਪਾਦਕੀ

- 1. ਨਵੀਂ ਪਾਰਟੀ ਦੀ ਹੋਂਦ

ਫਿਲਮਾਂ ਤੇ ਸਭਿਆਚਾਰ

- ਪਾਕਿਸਤਾਨੀ ਫਿਲਮਾਂ ਵਿਚ ਹੀਰੋਇਨਾਂ ਦਾ ਅਕਾਲ
- ਜਲੰਧਰ ਦੂਰਦਰਸ਼ਨ : 1988 ਦਾ ਲੇਖਾ-ਜੋਖਾ
- ਸੁਰਾਂ ਦੀ ਛਹਿਬਰ
- ਫਿਲਮਨਾਮਾ
- ਬਹੁਰੂਪੀਏ
- ਗੀਤਾਂ ਦੀਆਂ ਰੀਲਾਂ

ਕਾਲਾਂਵਾਲੀ ਸਪਲੀਮੈਂਟ

ਭੁਪਿੰਦਰ ਸਿੰਘ ਪੰਨੀਵਾਲੀਆ, ਪੱਤਰ ਪ੍ਰੇਰਕ ਕਾਲਾਂਵਾਲੀ ਦੇ ਵਿਦੇਸ਼ ਚਲੇ ਜਾਣ ਕਾਰਨ "ਪੰਜਾਬੀ ਟ੍ਰਿਬਿਊਨ" ਦਾ ਕਾਲਾਂਵਾਲੀ ਸਪਲੀਮੈਂਟ ਕੁਝ ਲੇਟ ਹੋ ਗਿਆ ਹੈ। ਹੁਣ ਇਹ ਸਪਲੀਮੈਂਟ ਫਰਵਰੀ ਦੇ ਦੂਜੇ ਹਫਤੇ ਪ੍ਰਕਾਸ਼ਤ ਕੀਤਾ ਜਾਵੇਗਾ। ਇਸ ਸਪਲੀਮੈਂਟ ਵਿਚ ਇਸ਼ਤਿਹਾਰ ਅਤੇ ਹੋਰ ਸਮੱਗਰੀ ਦੇਣ ਲਈ ਜਸਵੀਰ ਸਿੰਘ ਜੱਸੀ, ਪੱਤਰ ਪ੍ਰੇਰਕ (ਰਾਮਪੁਰਾ ਫੂਲ) ਮਾਰਫਤ ਸਿੱਧੂ ਬੀਜ ਭੰਡਾਰ, ਨਵੀਂ ਮੰਡੀ, ਕਾਲਾਂਵਾਲੀ (ਫੋਨ 184) ਨਾਲ ਸੰਪਰਕ ਕੀਤਾ ਜਾਵੇ। ਵਿਗਿਆਪਨ ਮੈਨੇਜਰ

ਮਿਜ਼ੋਰਮ 'ਚ ਕਾਂਗਰਸ (ਆਈ) ਦੀ ਸਥਿਤੀ ਮਜ਼ਬੂਤ : ਰਾਜੀਵ

ਅਗਰਤਲਾ, 18 ਜਨਵਰੀ, (ਯੂ. ਐਨ. ਆਈ.) –ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਮਿਜ਼ੋਰਮ ਅਤੇ ਨਾਗਾਲੈਂਡ ਚੋਣਾਂ ਵਿਚ ਕਾਂਗਰਸ ਦੀ ਕਾਫੀ ਅੱਛੀ ਪੁਜੀਸ਼ਨ ਹੈ।

ਮਦਰਾਸ ਤੋਂ ਮਿਜ਼ੋਰਮ ਜਾਂਦਿਆਂ ਇਥੇ ਕੁਝ ਦੇਰ ਲਈ ਰੁਕਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ 21 ਜਨਵਰੀ ਨੂੰ ਮਿਜ਼ੋਰਮ ਦੀਆਂ ਚੋਣਾਂ ਵਿਚ ਕਾਂਗਰਸ (ਆਈ) ਨੂੰ ਭਾਰੀ ਬਹੁਮਤ ਮਿਲੇਗਾ।

ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਏਕੇ ਦਾ ਸਵਾਗਤ ਕਰਦਾ ਹਾਂ ਪਰ ਇਹ ਹੈ ਕਿੱਥੇ ?

ਤ੍ਰਿਪੁਰਾ ਮੰਤਰੀ ਮੰਡਲ ਵਿਚ ਰੱਦੋ ਬਦਲ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਜੁਆਬ ਦਿੱਤਾ ਹੈ ਕਿ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ ਇਸ ਬਾਰੇ ਮੁੱਖ ਮੰਤਰੀ ਨੂੰ ਪੁੱਛੋ।

ਤਲਾਂਗ (ਮਿਜ਼ੋਰਮ) : ਪ੍ਰਧਾਨ ਮੰਤਰੀ ਅੱਜ ਇਥੇ ਅਗਰਤਲਾ ਤੋਂ ਹੈਲੀਕਾਪਟਰ ਰਾਹੀਂ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚੇ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਦੋ ਹੋਰ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਨ ਤੋਂ ਬਾਅਦ ਕੋਹੀਮਾ ਲਈ ਰਵਾਨਾ ਹੋਣਗੇ।

ਅਗਰਤਲਾ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਤੋਂ ਬੰਗਲਾਦੇਸ਼ ਤੋਂ ਆਉਣ ਵਾਲੇ ਘੱਟ ਗਿਣਤੀ ਬੰਗਲਾਦੇਸ਼ੀਆਂ ਬਾਰੇ ਚਿੰਤਾ ਪ੍ਰਗਟ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਅਸੀਂ ਰਫਿਊਜੀਆਂ ਦੇ ਮਸਲਿਆਂ ਤੋਂ ਦੋ ਕਾਰਨਾਂ ਕਰਕੇ ਚਿੰਤਤ ਹਾਂ। ਇਕ ਤਾਂ ਸਾਨੂੰ ਉਨ੍ਹਾਂ ਨੂੰ ਖਾਣਾ ਅਤੇ ਰਹਿਣ ਲਈ ਥਾਂ ਦੇਣੀ ਪੈਂਦੀ ਹੈ, ਦੂਜਾ ਉਨ੍ਹਾਂ ਕਾਰਨ ਧਾਰਮਿਕ ਅਸਥਿਰਤਾ ਪੈਦਾ ਹੁੰਦੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਬੰਗਲਾਦੇਸ਼ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 45000 ਬੋਧੀ ਚਕਮਾ ਰਫਿਊਜੀ ਦੱਖਣੀ ਤ੍ਰਿਪੁਰਾ ਦੇ ਕੈਂਪਾਂ ਵਿਚ ਟਿਕੇ ਹੋਏ ਹਨ ਅਤੇ 25000 ਤੋਂ ਵੱਧ ਗੈਰ ਮੁਸਲਿਮ ਰਫਿਊਜੀ ਪਿਛਲੇ ਮਹੀਨਿਆਂ ਵਿਚ ਸਰਹੱਦ ਪਾਰ ਕਰਕੇ ਬੰਗਾਲ ਵਿਚ ਆਣ ਵੜੇ ਹਨ।

ਮਿਜ਼ੋਰਮ ਵਿਚ ਹੋਣ ਵੋਟਾਂ ਸਵੇਰੇ 7 ਵਜੇ ਤੋਂ ਸ਼ਾਮ ਪੰਜ ਵਜੇ ਤਕ ਪੈਣਗੀਆਂ। ਵੋਟਾਂ ਪਾਉਣ ਦਾ ਸਮਾਂ ਵਧਾਉਣ ਨਾਲ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਕੰਮ ਕਰਦੇ ਪੋਲਿੰਗ ਅਫਸਰਾਂ ਨੂੰ ਲੈਂਪ ਵਗੈਰਾ ਮੁਹੱਈਆ ਕੀਤੇ ਜਾ ਰਹੇ ਹਨ ਤੇ ਪੋਲਿੰਗ ਖਤਮ ਹੋਣ ਤੋਂ ਬਾਅਦ ਉਹ ਰਾਤ ਉਨ੍ਹਾਂ ਨੂੰ ਉਥੇ ਹੀ ਬਿਤਾਉਣੀ ਪਵੇਗੀ। ਨਾਗਾਲੈਂਡ ਵਿਚ ਕਾਂਗਰਸ ਪਾਰਟੀ ਦੇ ਵਰਕਰਾਂ ਅਤੇ ਲੀਡਰਸ਼ਿਪ ਦੇ

(ਬਾਕੀ ਸਫਾ 8 ਕਾਲਮ 1)

ਭਾਰਤ ਸ੍ਰੀਲੰਕਾ ਨਾਲ ਅਮਨ ਤੇ ਦੋਸਤੀ ਦੀ ਸੰਧੀ ਲਈ ਤਿਆਰ

ਕੋਲੰਬੋ, 18 ਜਨਵਰੀ (ਪੀ. ਟੀ. ਆਈ.) – ਭਾਰਤ ਸ੍ਰੀਲੰਕਾ ਨਾਲ ਅਮਨ, ਦੋਸਤੀ ਤੇ ਸਹਿਯੋਗ ਦੀ ਨਵੀਂ ਸੰਧੀ ਕਰਨ ਸਬੰਧੀ ਸ੍ਰੀਲੰਕਾ ਸਰਕਾਰ ਦੇ ਸੁਝਾਵਾਂ 'ਤੇ ਗੌਰ ਕਰਨ ਲਈ ਤਿਆਰ ਹੈ ਬਸ਼ਰਤੇ ਇਹ ਸੰਧੀ ਦੁਵੱਲੇ ਲਾਭਾਂ ਤੇ ਇਕ-ਦੂਜੇ ਦੀਆਂ ਭਾਵਨਾਵਾਂ ਦੇ ਸਤਿਕਾਰ ਦੇ ਸਿਧਾਂਤਾਂ 'ਤੇ ਅਧਾਰਿਤ ਹੋਵੇ।

ਭਾਰਤ ਦੀ ਇਸ ਭਾਵਨਾ ਦੀ ਜਾਣਕਾਰੀ ਸ੍ਰੀਲੰਕਾ ਵਿਚ ਭਾਰਤੀ ਹਾਈ ਕਮਿਸ਼ਨਰ ਜੇ. ਐਨ. ਦੀਕਸ਼ਿਤ ਨੇ ਕੱਲ੍ਹ ਰਾਤ ਸ੍ਰੀਲੰਕਾ ਦੇ ਰਾਸ਼ਟਰਪਤੀ ਰਾਣਾਸਿੰਘੇ ਪ੍ਰੇਮਦਾਸਾ ਨਾਲ ਮੀਟਿੰਗ ਦੌਰਾਨ ਦਿੱਤੀ।

ਭਾਰਤੀ ਹਾਈ ਕਮਿਸ਼ਨ ਦੀ ਇਕ ਰਿਲੀਜ਼ ਵਿਚ ਦੱਸਿਆ ਗਿਆ ਕਿ ਸ੍ਰੀ ਪ੍ਰੇਮਦਾਸਾ ਨੇ ਸੰਕੇਤ ਦਿੱਤਾ ਹੈ ਕਿ ਨਵੀਂ ਸੰਧੀ ਦਾ ਖਰੜਾ ਨਿਕਟ ਭਵਿੱਖ ਵਿਚ ਭਾਰਤ ਦੇ ਹਵਾਲੇ ਕਰ ਦਿੱਤਾ ਜਾਵੇਗਾ।

ਸ੍ਰੀ ਦੀਕਸ਼ਿਤ ਨੇ ਆਪਣੀ ਮੀਟਿੰਗ ਦੌਰਾਨ ਸ੍ਰੀ ਪ੍ਰੇਮਦਾਸਾ ਨੂੰ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਇਕ ਸੰਦੇਸ਼ ਵੀ ਪੜ੍ਹ ਕੇ ਸੁਣਾਇਆ।

ਭਾਵੇਂ ਇਸ ਸੰਦੇਸ਼ ਦੀ ਸ਼ਬਦਾਵਲੀ ਦੀ ਜਾਣਕਾਰੀ ਨਹੀਂ ਮਿਲ ਸਕੀ, ਫਿਰ ਵੀ ਇਹ ਸਮਝਿਆ ਜਾਂਦਾ ਹੈ ਕਿ ਸ੍ਰੀ ਗਾਂਧੀ ਨੇ ਸ੍ਰੀ ਪ੍ਰੇਮਦਾਸਾ ਨੂੰ ਕਿਹਾ ਕਿ ਤਜਵੀਜ਼ਸ਼ੁਦਾ ਅਮਨ ਸੰਧੀ ਦੋਹਾਂ ਦੇਸ਼ਾਂ ਦੇ ਦੋਸਤਾਨਾ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਵੇਗੀ।

ਸ੍ਰੀ ਦੀਕਸ਼ਿਤ ਨੇ ਸ੍ਰੀ ਪ੍ਰੇਮਦਾਸਾ ਨੂੰ ਦੱਸਿਆ ਕਿ ਸ੍ਰੀਲੰਕਾ ਸਰਕਾਰ ਵਲੋਂ ਉਤਰ-ਪੂਰਬੀ ਸੂਬਿਆਂ ਵਿਚ ਹਾਲਾਤ ਆਮ ਵਾਂਗ ਬਣਾਉਣ ਦੇ ਸ੍ਰੀਲੰਕਾ ਸਰਕਾਰ ਦੇ ਤਾਜ਼ਾ ਕਦਮਾਂ ਦਾ ਭਾਰਤ ਸਰਕਾਰ ਸਵਾਗਤ ਕਰਦੀ ਹੈ।

ਨੇੜੇ ਤੇੜੇ

ਮਜ਼ਾ ਤਾਂ ਹੈ ਜੇ ਉਪਰਲੀ ਆਮਦਨ ਨੂੰ ਉਚੇ ਸਕੇਲ ਦੇ ਭਾਗ ਲੱਗਣ.

AMAR
LORRY WEIGH BRIDGES
AMAR
SCALES & ENGINEERS
24A, Nehru Ground, Faridabad-121001
Ph.: 81-26370, 81-22124

★ ਪੰਜਾਬੀ ਟ੍ਰਿਬਿਊਨ
Regd. No. PB/CH-12
ਘਰ ਪਰਿਵਾਰ
ਸਾਲ : 11, ਅੰਕ : 162 ਚੰਡੀਗੜ੍ਹ, ਬੁੱਧਵਾਰ, 25 ਜਨਵਰੀ, 1989 ਮੁੱਲ : 90 ਪੈਸੇ

ਪਾਯਲ
ਦੇਰ ਤੱਕ ਚਲਣ ਵਾਲੀ ਵਧੀਆ ਹਵਾਈ ਚੱਪਲ
ਲਗਾਤਾਰ 12 CAPEXIL ਬਰਾਮਦ ਪੁਰਸਕਾਰ ਜੇਤੂ
ਪ੍ਰਿੰਸ ਰਬੜ ਇੰਡਸਟਰੀਜ਼
ਜਲੰਧਰ-144 004.

ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਵਲੋਂ ਮੰਗਲਵਾਰ ਨੂੰ ਹੜਤਾਲ ਕਾਰਨ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਚਾਂਦੀ ਰਹੀ। ਪੰਜਾਬੀ ਟ੍ਰਿਬਿਊਨ ਦੇ ਫੋਟੋਗਰਾਫਰ ਕਰਮ ਸਿੰਘ ਨੇ ਉਪਰਲੀ ਤਸਵੀਰ ਚੰਡੀਗੜ੍ਹ ਦੇ ਅੰਤਰਰਾਜੀ ਬੱਸ ਅੱਡੇ 'ਤੇ ਖਿੱਚੀ ਜਿਥੇ ਪ੍ਰਾਈਵੇਟ ਬੱਸਾਂ ਰਵਾਨਾ ਹੋਣ ਤੋਂ ਪਹਿਲਾਂ ਹੀ ਤੂੜੀਆਂ ਗਈਆਂ

ਰਿਟਾਇਰਡ ਡੀ.ਐਸ.ਪੀ. ਸਣੇ 11 ਹਲਾਕ, ਪੀ.ਏ.ਯੂ. ਵਿਚ ਫਾਇਰਿੰਗ

ਚੰਡੀਗੜ੍ਹ, 24 ਜਨਵਰੀ (ਪੀ. ਟੀ. ਆਈ.) – ਪੰਜਾਬ ਵਿਚ ਪਿਛਲੇ ਚੌਵੀ ਘੰਟਿਆਂ ਦੌਰਾਨ ਵਾਪਰੀਆਂ ਵੱਖ ਵੱਖ ਘਟਨਾਵਾਂ 'ਚ ਦੋ ਪਰਿਵਾਰਾਂ ਦੇ ਪੰਜ ਮੈਂਬਰਾਂ ਅਤੇ ਇਕ ਰਿਟਾਇਰਡ ਡੀ. ਐਸ. ਪੀ. ਸਮੇਤ ਕੁੱਲ 11 ਵਿਅਕਤੀ ਕਤਲ ਹੋਏ ਜਦ ਕਿ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਜਗਦੀਸ਼ ਰਾਏ ਮੋਂਗਾ ਨੂੰ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ।

ਬਠਿੰਡਾ ਤੋਂ ਨਿੱਜੀ ਪੱਤਰ ਪ੍ਰੇਰਕ ਦੀ ਸੂਚਨਾ ਅਨੁਸਾਰ ਭਾਜਪਾ ਆਗੂ ਸ੍ਰੀ ਜਗਦੀਸ਼ ਰਾਏ ਮੋਂਗਾ ਨੂੰ ਅੱਜ ਸ਼ਾਮੀਂ ਸਵਾ ਪੰਜ ਦੇ ਕਰੀਬ ਗਣੇਸ਼ਾ ਬਸਤੀ ਵਿਖੇ ਉਨ੍ਹਾਂ ਦੇ ਘਰ ਕੁਝ ਅਣਪਛਾਤੇ ਵਿਅਕਤੀਆਂ ਨੇ ਫਾਇਰਿੰਗ ਕਰ ਕੇ ਜ਼ਖਮੀ ਕੀਤਾ ਤੇ ਘਟਨਾ ਉਪਰੰਤ ਇਕ ਹੀਰੋ ਹਾਂਡਾ ਮੋਟਰ ਸਾਈਕਲ ਖੋਹ ਕੇ ਦੌੜ ਗਏ।

ਮੋਂਗਾ ਦੀ ਹਾਲਤ ਗੰਭੀਰ ਹੈ ਅਤੇ ਅਪਰੇਸ਼ਨ ਕੀਤਾ ਜਾ ਰਿਹਾ ਹੈ।

ਪੀ. ਟੀ. ਆਈ. ਅਨੁਸਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕੈਂਪਸ ਵਿਚ ਅੱਜ ਰਾਤੀਂ ਗੋਲੀ ਚਲਣ ਕਾਰਨ ਘੱਟੋ ਘੱਟ 6 ਵਿਦਿਆਰਥੀ ਜ਼ਖਮੀ ਹੋਏ। ਇਨ੍ਹਾਂ ਵਿਚੋਂ ਚਾਰ ਦੀ ਹਾਲਤ ਗੰਭੀਰ ਹੈ ਅਤੇ ਇਨ੍ਹਾਂ ਨੂੰ ਦਇਆ ਨੰਦ ਮੈਡੀਕਲ ਕਾਲਜ ਵਿਚ ਭਰਤੀ ਕਰਾਇਆ ਗਿਆ ਹੈ।

ਮਜੀਠਾ ਪੁਲੀਸ ਜ਼ਿਲੇ (ਅੰਮ੍ਰਿਤਸਰ) ਦੇ ਪਿੰਡ ਸੰਤੂ ਨੰਗਲ ਵਿਚ ਨਰਿੰਦਰ ਕੁਮਾਰ, ਉਸ ਦਾ ਪੁੱਤਰ ਸੁਰਿੰਦਰ ਕੁਮਾਰ ਤੇ ਭਰਾ ਚਰਨ ਦਾਸ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

ਜ਼ਿਲਾ ਪੁਲੀਸ ਮੁਖੀ ਜੀ. ਐਸ. ਮਾਨ ਨੇ ਦੱਸਿਆ ਕਿ ਨਰਿੰਦਰ ਕੁਮਾਰ ਤੇ ਚਰਨ ਦਾਸ ਨੂੰ ਉਦੋਂ ਮਾਰਿਆ ਗਿਆ ਜਦੋਂ ਉਹ ਨੇੜਲੇ ਪਿੰਡ ਛਿਪੂ 'ਤੇ ਦੁੱਧ ਛੱਡ ਕੇ ਆ ਰਹੇ ਸਨ ਜਦ ਕਿ ਸੁਰਿੰਦਰ ਕੁਮਾਰ ਨੂੰ ਘਰੋਂ ਬਾਹਰ ਕੱਢ ਕੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਲੋਪੋਕੇ ਨੇੜੇ ਪੁਲੀਸ ਪਾਰਟੀ 'ਤੇ ਘਾਤ ਲਾ ਕੇ ਕੀਤੇ ਗਏ ਹਮਲੇ ਵਿਚ ਜੱਸਾ ਸਿੰਘ ਨਾਂ ਦਾ ਇਕ ਹੋਮ ਗਾਰਡ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਗਸ਼ਤੀ ਪਾਰਟੀ ਮਿੰਨੀ ਬੱਸ ਵਿਚ ਜਾ ਰਹੀ ਸੀ ਜਦੋਂ ਉਸ ਉਤੇ ਹਮਲਾ ਕੀਤਾ ਗਿਆ। ਹੋਮ ਗਾਰਡ ਦੇ ਜਵਾਨ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ ਹੈ ਜਿਥੇ ਉਸ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਹੈ।

ਤੜਕਸਾਰ ਹੋਏ ਇਕ ਮੁਕਾਬਲੇ ਦੌਰਾਨ ਜ਼ਿਲਾ ਜਲੰਧਰ ਵਿਚ ਗੜ੍ਹੀ ਅਜੀਤ ਸਿੰਘ ਨੇੜੇ ਕੋਈ ਅਣਪਛਾਤਾ ਦਹਿਸ਼ਤਗਰਦ ਮਾਰਿਆ ਗਿਆ। ਉਸ ਦੇ ਕੋਲੋਂ 9 ਐਮ. ਐਮ. ਦਾ ਇਕ ਪਿਸਤੌਲ, ਚਾਰ ਅਣਚੱਲੇ ਕਾਰਤੂਸ ਤੇ ਏ. ਕੇ-47 ਦੀਆਂ 8 ਗੋਲੀਆਂ ਬਰਾਮਦ ਹੋਈਆਂ। ਉਸ ਦਾ ਸਾਥੀ ਫਰਾਰ ਹੋਣ ਵਿਚ ਸਫਲ ਹੋ ਗਿਆ।

ਬਟਾਲਾ (ਨਿਜੀ ਪੱਤਰ ਪ੍ਰੇਰਕ): ਇਥੋਂ ਲਗਪਗ 20 ਕਿਲੋਮੀਟਰ ਦੂਰ ਪਿੰਡ ਡੱਲਾ ਵਿਖੇ ਦੋ ਵਿਅਕਤੀਆਂ ਨੂੰ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਮਾਰ ਕੇ ਮਾਰ ਦੇਣ ਦੀ ਸੂਚਨਾ ਮਿਲੀ ਹੈ।

ਪੁਲੀਸ ਦੇ ਅਨੁਸਾਰ ਮ੍ਰਿਤਕਾਂ ਦੇ ਨਾਂ ਦਰਸ਼ਨ ਸਿੰਘ ਤੇ ਸੁੱਚਾ ਸਿੰਘ ਹਨ ਤੇ ਉਹ ਅਤਿਵਾਦੀ ਜਥੇਬੰਦੀ ਖਾਲਿਸਤਾਨ ਕਮਾਂਡੋ ਫੋਰਸ ਦੇ ਕਾਰਕੁਨ ਸਨ। ਪੁਲੀਸ ਦਾ ਕਹਿਣਾ ਹੈ ਕਿ ਇਹ ਹੱਤਿਆਵਾਂ ਅਤਿਵਾਦੀਆਂ ਦੀ ਅੰਦਰੂਨੀ ਲੜਾਈ ਦਾ ਸਿੱਟਾ ਹਨ। ਇਹ ਕਾਰਵਾਈ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਜੁਗਰਾਜ ਸਿੰਘ ਉਰਫ ਤੂਫਾਨ ਸਿੰਘ ਵਲੋਂ ਕੀਤੀ ਜਾਪਦੀ ਹੈ।

ਭਾਜਪਾ ਨੇਤਾ ਜਗਦੀਸ਼ ਮੋਂਗਾ ਉਤੇ ਕਾਤਲਾਨਾ ਹਮਲਾ

ਬਲਾਚੌਰ (ਸੁਭਾਸ਼ ਜੋਸ਼ੀ): ਇਕ ਅਣਪਛਾਤੇ ਨੌਜਵਾਨ ਨੇ ਅੱਜ ਸਵੇਰੇ 8 ਵਜੇ ਦੇ ਕਰੀਬ ਗੜ੍ਹਸ਼ੰਕਰ ਇਲਾਕੇ ਦੇ ਪਿੰਡ ਹਯਾਤਪੁਰ ਰੁੜਕੀ ਵਿਖੇ ਇਕ ਰਿਟਾਇਰਡ ਡੀ. ਐਸ. ਪੀ. ਸ੍ਰੀ ਗੁਰਦਿਆਲ ਸਿੰਘ (78 ਸਾਲ) ਦੀ ਏ. ਕੇ-47 ਰਾਈਫਲ ਨਾਲ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰਦਿਆਲ ਸਿੰਘ ਆਪਣੇ ਘਰ ਦੇ ਗੇਟ ਉਤੇ ਖੜ੍ਹਾ ਆਪਣੇ ਭਰਾ ਸਮੇਤ ਰੇਡੀਓ ਤੋਂ ਖਬਰਾਂ ਸੁਣ ਰਿਹਾ ਸੀ ਕਿ ਉਸ ਉਤੇ ਹਮਲਾ ਕੀਤਾ ਗਿਆ। ਉਸ ਦੀ ਥਾਏਂ ਮੌਤ ਹੋ ਗਈ।

ਹਮਲਾਵਰ ਪੈਦਲ ਆਇਆ ਸੀ ਤੇ ਪੈਦਲ ਹੀ ਫਰਾਰ ਹੋ ਗਿਆ। ਉਸ ਨੇ ਚਾਦਰ ਦੀ ਬੁੱਕਲ ਮਾਰ ਕੇ ਰਾਈਫਲ ਲੁਕੋਈ ਹੋਈ ਸੀ।

ਐਸ. ਡੀ. ਐਮ. ਬਲਾਚੌਰ ਸ੍ਰੀ ਬਲਦੇਵ ਸਿੰਘ ਤੇ ਸਥਾਨਕ ਡੀ. ਐਸ. ਪੀ. ਘਟਨਾ ਦੀ ਸੂਹ ਮਿਲਦੇ ਹੀ ਤੁਰਤ ਮੌਕੇ ਉਤੇ ਪੁੱਜੇ।

ਨਾਭਾ (ਪੱਤਰ ਪ੍ਰੇਰਕ) : ਬੀਤੀ ਰਾਤ ਇਥੋਂ ਨਜ਼ਦੀਕੀ ਪਿੰਡ ਬਨੇਰਾ ਕਲਾਂ ਦੇ ਡੇਰੇ ਦੇ ਮਹੰਤ ਸ੍ਰੀ ਨੌਰੰਗ ਸਿੰਘ ਅਤੇ ਉਸ ਦੇ ਲੜਕੇ ਅਵਤਾਰ ਸਿੰਘ ਨੂੰ 7 ਸ਼ੱਕੀ ਲੁਟੇਰਿਆਂ ਵਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਸ ਦੀ ਲੜਕੀ ਪਰਮਜੀਤ ਕੌਰ ਅਤੇ ਪਤਨੀ ਚੰਨਣ ਕੌਰ ਜ਼ਖਮੀ ਹੋ ਗਈਆਂ ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਨੌਰੰਗ ਸਿੰਘ ਮਹੰਤ ਦਾ ਇਹ ਡੇਰਾ ਪਿੰਡ ਸ਼ੇਖੂਪੁਰਾ ਰੋਡ 'ਤੇ ਸਥਿਤ ਹੈ ਜੋ ਕਿ ਸਿਰਫ ਦੋ ਦਿਨ ਪਹਿਲਾਂ ਹੀ ਪਿੰਡ ਬਨੇਰਾ ਵਿਚੋਂ ਆ ਕੇ ਇਸ ਡੇਰੇ ਵਿਚ ਠਹਿਰੇ ਸਨ। ਨੌਰੰਗ ਸਿੰਘ ਦੇ ਲੜਕੇ ਦਾ 2 ਫਰਵਰੀ ਨੂੰ ਵਿਆਹ ਮੁਕੱਰਰ ਸੀ। ਵਾਰਦਾਤ ਸਮੇਂ ਉਹ ਖੇਤਾਂ ਵਿਚ ਕੰਮ ਕਰ ਰਿਹਾ ਸੀ ਪ੍ਰੰਤੂ ਕਿਸੇ ਰਾਹਗੀਰ ਦੇ ਦੱਸਣ ਉਤੇ ਕਿ ਉਸ ਦੇ ਘਰ ਗੋਲੀ ਚਲ ਰਹੀ ਹੈ ਉਹ ਵੀ ਘਰ ਪਹੁੰਚ ਗਿਆ ਅਤੇ ਆਉਂਦੇ ਹੀ ਸ਼ੱਕੀ ਵਿਅਕਤੀਆਂ ਨੇ ਉਸ ਨੂੰ ਵੀ ਗੋਲੀਆਂ ਨਾਲ ਵਿੰਨ੍ਹ ਦਿੱਤਾ ਪ੍ਰੰਤੂ ਮ੍ਰਿਤਕ ਦੀਆਂ ਦੋ ਛੋਟੀਆਂ ਲੜਕੀਆਂ ਅਤੇ ਇਕ ਮਾਸੂਮ ਬੱਚੇ ਨੂੰ ਛੱਡ ਦਿੱਤਾ। ਪ੍ਰਾਪਤ ਸੂਚਨਾ ਅਨੁਸਾਰ ਛੋਟੇ ਲੜਕੇ ਨੂੰ ਇਹ ਕਹਿਣ 'ਤੇ ਛੱਡਿਆ ਗਿਆ ਕਿ ਉਹ ਉਸ ਦਾ ਭਾਣਜਾ ਹੈ।

ਇਸ ਵਾਰਦਾਤ ਦੀ ਇਤਲਾਹ ਸ੍ਰੀ ਰਣਜੀਤ ਸਿੰਘ ਸਰਪੰਚ ਨੇ ਸਦਰ ਨਾਭੇ ਥਾਣੇ ਵਿਚ ਦਿੱਤੀ ਜਿਸ ਦੇ ਆਧਾਰ 'ਤੇ ਪੁਲੀਸ ਨੇ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਸੂਚਨਾ ਅਨੁਸਾਰ ਲੁਟੇਰੇ ਹਥਿਆਰਾਂ ਨਾਲ ਲੈਸ ਸਨ ਅਤੇ ਪੈਦਲ ਆਏ ਅਤੇ ਪੈਦਲ ਹੀ ਚਲੇ ਗਏ। ਉਨ੍ਹਾਂ ਨੇ ਪਹਿਲਾਂ ਨੌਰੰਗ ਸਿੰਘ ਪਾਸੋਂ ਉਸ ਦੀ 315 ਬੋਰ ਦੀ ਬੰਦੂਕ ਮੰਗੀ ਅਤੇ ਉਹ ਲੈਣ ਉਪਰੰਤ ਉਸ ਨੂੰ ਗੋਲੀਆਂ ਦਾ ਸ਼ਿਕਾਰ ਬਣਾ ਦਿੱਤਾ। ਉਹ ਜਾਂਦੇ ਹੋਏ ਘਰ ਦੀ ਨਗਦੀ, ਗਹਿਣੇ, ਕੱਪੜੇ ਅਤੇ 315 ਬੋਰ ਦੀ ਬੰਦੂਕ ਵੀ ਨਾਲ ਲੈ ਗਏ। ਪੁਲੀਸ ਨੇ ਇਸ ਸਬੰਧ ਵਿਚ 4 ਵਿਅਕਤੀਆਂ ਨੂੰ ਪੁਛਗਿੱਛ ਲਈ ਹਿਰਾਸਤ ਵਿਚ ਲੈ ਲਿਆ ਹੈ। ਐਸ. ਐਸ. ਪੀ. ਪਟਿਆਲਾ ਸ੍ਰੀ ਜੇ. ਪੀ. ਬਿਰਦੀ ਵੀ ਮੌਕੇ 'ਤੇ

(ਬਾਕੀ ਸਫ਼ਾ 8 ਕਾਲਮ 4)

ਰੋਡਵੇਜ਼ ਦੀ ਹੜਤਾਲ – ਪ੍ਰਾਈਵੇਟ ਬੱਸਾਂ ਚੱਲੀਆਂ

ਚੰਡੀਗੜ੍ਹ, 24 ਜਨਵਰੀ, (ਯੂ. ਐਨ. ਆਈ., ਪੀ. ਟੀ. ਆਈ.) – ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੀਆਂ ਨੌਂ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ ਉਤੇ ਅੱਜ ਸੂਬੇ ਭਰ ਅੰਦਰ ਬੱਸਾਂ ਦਾ ਪਹੀਆ ਜਾਮ ਰਿਹਾ। ਦੂਸਰੇ ਪਾਸੇ ਰਾਜ ਸਰਕਾਰ ਨੇ ਹੜਤਾਲ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ।

ਮੁਲਾਜ਼ਮ ਮੰਗ ਕਰ ਰਹੇ ਹਨ ਕਿ ਤਨਖਾਹ ਸਕੇਲ ਸੋਧੇ ਜਾਣ, ਟਰਾਂਸਪੋਰਟ ਦਾ ਕੌਮੀਕਰਨ ਕੀਤਾ ਜਾਵੇ ਅਤੇ ਨਵੀਆਂ ਬੱਸਾਂ ਪਾਈਆਂ ਜਾਣ।

ਕੁਝ ਥਾਵਾਂ ਉਤੇ ਪ੍ਰਾਈਵੇਟ ਬੱਸਾਂ ਦੇ ਚੱਲਣ ਦੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ।

ਰੋਡਵੇਜ਼ ਕਾਮਿਆਂ ਦੀ ਇਸ ਇਕ ਦਿਨਾਂ ਸੰਕੇਤਕ ਹੜਤਾਲ ਦੇ ਕਾਰਨ ਪੰਜਾਬ ਨੂੰ ਜਾਣ ਵਾਲੇ ਮੁਸਾਫਰ ਵੱਡੀ ਗਿਣਤੀ ਵਿਚ ਚੰਡੀਗੜ੍ਹ ਅਤੇ ਹੋਰਨਾਂ ਥਾਵਾਂ ਉਤੇ ਫਸੇ ਰਹੇ।

ਹਰਿਆਣਾ ਅਤੇ ਹਿਮਾਚਲ ਰੋਡਵੇਜ਼ ਦੀ ਪੰਜਾਬ ਅਤੇ ਜੰਮੂ-ਕਸ਼ਮੀਰ ਨੂੰ ਜਾਣ ਵਾਲੀ ਬੱਸ ਸੇਵਾ ਹੜਤਾਲ ਕਾਰਨ ਮੁਲਤਵੀ ਰਹੀ।

ਇਕ ਸਰਕਾਰ ਬੁਲਾਰੇ ਨੇ ਅੱਜ ਇਥੇ ਕਿਹਾ ਕਿ ਹੜਤਾਲ ਵਿਚ ਭਾਗ ਲੈਣ ਵਾਲਿਆਂ ਉਤੇ 'ਕੰਮ ਨਹੀਂ ਤਨਖਾਹ ਨਹੀਂ' ਜਿਸ ਵਿਚ ਸਰਵਿਸ ਵਿਚ ਬਰੇਕ ਪਾਉਣਾ ਸ਼ਾਮਲ ਹੈ, ਦਾ ਨਿਯਮ ਲਾਗੂ ਕੀਤਾ ਜਾਵੇਗਾ।

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੇ ਰੋਡਵੇਜ਼ ਕਾਮਿਆਂ ਦੀ ਹਮਾਇਤ ਵਿਚ ਸਵੇਰੇ 6 ਵਜੇ ਤੋਂ 10 ਵਜੇ ਤਕ 4 ਘੰਟੇ ਦੀ ਹੜਤਾਲ ਕੀਤੀ। ਜਦੋਂ ਕਿ ਨਿਗਮ ਟਰਾਂਸਪੋਰਟ ਦੇ ਕਰਮਚਾਰੀਆਂ ਅਤੇ ਪ੍ਰਾਈਵੇਟ ਓਪਰੇਟਰਾਂ ਉਤੇ ਹੜਤਾਲੀ ਕਰਮਚਾਰੀਆਂ ਵਲੋਂ ਕੀਤੀ ਗਈ ਅਪੀਲ ਦਾ ਕੋਈ ਅਸਰ ਨਹੀਂ ਹੋਇਆ।

ਜਲੰਧਰ, (ਯੂ. ਐਨ. ਆਈ.): ਇਥੇ ਸ਼ਹਿਰ ਆਲੇ ਦੁਆਲੇ ਦੇ ਬਾਈਪਾਸਾਂ ਤੋਂ ਪ੍ਰਾਈਵੇਟ ਬੱਸਾਂ ਵੱਖ ਵੱਖ ਥਾਵਾਂ ਲਈ ਚਲੀਆਂ ਪਰ ਜਨਰਲ ਬੱਸ ਸਟੈਂਡ ਤੋਂ ਅੰਦੋਲਨਕਾਰੀ ਮੁਲਾਜ਼ਮਾਂ ਨੇ ਨਾ ਕੋਈ ਬੱਸ ਚਲਣ ਦਿੱਤੀ ਅਤੇ ਨਾ ਹੀ ਦਾਖਲ ਹੋਣ ਦਿੱਤੀ।

ਪੈਪਸੂ ਦੇ ਮੁਲਾਜ਼ਮਾਂ ਨੇ ਸਾਥ ਦਿੱਤਾ

ਹੁਸ਼ਿਆਰਪੁਰ ਵਿਚ ਵੀ ਹੜਤਾਲ ਮੁਕੰਮਲ ਰਹੀ। ਉਥੇ ਵੀ ਪ੍ਰਾਈਵੇਟ ਬੱਸਾਂ ਅਤੇ ਹਿਮਾਚਲ ਤੋਂ ਆਉਣ ਵਾਲੀਆਂ ਟਾਵੀਆਂ ਟਾਵੀਆਂ ਬੱਸਾਂ ਬੱਸ ਅੱਡੇ ਤੋਂ ਦੂਰੋਂ ਹੀ ਚਲਦੀਆਂ ਰਹੀਆਂ।

ਰੋਪੜ (ਨਿਜੀ ਪੱਤਰ ਪ੍ਰੇਰਕ): ਇਥੇ ਵੀ ਰੋਡਵੇਜ਼ ਮੁਲਾਜ਼ਮਾਂ ਦੀ ਹੜਤਾਲ ਮੁਕੰਮਲ ਰਹੀ। ਪੈਪਸੂ ਟਰਾਂਸਪੋਰਟ ਦੇ ਕਾਮਿਆਂ ਨੇ ਅੰਦੋਲਨਕਾਰੀ ਮੁਲਾਜ਼ਮਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ 4 ਘੰਟੇ ਦੀ ਹੜਤਾਲ ਕੀਤੀ। ਹਿਮਾਚਲ, ਹਰਿਆਣਾ ਅਤੇ ਸੀ. ਟੀ. ਯੂ. ਦੀਆਂ ਗੱਡੀਆਂ ਪੰਜਾਬ ਵਿਚ ਦਾਖਲ ਨਹੀਂ ਹੋਈਆਂ। ਪ੍ਰਾਈਵੇਟ ਬੱਸਾਂ ਚਲਦੀਆਂ ਰਹੀਆਂ ਪਰ ਉਨ੍ਹਾਂ ਵਿਚ ਸਵਾਰੀ ਵਿਰਲੀ-ਵਿਰਲੀ ਹੀ ਨਜ਼ਰ ਆਉਂਦੀ ਸੀ।

ਹੜਤਾਲੀ ਮੁਲਾਜ਼ਮਾਂ ਨੇ ਵਰਕਸ਼ਾਪ ਅੱਗੇ ਧਰਨਾ ਦਿੱਤਾ ਅਤੇ ਰੈਲੀ ਕੀਤੀ।

ਬਟਾਲਾ, (ਨਿਜੀ ਪੱਤਰ ਪ੍ਰੇਰਕ): ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਅੱਜ ਕੀਤੀ ਗਈ ਇਕ ਰੋਜ਼ਾ ਹੜਤਾਲ ਨੂੰ ਇਥੇ ਰਲਵਾਂ ਮਿਲਵਾਂ ਹੁੰਗਾਰਾ ਮਿਲਿਆ।

ਪੰਜਾਬ ਰੋਡਵੇਜ਼ ਬਟਾਲਾ ਡੀਪੂ ਦੇ ਇਕ ਉਚ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਅੱਜ ਬਟਾਲਾ ਤੋਂ ਗੁਰਦਾਸਪੁਰ- ਅੰਮ੍ਰਿਤਸਰ ਵੱਲ 10 ਟਾਈਮ ਤੇ ਬਟਾਲਾ ਤੋਂ ਜਲੰਧਰ ਵੱਲ 20 ਟਾਈਮ ਚੱਲੇ। ਨਵੇਂ ਸਟਾਫ ਵਲੋਂ ਚਲਾਈਆਂ ਇਨ੍ਹਾਂ ਬੱਸਾਂ 'ਚ ਸਵਾਰੀਆਂ ਕਾਫੀ ਸਨ।

ਪਰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ ਜਾਂ ਪੰਜਾਬ ਰੋਡਵੇਜ਼ ਦੇ ਕਿਸੇ ਵੀ ਹੋਰ ਡੀਪੂ ਦੀ ਬੱਸ ਇਥੇ ਨਹੀਂ ਪੁੱਜੀ।

ਇਸੇ ਦੌਰਾਨ ਰੋਡਵੇਜ਼ ਬਟਾਲਾ ਡੀਪੂ ਦੇ ਵਰਕਰਾਂ ਨੇ ਮੁਕੰਮਲ ਹੜਤਾਲ ਕਰ ਕੇ ਡੀਪੂ ਅੱਗੇ ਇਕ ਭਰਵੀਂ ਰੈਲੀ ਕੀਤੀ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਨੇਤਾਵਾਂ ਗੁਰਬਖਸ਼ ਸਿੰਘ ਢਿੱਲੋਂ, ਅਮਰੀਕ ਸਿੰਘ, ਸਰਵਨ ਸਿੰਘ ਤੇ ਮੱਖਣ ਸਿੰਘ ਨੇ ਸੰਬੋਧਨ ਕੀਤਾ।

ਮੋਰਿੰਡਾ, (ਨਿਜੀ ਪੱਤਰ ਪ੍ਰੇਰਕ): ਸਥਾਨਕ ਬੱਸ ਅੱਡਾ ਜਿਥੋਂ ਕਿ ਰੋਜ਼ਾਨਾ 250 ਬੱਸਾਂ ਵੱਖ ਵੱਖ ਥਾਵਾਂ ਨੂੰ ਚਲਦੀਆਂ ਹਨ, ਹੜਤਾਲ ਕਾਰਨ ਸੁੰਨਸਾਨ ਨਜ਼ਰ ਆ ਰਿਹਾ ਸੀ। ਕੋਈ ਪੈਪਸੂ ਦੀ ਅਤੇ ਪ੍ਰਾਈਵੇਟ ਬੱਸ ਚਲਦੀ ਨਜ਼ਰ ਆ ਰਹੀ ਸੀ।

ਅਮਲੋਹ, (ਪੱਤਰ ਪ੍ਰੇਰਕ): ਅੱਜ ਪੰਜਾਬ ਰੋਡਵੇਜ਼ ਦੀ ਹੜਤਾਲ ਕਾਰਨ ਬੱਸਾਂ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ ਅਤੇ ਸੜਕਾਂ ਤੇ ਸਿਰਫ ਪ੍ਰਾਈਵੇਟ ਬੱਸਾਂ ਦੀ ਹੀ ਝਲਕ ਮਿਲਦੀ ਸੀ।

ਨਾਭਾ ਤੋਂ ਪਟਿਆਲਾ ਰੋਡ 'ਤੇ ਵੀ ਕੁਝ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਅੱਜ ਚਾਂਦੀ ਰਹੀ ਖਾਸ ਕਰਕੇ ਜਿਨ੍ਹਾਂ ਨੇ ਬਗੈਰ ਰੂਟ ਪਰਮਿਟਾਂ ਤੋਂ ਆਪਣੀਆਂ ਬੱਸਾਂ ਚਲਾ ਦਿੱਤੀਆਂ। ਬਾਕੀ ਲਿੰਕ ਰੋਡਾਂ ਅਤੇ ਪ੍ਰਮੁੱਖ ਸੜਕਾਂ 'ਤੇ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੀਆਂ ਬੱਸਾਂ ਬੰਦ ਰਹਿਣ ਕਾਰਨ ਸਵਾਰੀਆਂ ਖਾਸ ਤੌਰ 'ਤੇ ਮੁਲਾਜ਼ਮ ਵਰਗ ਨੂੰ ਆਉਣ ਜਾਣ ਵਿਚ ਸਖਤ ਪ੍ਰੇਸ਼ਾਨੀ ਪੇਸ਼ ਆਈ।

ਲੁਧਿਆਣਾ ਡੀਪੂ ਵਿਚ ਰੋਡਵੇਜ਼ ਕਾਮਿਆਂ ਦੇ

(ਬਾਕੀ ਸਫ਼ਾ 6 ਕਾਲਮ 5)

ਰਾਜਸਥਾਨ 'ਚੋਂ 2 ਦਹਿਸ਼ਤਪਸੰਦ ਫੜੇ

ਸ੍ਰੀ ਗੰਗਾਨਗਰ, 24 ਜਨਵਰੀ (ਯੂ. ਐਨ. ਆਈ.) – ਦੋ ਖਤਰਨਾਕ ਦਹਿਸ਼ਤਪਸੰਦ ਰਾਜਸਥਾਨ ਦੇ ਸ੍ਰੀ ਕਰਨਪੁਰ ਤੋਂ ਪੁਲੀਸ ਨੇ ਗ੍ਰਿਫਤਾਰ ਕੀਤੇ। ਉਹ ਪਾਕਿਸਤਾਨ ਦੀ ਸਰਹੱਦ ਟੱਪਣ ਦੇ ਯਤਨਾਂ 'ਚ ਸਨ।

ਉਨ੍ਹਾਂ ਦੀ ਪਛਾਣ ਹੋ ਗਈ। ਰਣਜੀਤ ਸਿੰਘ ਰਾਣਾ ਗੁਰਦਾਸਪੁਰ ਜ਼ਿਲੇ ਦਾ ਹੈ ਤੇ ਸਤਨਾਮ ਸਿੰਘ ਰਾਗੀ ਫਿਰੋਜ਼ਪੁਰ ਜ਼ਿਲੇ ਦਾ। ਹੋਰ 3 ਵਿਅਕਤੀਆਂ ਨੂੰ ਦਹਿਸ਼ਤਪਸੰਦਾਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ। ਰਾਣਾ ਨੇ ਮੁਢਲੀ ਪੁੱਛਗਿੱਛ ਦੌਰਾਨ ਮੰਨਿਆ ਕਿ ਪਿਛਲੇ ਸਾਲ ਅਪਰੈਲ 'ਚ ਬੰਬਈ ਵਿਖੇ ਇਕ ਬੈਂਕ ਲੁੱਟਿਆ ਸੀ। ਪੰਜਾਬ ਪੁਲੀਸ ਬਹੁਤ ਸਾਰੇ ਕੇਸਾਂ 'ਚ ਉਹਦੀ ਭਾਲ ਕਰ ਰਹੀ ਸੀ।

ਮਿਜ਼ੋਰਮ 'ਚ ਲਾਲਠਨਵਾਲਾ ਦੀ ਸਰਕਾਰ ਬਣੀ ਨਾਗਾਲੈਂਡ 'ਚ ਅੱਜ ਨਵੀਂ ਵਜ਼ਾਰਤ ਬਣੇਗੀ

ਨਵੀਂ ਦਿੱਲੀ, 24 ਜਨਵਰੀ (ਯੂ. ਐਨ. ਆਈ.) – ਮਿਜ਼ੋਰਮ ਵਿਚ ਸ੍ਰੀ ਲਾਲਠਨਵਾਲਾ ਦੀ ਅਗਵਾਈ ਹੇਠ ਕਾਂਗਰਸ (ਇੰ)-ਮਿਜ਼ੋ ਨੈਸ਼ਨਲ ਫਰੰਟ (ਡੀ) 9 ਮੈਂਬਰੀ ਕੁਲੀਸ਼ਨ ਸਰਕਾਰ ਨੇ ਸੱਤਾ ਸੰਭਾਲ ਲਈ ਹੈ ਜਦ ਕਿ ਨਾਗਾਲੈਂਡ ਵਿਚ ਕੱਲ੍ਹ ਸਵੇਰੇ 10.30 ਵਜੇ ਸ੍ਰੀ ਐਸ. ਸੀ. ਜਮੀਰ ਦੀ ਅਗਵਾਈ ਵਾਲੀ ਕਾਂਗਰਸ (ਇੰ) ਸਰਕਾਰ ਨੂੰ ਹਲਫ ਦਿਵਾਇਆ ਜਾਵੇਗਾ।

ਪਾਰਟੀ ਨੇ ਦੋਵਾਂ ਰਾਜਾਂ ਵਿਚ ਸ਼ਨਿਚਰਵਾਰ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਮਿਜ਼ੋਰਮ ਵਿਚ ਜਿਥੇ ਕਾਂਗਰਸ (ਇੰ) ਨੇ ਸ੍ਰੀ ਲਾਲਡੇਂਗਾ ਦੀ ਅਗਵਾਈ ਵਾਲੀ ਮਿਜ਼ੋ ਨੈਸ਼ਨਲ ਫਰੰਟ ਨੂੰ ਮਧੋਲ ਕੇ ਰੱਖ ਦਿੱਤਾ ਉਥੇ ਨਾਗਾਲੈਂਡ ਵਿਚ ਨਾਗਾਲੈਂਡ ਪੀਪਲਜ਼ ਕੌਂਸਲ ਨੇ ਇਸ ਨਾਲ ਲਗਪਗ ਬਰਾਬਰ ਦੀ ਟੱਕਰ ਲਈ।

ਮਿਜ਼ੋਰਮ ਵਿਚ ਰਾਜਪਾਲ ਹਿਤੇਸ਼ਵਰ ਸਾਈਕੀਆ ਨੇ ਛੇ ਕੈਬਨਿਟ ਮੰਤਰੀਆਂ ਅਤੇ ਤਿੰਨ ਰਾਜ ਮੰਤਰੀਆਂ ਨੂੰ ਅਹੁਦੇ ਤੇ ਗੋਪਨੀਅਤਾ ਦੀ ਸ਼ਪਥ ਦਿਵਾਈ। ਵਜ਼ਾਰਤ ਵਿਚਲੇ ਛੇ ਕੈਬਨਿਟ ਮੰਤਰੀ ਤੇ ਦੋ ਰਾਜ ਮੰਤਰੀ ਕਾਂਗਰਸ (ਇੰ) ਦੇ ਹਨ ਜਦ ਕਿ ਸ੍ਰੀ ਪੀ. ਸਿਆਮਲਿਆਨ ਐਮ. ਐਨ. ਐਫ. (ਡੀ) ਦੇ ਪ੍ਰਤੀਧਿਨੀ ਹਨ।

ਨਾਗਾਲੈਂਡ ਵਿਚ ਨਵੀਂ ਚੁਣੀ ਗਈ ਕਾਂਗਰਸ (ਇੰ) ਵਿਧਾਇਕ ਪਾਰਟੀ ਵਲੋਂ ਅੱਜ ਦੇਰ ਰਾਤ ਗਏ ਜਾਂ ਕੱਲ੍ਹ ਸਵੇਰੇ ਸ੍ਰੀ ਐਸ. ਸੀ. ਜਮੀਰ ਨੂੰ ਨੇਤਾ ਚੁਣ ਲਏ ਜਾਣ ਦੀ ਸੰਭਾਵਨਾ ਹੈ।

ਤਾਮਿਲਨਾਡੂ ਵਿਚ ਜੇਤੂ ਡੀ. ਐਮ. ਕੇ. ਵਲੋਂ ਕੱਲ੍ਹ ਰਸਮੀ ਤੌਰ 'ਤੇ ਸ੍ਰੀ ਐਮ. ਕਰੁਨਾਨਿਧੀ ਨੂੰ ਆਗੂ ਚੁਣ ਲਏ ਜਾਣ ਦੀ ਸੰਭਾਵਨਾ ਹੈ। ਉਥੇ ਸ਼ੁੱਕਰਵਾਰ ਨੂੰ ਨਵੀਂ ਵਜ਼ਾਰਤ ਸਥਾਪਤ ਹੋਵੇਗੀ।

ਇਸ ਤੋਂ ਪਹਿਲਾਂ ਅੱਜ ਸਵੇਰੇ ਮਿਜ਼ੋਰਮ ਵਿਚ ਪ੍ਰਧਾਨਗੀ ਰਾਜ ਸਮਾਪਤ ਕਰ ਦਿੱਤਾ ਗਿਆ। ਇਸ ਸਬੰਧੀ ਫੈਸਲਾ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਹੋਇਆ ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਬੰਬਈ ਲਈ ਰਵਾਨਾ ਹੋਣ ਤੋਂ ਕੁਝ ਸਮਾਂ ਪਹਿਲਾਂ ਕੀਤੀ। ਨਾਗਾਲੈਂਡ ਅਤੇ ਤਾਮਿਲਨਾਡੂ ਵਿਚ ਰਾਸ਼ਟਰਪਤੀ ਰਾਜ ਖਤਮ ਕਰਨ ਲਈ ਅਜੇ ਰਾਜਪਾਲਾਂ ਦੀਆਂ ਰਿਪੋਰਟਾਂ ਕੇਂਦਰ ਸਰਕਾਰ ਨੂੰ ਨਹੀਂ ਮਿਲੀਆਂ ਹਨ।

ਨਾਗਾਲੈਂਡ ਅਤੇ ਮਿਜ਼ੋਰਮ ਵਿਚ ਕਾਂਗਰਸ (ਇੰ) ਨੇ ਖੇਤਰੀ ਪਾਰਟੀਆਂ ਦੇ ਜ਼ਬਰਦਸਤ ਚੈਲਿੰਜ ਦਾ ਮੁਕਾਬਲਾ ਕਰ ਕੇ ਜਿੱਤ ਹਾਸਲ ਕੀਤੀ।

ਇਹ ਤਾਮਿਲਨਾਡੂ ਵਿਚ ਇਕ ਖੇਤਰੀ ਪਾਰਟੀ ਡੀ. ਐਮ. ਕੇ. ਹੱਥੋਂ ਪਾਰਟੀ ਦੇ ਸਫਾਏ ਦੇ ਐਨ ਉਲਟ ਹੈ। ਉਥੇ 12 ਸਾਲਾਂ ਮਗਰੋਂ ਡੀ. ਐਮ. ਕੇ. ਸੱਤਾ ਵਿਚ ਆਈ ਹੈ।

ਨਾਗਾਲੈਂਡ ਵਿਚ ਅੱਧੀ ਰਾਤ ਤਕ ਕਾਂਗਰਸ (ਆਈ) ਤੇ ਨਾਗਾਲੈਂਡ ਪੀਪਲਜ਼ ਕੌਂਸਲ ਵਿਚਕਾਰ ਬਰਾਬਰੀ ਦੀ ਟੱਕਰ ਚਲ ਰਹੀ ਸੀ ਪ੍ਰੰਤੂ ਅੱਜ ਸਵੇਰੇ ਇਹ ਕੌਂਸਲ ਨੂੰ ਬਹੁਤ ਪਿੱਛੇ ਛੱਡ ਗਈ ਜਦੋਂ ਕਿ 54 ਸੀਟਾਂ 'ਤੇ ਗਿਣਤੀ ਮੁਕੰਮਲ ਹੋਈ ਸੀ। ਕਾਂਗਰਸ (ਆਈ) ਨੂੰ 60 ਮੈਂਬਰੀ ਵਿਧਾਨ ਸਭਾ ਵਿਚ 32 ਸੀਟਾਂ ਮਿਲੀਆਂ ਸਨ ਜਦ ਕਿ ਇਸ ਦੀ ਮੁੱਖ ਵਿਰੋਧੀ ਪਾਰਟੀ ਨਾਗਾਲੈਂਡ ਪੀਪਲਜ਼ ਕੌਂਸਲ ਨੂੰ 23 ਸੀਟਾਂ ਮਿਲੀਆਂ। ਇਸ ਵਾਰ ਨਤੀਜਿਆਂ ਦੀ ਅਹਿਮ ਗੱਲ ਇਹ ਰਹੀ ਕਿ ਆਜ਼ਾਦ ਉਮੀਦਵਾਰਾਂ ਅਤੇ ਦੂਸਰੀਆਂ ਪਾਰਟੀਆਂ ਦਾ ਚੋਣਾਂ ਵਿਚ ਮੁਕੰਮਲ ਸਫਾਇਆ ਹੋ ਗਿਆ।

ਤੁਲੀ ਵਿਧਾਨ ਸਭਾ ਹਲਕੇ ਵਿਚ ਦੁਬਾਰਾ ਮਤਦਾਨ ਹੋਣਾ ਹੈ, ਬਾਕੀ ਹਲਕਿਆਂ ਵਿਚ ਕਿਸੇ ਨਾ ਕਿਸੇ ਕਾਰਨ ਚੋਣਾਂ ਦੀ ਗਿਣਤੀ ਰੋਕਣੀ

(ਬਾਕੀ ਸਫ਼ਾ 8 ਕਾਲਮ 3)

ਅੰਤਮ ਨਤੀਜੇ

ਨਾਗਾਲੈਂਡ	
ਕੁੱਲ ਸੀਟਾਂ	60
ਐਲਾਨੇ ਨਤੀਜੇ	56
ਕਾਂਗਰਸ (ਆਈ)	32
ਨਾਗਾਲੈਂਡ ਪੀਪਲਜ਼ ਕੌਂਸਲ	23
ਮਿਜ਼ੋਰਮ	
ਕੁੱਲ ਸੀਟਾਂ	40
ਐਲਾਨੇ ਨਤੀਜੇ	39
ਕਾਂਗਰਸ (ਆਈ)	22
ਮਿਜ਼ੋ ਨੈਸ਼ਨਲ ਫਰੰਟ	14
ਪੀਪਲਜ਼ ਕਾਨਫਰੰਸ ਤੇ ਹੋਰ	3

ਦਾਰਜੀਲਿੰਗ ਹਿਲ ਕੌਂਸਲ ਲਈ ਢਾਈ ਕਰੋੜ ਰੁਪਏ ਪ੍ਰਵਾਨ

ਕਲਕੱਤਾ, 24 ਜਨਵਰੀ (ਯੂ. ਐਨ. ਆਈ.) – ਪੱਛਮੀ ਬੰਗਾਲ ਸਰਕਾਰ ਤੇ ਦਾਰਜੀਲਿੰਗ ਗੋਰਖਾ ਹਿਲ ਕੌਂਸਲ ਪਹਾੜੀ ਖੇਤਰਾਂ ਦਾ ਤੇਜ਼ੀ ਨਾਲ ਵਿਕਾਸ ਕਰਨ ਲਈ ਸਹਿਮਤ ਹੋ ਗਏ ਹਨ।

ਪੱਛਮੀ ਬੰਗਾਲ ਦੇ ਵਿੱਤ ਮੰਤਰੀ ਸ੍ਰੀ ਡਾ. ਅਸ਼ੀਮ ਦਾਸਗੁਪਤਾ ਅਤੇ ਸ੍ਰੀ ਘੀਸ਼ਿੰਗ ਦੀ ਅਗਵਾਈ ਵਿਚ ਹਿਲ ਕੌਂਸਲ ਨੇਤਾਵਾਂ ਦੀ ਮੀਟਿੰਗ ਵਿਚ ਹਿਲ ਕੌਂਸਲ ਦੇ ਅਗਲੇ ਮਾਲੀ ਸਾਲ ਦੀ ਯੋਜਨਾ ਬਾਰੇ 15 ਫਰਵਰੀ ਨੂੰ ਮੁੜ ਮੀਟਿੰਗ ਕਰਨ ਦਾ ਫੈਸਲਾ ਵੀ ਕੀਤਾ ਗਿਆ।

ਸ੍ਰੀ ਘੀਸ਼ਿੰਗ ਨੇ ਕੱਲ੍ਹ ਮੁੱਖ ਮੰਤਰੀ ਸ੍ਰੀ ਬਾਸੂ ਨਾਲ ਵੀ ਮੀਟਿੰਗ ਕੀਤੀ ਸੀ। ਡਾ. ਦਾਸਗੁਪਤਾ ਨੇ ਦੱਸਿਆ ਕਿ ਸਰਕਾਰ ਵਲੋਂ ਕੌਂਸਲ ਦੇ ਖਰਚਿਆਂ ਲਈ 2.50 ਕਰੋੜ ਰੁਪਏ ਦੀ ਰਕਮ ਫੌਰੀ ਤੌਰ 'ਤੇ ਦਿੱਤੀ ਜਾ ਰਹੀ ਹੈ ਅਤੇ ਇਸ ਵਿਚ ਅੱਧੀ ਰਕਮ ਖਰਚ ਕੀਤੇ ਜਾਣ ਦਾ ਸਰਟੀਫਿਕੇਟ ਪ੍ਰਾਪਤ ਹੋਣ ਪਿੱਛੋਂ ਹੋਰ ਰਕਮ ਦੇ ਦਿੱਤੀ ਜਾਵੇਗੀ।

ਕਲਕੱਤਾ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਘੀਸ਼ਿੰਗ ਨੇ ਕਿਹਾ ਸੀ ਕਿ ਉਹ ਹਿਲ ਕੌਂਸਲ ਦੇ ਫੌਰੀ ਖਰਚਿਆਂ ਲਈ ਚਾਰ ਕਰੋੜ ਰੁਪਏ ਦੀ ਮੰਗ ਕਰਨਗੇ।

ਦਹਿਸ਼ਤਗਰਦਾਂ ਦੇ ਹਥਿਆਰ ਕਾਬੂ ਕੀਤੇ ਜਾਣ–ਰੇਅ

ਚੰਡੀਗੜ੍ਹ, 24 ਜਨਵਰੀ (ਸਟਾਫ ਰਿਪੋਰਟਰ) -ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੇ ਕਿਹਾ ਹੈ ਕਿ ਸੁਰੱਖਿਆ ਦਲ ਅਤਿਵਾਦੀਆਂ ਵਲੋਂ ਛੁਪਾਏ ਗਏ ਖਤਰਨਾਕ ਹਥਿਆਰਾਂ ਦਾ ਪਤਾ ਲਾਉਣ ਲਈ ਕੋਈ ਕਸਰ ਬਾਕੀ ਨਾ ਛੱਡਣ।

ਅੱਜ ਇਥੇ ਰਾਜ ਭਵਨ ਵਿਚ ਸੀ. ਆਰ. ਪੀ. ਦੇ ਕਮਾਂਡੈਂਟਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਰੇਅ ਨੇ ਕਿਹਾ ਕਿ ਬਹੁਤ ਸਾਰੇ ਅਤਿਵਾਦੀ ਮਾਰੇ ਗਏ ਹਨ ਜਾਂ ਗ੍ਰਿਫਤਾਰ ਹੋ ਗਏ ਹਨ। ਇਹ ਬਹੁਤ ਹੀ ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਏ.ਕੇ.-47 ਚੀਨੀ ਅਤੇ ਏ.ਕੇ.-74 ਅਸਾਲਟ ਰਾਈਫਲਾਂ ਕਾਬੂ ਕੀਤੀਆਂ ਜਾਣ।

ਸ੍ਰੀ ਰੇਅ ਨੇ ਕਿਹਾ ਕਿ ਪਿਛਲੇ ਕੁਝ ਅਰਸੇ ਵਿਚ ਰਾਜ ਅੰਦਰਲੀ ਸਥਿਤੀ ਬਹੁਤ ਬਦਲ ਗਈ ਹੈ। ਲੋਕਾਂ ਦੀ ਸੋਚ ਨੇ ਮੁਕੰਮਲ ਮੋੜਾ ਕੱਟਿਆ ਹੈ। ਲੋਕ ਅਤਿਵਾਦੀਆਂ ਬਾਰੇ ਦੱਸਣ ਲਈ ਅੱਗੇ ਆ ਰਹੇ ਹਨ। ਪੰਜਾਬ ਵਿਚ ਕਿਧਰੇ "ਖਾਲਿਸਤਾਨੀ" ਨਾਅਰੇ ਜਾਂ ਪੋਸਟਰ ਨਜ਼ਰ ਨਹੀਂ ਆ ਰਹੇ ਹਨ। ਉਨ੍ਹਾਂ ਨੇ ਸੁਰੱਖਿਆ ਦਲਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਬਦਲੀਆਂ ਹੋਈਆਂ ਪ੍ਰਸਥਿਤੀਆਂ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਸੁਰੱਖਿਆ ਦਲਾਂ ਦੀ ਕਾਰਵਾਈ ਸਮੇਂ ਲੋਕਾਂ ਨੇ ਹਮੇਸ਼ਾਂ ਸਾਥ ਦਿੱਤਾ ਹੈ।

ਸੀ. ਆਰ. ਪੀ. ਦੀ ਸ਼ਲਾਘਾ ਕਰਦਿਆਂ ਰਾਜਪਾਲ ਨੇ ਸੁਰੱਖਿਆ ਦਲਾਂ ਨੂੰ ਪੁਲੀਸ ਨਾਲ ਪੂਰਾ ਤਾਲਮੇਲ ਰੱਖਣ ਉਤੇ ਜ਼ੋਰ ਦਿੱਤਾ। ਅੱਜ ਦੀ ਕਾਨਫਰੰਸ ਨੂੰ ਹੋਰਨਾਂ ਤੋਂ ਇਲਾਵਾ ਰਾਜਪਾਲ ਦੇ ਸਲਾਹਕਾਰ ਸ੍ਰੀ ਜੇ. ਐਫ. ਰਿਬੇਰੋ, ਵਿੱਤ ਕਮਿਸ਼ਨਰ (ਗ੍ਰਹਿ) ਸ੍ਰੀ ਐਸ. ਐਲ. ਕਪੂਰ, ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਪੀ. ਐਸ. ਗਿੱਲ ਅਤੇ ਸੀ. ਆਰ. ਪੀ. ਦੇ ਇੰਸਪੈਕਟਰ ਜਨਰਲ ਸ੍ਰੀ ਪ੍ਰਕਾਸ਼ ਸਿੰਘ ਨੇ ਸੰਬੋਧਨ ਕੀਤਾ।

ਇੰਟਰਵਿਊ ਮੁਲਤਵੀ

ਰੋਪੜ, 24 ਜਨਵਰੀ (ਪ. ਟ. ਬ.) -ਪੰਜਾਬ ਰਾਜ ਬਿਜਲੀ ਬੋਰਡ ਦੇ ਰੋਪੜ ਥਰਮਲ ਪ੍ਰੋਜੈਕਟ ਦੇ ਸੂਚਨਾ ਅਫਸਰ ਨੇ ਇਕ ਬਿਆਨ ਰਾਹੀਂ ਦੱਸਿਆ ਹੈ ਕਿ ਸਮਾਜਿਕ ਸਿਖਿਆ ਅਤੇ ਨਰਸਰੀ ਸਿਖਿਆ ਅਧਿਆਪਕਾਂ ਦੀ 27 ਜਨਵਰੀ, 1989 ਨੂੰ ਰੱਖੀ ਗਈ ਇੰਟਰਵਿਊ ਕੁਝ ਕਾਰਨਾਂ ਕਰ ਕੇ ਮੁਲਤਵੀ ਕਰ ਦਿੱਤੀ ਗਈ ਹੈ।

ਇੰਟਰਵਿਊ ਲਈ ਅਗਲੀ ਮਿਤੀ 8 ਤੇ 9 ਫਰਵਰੀ ਰੱਖੇ ਜਾਣ ਦੀ ਸੰਭਾਵਨਾ ਹੈ ਜਿਸ ਬਾਰੇ ਪੱਕੀ ਜਾਣਕਾਰੀ ਪ੍ਰੈਸ/ ਰੁਜ਼ਗਾਰ ਦਫਤਰ ਵਿਚ ਮੁਹੱਈਆ ਕਰਵਾਈ ਜਾਵੇਗੀ।

ਨੇੜੇ ਤੇੜੇ

ਇਹੀ, ਇਕੋ ਚੀਫ ਮਨਿਸਟਰੀ ਰੂਪੀ ਲਾਲੀ ਪਾਪ ਦੇ ਸਾਲ ਵਿਚ ਦੋ-ਤਿੰਨਾਂ ਨੂੰ ਚੂਸੇ ਦਵਾ ਦੇਣੇ।

ਚੌਲਾਂ ਦੀ ਕੀਮਤ ਵਿਚ ਵਾਧਾ ਅੱਜ ਤੋਂ

ਨਵੀਂ ਦਿੱਲੀ, 24 ਜਨਵਰੀ (ਪੀ. ਟੀ. ਆਈ.) -ਕੇਂਦਰ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਰਾਹੀਂ ਵੰਡੇ ਜਾਣ ਵਾਲੇ ਆਮ ਕਿਸਮ ਦੇ ਚਾਵਲਾਂ ਦੀ ਕੀਮਤ ਵਿਚ ਪੰਜ ਪੈਸੇ ਪ੍ਰਤੀ ਕਿਲੋ, ਵਧੀਆ ਕਿਸਮ ਵਿਚ 40 ਪੈਸੇ ਪ੍ਰਤੀ ਕਿਲੋ ਅਤੇ ਸਭ ਤੋਂ ਵਧੀਆ ਚਾਵਲਾਂ ਦੀ ਕੀਮਤ ਵਿਚ 46 ਪੈਸੇ ਪ੍ਰਤੀ ਕਿਲੋ ਭਲਕੇ ਤੋਂ ਵਧਾਉਣ ਦਾ ਫੈਸਲਾ ਕੀਤਾ ਹੈ।

ਖੁਰਾਕ ਅਤੇ ਸਿਵਲ ਸਪਲਾਈ ਮੰਤਰਾਲੇ ਦੁਆਰਾ ਜਾਰੀ ਕੀਤੀ ਗਈ ਇਕ ਸਰਕਾਰੀ ਰਿਲੀਜ਼ ਵਿਚ ਚਾਵਲਾਂ ਦੀਆਂ ਤਿੰਨ ਕਿਸਮਾਂ ਵਿਚ ਵਾਧੇ ਦਾ ਐਲਾਨ ਕਰਦਿਆਂ ਕਿਹਾ ਗਿਆ ਹੈ ਕਿ ਸੋਧੀਆਂ ਕੀਮਤਾਂ ਅਨੁਸਾਰ ਆਮ ਕਿਸਮ ਦੇ ਚੌਲ 2.44 ਰੁਪਏ ਕਿਲੋ, ਵਧੀਆ ਕਿਸਮ 3.04 ਰੁਪਏ ਪ੍ਰਤੀ ਕਿਲੋ ਅਤੇ ਸਭ ਤੋਂ ਵਧੀਆ ਕਿਸਮ ਦੀ ਕੀਮਤ 3.25 ਰੁਪਏ ਪ੍ਰਤੀ ਕਿਲੋ ਹੋਵੇਗੀ।

ਸਰਕਾਰ ਦਾ ਕਹਿਣਾ ਹੈ ਕਿ ਇੰਟੈਗਰੇਟਿਡ ਟਰਾਈਬਲ ਡਿਵੈਲਪਮੈਂਟ ਪ੍ਰੋਜੈਕਟ ਵਾਲੇ ਇਲਾਕਿਆਂ ਅਤੇ ਕਬਾਇਲੀ ਬਹੁਗਿਣਤੀ ਵਾਲੇ ਰਾਜਾਂ ਵਿਚ ਹਰ ਕਿਸਮ ਦੇ ਚਾਵਲਾਂ ਦੀ ਕੀਮਤ 50 ਪੈਸੇ ਪ੍ਰਤੀ ਕਿਲੋ ਘੱਟ ਹੋਵੇਗੀ।

ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਪੂਲ ਤੋਂ ਚੌਲਾਂ ਦੀ ਵਿਕਰੀ ਇਨ੍ਹਾਂ ਕੀਮਤਾਂ ਉਤੇ ਹੋਣ ਦੇ ਬਾਵਜੂਦ ਸਰਕਾਰ ਨੂੰ ਅਜੇ ਵੀ ਸਬਸਿਡੀ ਦਾ ਖਰਚਾ ਬਰਦਾਸ਼ਤ ਕਰਨਾ ਪਵੇਗਾ।

ਇਸ ਵਿਚ ਕਿਹਾ ਗਿਆ ਹੈ ਕਿ ਆਮ ਕਿਸਮ ਦੇ ਚਾਵਲ ਜਿਨ੍ਹਾਂ ਦੀ ਖਪਤ ਗਰੀਬ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਕਬਾਇਲੀ ਖੇਤਰਾਂ ਵਿਚ ਸਿਰਫ ਇਹ 5 ਪੈਸੇ ਪ੍ਰਤੀ ਕਿਲੋ ਘੱਟ ਹੋਵੇਗੀ।

ਕੇਂਦਰ ਨੇ ਇਹ ਵਾਧਾ ਕਰ ਕੇ ਹੁਣੇ ਹੁਣੇ ਝੋਨੇ ਦੇ ਸਮਰਥਨ ਮੁੱਲ ਵਿਚ ਕੀਤੇ ਵਾਧੇ ਨੂੰ ਬਰਾਬਰ ਕਰ ਲਿਆ ਹੈ ਜਾਂ ਖਤਮ ਕਰ ਦਿੱਤਾ ਹੈ।

ਛਪਦੇ ਛਪਦੇ

ਭੁਪਾਲ : ਕੇਂਦਰੀ ਆਗੂਆਂ ਦੇ ਭਰਪੂਰ ਯਤਨਾ ਦੇ ਬਾਵਜੂਦ ਮੱਧ ਪ੍ਰਦੇਸ਼ ਵਿਧਾਨ ਸਭਾ ਦੀ ਲੀਡਰਸ਼ਿਪ ਦੇ ਮਸਲੇ ਉਪਰ ਦੇਰ ਰਾਤ ਤਕ ਡੈਡਲਾਕ ਜਾਰੀ ਰਿਹਾ।

ਕਸ਼ਮੀਰ ਵਿਚ 60 ਬੰਦੇ ਗ੍ਰਿਫਤਾਰ

ਸ੍ਰੀਨਗਰ, 24 ਜਨਵਰੀ (ਪੀ. ਟੀ. ਆਈ.) – ਗਣਤੰਤਰ ਦਿਵਸ ਦੇ ਮੌਕੇ ਉਤੇ ਪਾਕਿ ਪੱਖੀਆਂ ਵਲੋਂ ਗੜਬੜ ਕਰਨ ਦੀਆਂ ਯੋਜਨਾਵਾਂ ਬਾਰੇ ਸੂਚਨਾਵਾਂ ਮਿਲਣ ਉਤੇ ਪਾਕਿ ਪੱਖੀ ਜਥੇਬੰਦੀਆਂ ਨਾਲ ਸਬੰਧਤ ਕੋਈ 60 ਵਿਅਕਤੀ ਗ੍ਰਿਫਤਾਰ ਕਰ ਲਏ ਗਏ ਹਨ ਅਤੇ ਕਈ ਹੋਰ ਵਿਅਕਤੀ ਰੂਪੋਸ਼ ਹੋ ਗਏ ਹਨ।

ਪੁਲੀਸ ਅਨੁਸਾਰ ਇਹ ਗ੍ਰਿਫਤਾਰੀਆਂ ਬੀਤੇ ਦਿਨ ਅਨੰਤਨਾਗ ਵਿਚ ਹੋਏ ਬੰਬ ਧਮਾਕਿਆਂ ਪਿੱਛੋਂ ਕੀਤੀਆਂ ਗਈਆਂ ਹਨ। ਇਨ੍ਹਾਂ ਧਮਾਕਿਆਂ ਕਾਰਨ ਕਈ ਬੱਸਾਂ ਨੂੰ ਨੁਕਸਾਨ ਪੁੱਜਿਆ ਸੀ।

ਪੁਲੀਸ ਸੂਤਰਾਂ ਅਨੁਸਾਰ ਅਜੇ ਕੁਝ ਹੋਰ ਗ੍ਰਿਫਤਾਰੀਆਂ ਕੀਤੇ ਜਾਣ ਦੀ ਸੰਭਾਵਨਾ ਹੈ।

ਰਾਜ ਦੇ ਜਿਨ੍ਹਾਂ ਖੇਤਰਾਂ ਵਿਚ ਗੜਬੜ ਹੋਣ ਦੀ ਸੰਭਾਵਨਾ ਹੈ ਉਥੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਗਏ ਹਨ। ਵਪਾਰੀਆਂ ਅਤੇ ਦੁਕਾਨਦਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਈ ਕਦਮ ਚੁੱਕੇ ਗਏ ਹਨ ਕਿਉਂਕਿ ਇਨ੍ਹਾਂ ਲੋਕਾਂ ਨੂੰ ਅਤਿਵਾਦੀਆਂ ਵਲੋਂ ਧਮਕੀਆਂ ਮਿਲ ਰਹੀਆਂ ਸਨ।

ਮੁੱਖ ਮੰਤਰੀ ਡਾਕਟਰ ਫਾਰੂਕ ਅਬਦੁੱਲਾ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਪਿੱਛੋਂ ਅਧਿਕਾਰੀਆਂ ਨੂੰ ਸੁਰੱਖਿਆ ਦੇ ਸਖਤ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਵਾਦੀ ਵਿਚ ਰਾਤ ਸਮੇਂ ਪੁਲੀਸ ਗਸ਼ਤ ਵਧਾ ਦਿੱਤੀ ਗਈ ਹੈ।

ਜੰਮੂ ਦੰਗਿਆਂ 'ਚ ਨੁਕਸਾਨ ਦੇ ਜਾਇਜ਼ੇ ਬਾਰੇ ਕੇਂਦਰ ਅਧਿਕਾਰੀ ਵਲੋਂ ਮੀਟਿੰਗਾਂ

ਜੰਮੂ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਕੇਂਦਰ ਨੇ ਇੰਟੈਲੀਜੈਂਸ ਬਿਊਰੋ ਦੇ ਮੁਖੀ ਐਮ.ਕੇ. ਨਰਾਇਣਨ ਨੂੰ ਇਥੇ ਭੇਜਿਆ ਹੈ ਜੋ ਕਿ 13 ਜਨਵਰੀ ਦੇ ਫਿਰਕੂ ਦੰਗਿਆਂ ਨਾਲ ਹੋਏ ਨੁਕਸਾਨ ਦਾ ਵਿਸਥਾਰਪੂਰਵਕ ਜਾਇਜ਼ਾ ਲੈਣਗੇ।

ਸ੍ਰੀ ਨਰਾਇਣਨ ਕੱਲ੍ਹ ਇਥੇ ਪੁੱਜੇ। ਉਨ੍ਹਾਂ ਮੁੱਖ ਮੰਤਰੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤੇ ਅਮਨ-ਕਾਨੂੰਨ ਦੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਕੀਤਾ। ਰਾਤ ਦੇ ਖਾਣੇ 'ਤੇ ਉਹ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਜਦ ਮਿਲੇ ਤਾਂ ਪਤਾ ਲੱਗਾ ਹੈ ਕਿ 'ਸਥਿਤੀ ਨੂੰ ਠੀਕ ਢੰਗ ਨਾਲ ਕਾਬੂ ਨਾ ਕਰ ਸਕਣ' ਬਾਰੇ ਕੇਂਦਰ ਦੀ ਨਾਖੁਸ਼ੀ ਸਬੰਧੀ ਸ੍ਰੀ ਫਾਰੂਕ ਨੂੰ ਜਾਣੂ ਕਰਵਾਇਆ। ਇਹ ਵੀ ਪਤਾ ਲੱਗਾ ਹੈ ਕਿ ਦੰਗਿਆਂ ਸਮੇਂ ਕਸ਼ਮੀਰ ਹਥਿਆਰਬੰਦ ਪੁਲੀਸ ਦੇ ਜਵਾਨਾਂ ਦਾ ਦੌੜ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ ਨੂੰ ਕੇਂਦਰ ਨੇ ਗੰਭੀਰਤਾ ਨਾਲ ਲਿਆ ਹੈ। ਫੌਜ ਦੇ ਆਉਣ ਤੋਂ ਪਹਿਲਾਂ ਪੰਜ ਘੰਟੇ ਤਕ ਹਿੰਸਾ ਨੂੰ ਦਬਾਉਣ ਲਈ ਕੋਈ ਯਤਨ ਨਾ ਕੀਤਾ ਗਿਆ। ਅੱਜ ਸਵੇਰੇ ਸ੍ਰੀ ਨਰਾਇਣਨ ਨੇ ਮੁੱਖ ਸਕੱਤਰ ਮੋਸਾ ਰਜ਼ਾ ਨਾਲ ਮੀਟਿੰਗ ਕੀਤੀ ਅਤੇ ਘਟਨਾਵਾਂ ਬਾਰੇ ਰਾਜ ਸਰਕਾਰ ਦੇ ਪੱਖ ਨੂੰ ਜਾਣਨਾ ਚਾਹਿਆ।

ਇਸੇ ਦੌਰਾਨ ਤਿੰਨ ਦਿਨਾਂ ਦੇ 'ਬੰਦ' ਉਪਰੰਤ ਅੱਜ ਇਥੇ ਦੁਕਾਨਾਂ ਖੁੱਲ੍ਹ ਗਈਆਂ। ਸਥਿਤੀ ਠੀਕ ਰਹੀ।

ਅੰਮ੍ਰਿਤਸਰ, (ਵਿਸ਼ੇਸ਼ ਪ੍ਰਤੀਨਿਧ) – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ (ਤਲਵੰਡੀ) ਦੀ ਇਕ ਸਾਂਝੀ ਜਾਂਚ-ਕਮੇਟੀ ਅੱਜ ਜੰਮੂ ਨੂੰ ਰਵਾਨਾ ਹੋਈ ਜੋ ਕਿ ਸਥਿਤੀ ਦਾ ਜਾਇਜ਼ਾ ਲਵੇਗੀ। ਇਹ 6 ਮੈਂਬਰੀ ਕਮੇਟੀ ਮੁੱਖ ਮੰਤਰੀ ਤੇ ਹੋਰ ਅਧਿਕਾਰੀਆਂ ਨੂੰ ਮਿਲਣ ਤੋਂ ਇਲਾਵਾ ਉਨ੍ਹਾਂ ਇਲਾਕਿਆਂ 'ਚ ਵੀ ਜਾਵੇਗੀ ਜਿਥੇ ਦੰਗੇ ਹੋਏ ਸਨ।

ਅਗਲੇ ਚਾਰ ਦਿਨਾਂ ਤਕ ਇਹ ਕਮੇਟੀ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਕੋਲ ਆਪਣੀ ਰਿਪੋਰਟ ਪੇਸ਼ ਕਰੇਗੀ।

ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਜੋ 27 ਜਨਵਰੀ ਨੂੰ ਹੋਣੀ ਸੀ, ਉਹ ਹੁਣ 30 ਜਨਵਰੀ ਨੂੰ ਹੋਵੇਗੀ।

ਬਿਹਾਰ ਦੇ ਦੋ ਵਜ਼ੀਰ ਮੁਸਤਫੀ

ਪਟਨਾ, 24 ਜਨਵਰੀ (ਯੂ. ਐਨ. ਆਈ.) – ਬਿਹਾਰ ਦੇ ਦੋ ਮੰਤਰੀਆਂ ਸ੍ਰੀ ਦਵਿੰਦਰ ਨਾਥ ਚੰਪੀਆ ਅਤੇ ਸ੍ਰੀ ਅਮਰੇਂਦਰ ਮਿਸ਼ਰਾ ਨੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਮੰਤਰੀਆਂ ਦੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਕਰ ਦਿੱਤਾ ਜਾਵੇ।

ਇਨ੍ਹਾਂ ਦੋਵਾਂ ਮੰਤਰੀਆਂ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਕੁਝ ਮਹੀਨੇ ਪਹਿਲਾਂ ਹੀ ਅਸਤੀਫੇ ਦੇ ਦਿੱਤੇ ਗਏ ਸਨ।

ਉਨ੍ਹਾਂ ਕਿਹਾ ਕਿ ਉਹ ਇਸ ਸਬੰਧ ਵਿਚ ਮੁੱਖ ਮੰਤਰੀ ਨਾਲ ਕੋਈ ਗੱਲਬਾਤ ਕਰਨ ਲਈ ਤਿਆਰ ਨਹੀਂ ਹਨ। ਉਹ ਮੁੱਖ ਮੰਤਰੀ ਦੇ ਵਿਰੋਧੀ ਧੜੇ ਵਿਚ ਸ਼ਾਮਲ ਹੋ ਗਏ ਹਨ ਅਤੇ ਨਾਰਾਜ਼ ਵਿਧਾਇਕਾਂ ਦੀ ਮੀਟਿੰਗ ਵਿਚ ਸ਼ਾਮਲ ਹੋਣਗੇ।

ਉਨ੍ਹਾਂ ਦੋਵਾਂ ਮੰਤਰੀਆਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਸ੍ਰੀ ਭਗਵਤ ਝਾਅ ਆਜ਼ਾਦ ਨੂੰ ਨਹੀਂ ਸਗੋਂ ਸ੍ਰੀ ਰਾਜੀਵ ਗਾਂਧੀ ਨੂੰ ਆਪਣਾ ਨੇਤਾ ਮੰਨਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਅਗਵਾਈ ਵਿਚ ਕੋਈ ਭਰੋਸਾ ਨਹੀਂ ਰਿਹਾ।

ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਨੂੰ ਹਟਾਏ ਜਾਣ ਬਾਰੇ ਉਨ੍ਹਾਂ ਦੀ ਮੰਗ ਨਾ ਮੰਨੀ ਗਈ ਤਾਂ ਉਹ ਕੱਲ੍ਹ ਨੂੰ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਦੇ ਸੈਸ਼ਨ ਵਿਚ ਭਾਗ ਨਹੀਂ ਲੈਣਗੇ।

ਭਾਰਤ ਤੇ ਪਾਕਿਸਤਾਨ ਨਾਲ ਦੋਸਤੀ ਜਾਰੀ ਰੱਖਾਂਗੇ–ਬੁਸ਼

ਵਾਸ਼ਿੰਗਟਨ, 24 ਜਨਵਰੀ, (ਯੂ. ਐਨ. ਆਈ.) –ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਆਪਣੇ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਬਰਕਰਾਰ ਰੱਖਦੇ ਹੋਏ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਨਾਲ ਹੀ ਮਿੱਤਰਤਾ ਦਾ ਪ੍ਰਗਟਾਵਾ ਕੀਤਾ। ਸ੍ਰੀ ਬੁਸ਼ ਨੇ ਆਪਣੇ ਦਫਤਰ ਨੂੰ ਸੰਭਾਲਦਿਆਂ, ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਵਲੋਂ ਗਏ ਵਧਾਈ ਸੰਦੇਸ਼ਾਂ ਦੇ ਜਵਾਬ ਵਿਚ ਅਜਿਹੇ ਸਦਭਾਵੀ-ਸੰਦੇਸ਼ ਦਿੱਤੇ।

ਸ੍ਰੀ ਬੁਸ਼ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਉਪਰੰਤ ਆਪਣੇ ਦਫਤਰ ਵਿਚੋਂ ਵਿਸ਼ਵ ਦੀਆਂ ਜਿਹੜੀਆਂ 9 ਹਸਤੀਆਂ ਨੂੰ ਟੈਲੀਫੋਨ ਕੀਤੇ ਉਨ੍ਹਾਂ ਵਿਚ ਸ੍ਰੀ ਰਾਜੀਵ ਗਾਂਧੀ ਤੇ ਸ੍ਰੀਮਤੀ ਬੇਨਜ਼ੀਰ ਭੁੱਟੋ ਤੋਂ ਇਲਾਵਾ ਸੋਵੀਅਤ ਯੂਨੀਅਨ ਦੇ ਪ੍ਰਧਾਨ ਗੋਰਬਾਚੋਵ, ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੇ ਪੱਛਮੀ ਜਰਮਨੀ ਦੇ ਚਾਂਸਲਰ ਹੈਲਮਟ ਕੋਹਲ ਸ਼ਾਮਲ ਸਨ।

ਸ੍ਰੀ ਬੁਸ਼ ਨੇ ਨਵੀਂ ਦਿੱਲੀ ਅਤੇ ਇਸਲਾਮਾਬਾਦ ਤੋਂ ਪੁੱਜੇ ਹਵਾਈ-ਸੰਦੇਸ਼ਾਂ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਅਮਰੀਕਾ-ਭਾਰਤ ਤੇ ਅਮਰੀਕਾ-ਪਾਕਿਸਤਾਨ ਵਿਚਾਲੇ ਆਪਸੀ ਸਬੰਧਾਂ ਨੂੰ ਵਧਾਉਣ ਦੀ ਇੱਛਾ ਵੀ ਜ਼ਾਹਰ ਕੀਤੀ।

ਜਾਣਕਾਰ ਸੂਤਰਾਂ ਅਨੁਸਾਰ ਅਮਰੀਕਾ ਦੀ ਨਵੀਂ ਸਰਕਾਰ ਇਸ ਗੱਲੋਂ ਖੁਸ਼ ਹੈ ਕਿ ਸ੍ਰੀ ਗਾਂਧੀ ਅਤੇ ਸ੍ਰੀਮਤੀ ਭੁੱਟੋ ਨੇ ਭਾਰਤ-ਪਾਕਿਸਤਾਨ ਸਬੰਧਾਂ ਨੂੰ ਵਧੀਆ ਬਣਾਉਣ ਲਈ ਅਮਰੀਕਾ ਤੋਂ ਆਸ ਰੱਖੀ ਹੈ ਤੇ ਅਮਰੀਕਾ ਨੂੰ ਇਸ ਕੰਮ ਦੇ ਯੋਗ ਸਮਝਿਆ ਹੈ।

ਇਸੇ ਦੌਰਾਨ ਅਮਰੀਕਾ ਦੇ ਸੁਰੱਖਿਆ ਵਿਭਾਗ ਦੀ ਰਿਪੋਰਟ ਜੋ ਹੁਣੇ ਜਿਹੇ ਰਿਲੀਜ਼ ਹੋਈ ਹੈ, ਵਿਚ ਵੇਰਵਾ ਹੈ ਕਿ ਜਨਰਲ ਜ਼ਿਆ-ਉਲ-ਹੱਕ ਦੀ ਮੌਤ ਦੇ ਬਾਵਜੂਦ ਨਵੀਂ ਪਾਕਿਸਤਾਨੀ ਲੀਡਰਸ਼ਿਪ ਅਮਰੀਕਾ ਨਾਲ ਸਹਿਮਤੀ ਪ੍ਰਗਟਾਉਂਦੀ ਹੋਈ ਅਫਗਾਨਿਸਤਾਨ ਵਿਚ ਸੋਵੀਅਤ ਦਖਲ ਦਾ ਵਿਰੋਧ ਜਾਰੀ ਰੱਖ ਰਹੀ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਮਿਜ਼ਾਈਲਾਂ ਅਤੇ ਪੁਲਾੜ ਦੇ ਮਾਮਲੇ ਵਿਚ ਭਾਰਤ 1990 ਦੇ ਅੱਧ ਤਕ ਬਾਲਿਸਟਿਕ ਮਿਜ਼ਾਈਲਾਂ ਬਣਾਉਣ ਦੇ ਸਮਰੱਥ ਹੋ ਜਾਵੇਗਾ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਸ੍ਰੀ ਜਾਰਜ ਬੁਸ਼ ਨੂੰ ਇਕ ਨਿਜੀ ਪੱਤਰ ਵੀ ਲਿਖਿਆ ਹੈ ਜਿਸ ਵਿਚ ਸ੍ਰੀ ਬੁਸ਼ ਨਾਲ ਪਿਛਲੇ ਵੇਲਿਆਂ ਦੀ ਮਿੱਤਰਤਾ ਦਾ ਜ਼ਿਕਰ ਹੈ ਜਦੋਂ ਸ੍ਰੀ ਬੁਸ਼ ਉਪ ਰਾਸ਼ਟਰਪਤੀ ਸਨ। ਸ੍ਰੀ ਗਾਂਧੀ ਨੇ ਆਪਣੇ ਦੋ ਅਮਰੀਕਾ ਦੌਰਿਆਂ ਦਾ ਵੀ ਪੱਤਰ ਵਿਚ ਹਵਾਲਾ ਦਿੱਤਾ ਹੈ।

ਸ੍ਰੀ ਗਾਂਧੀ ਨੇ ਦੱਖਣੀ ਏਸ਼ਿਆਈ ਖਿੱਤੇ ਦੀ ਸਥਿਤੀ ਬਾਰੇ ਵੀ ਪੱਤਰ ਵਿਚ ਲਿਖਿਆ ਹੈ। ਉਨ੍ਹਾਂ ਕਿਹਾ ਹੈ ਕਿ ਪਾਕਿਸਤਾਨ ਤੇ ਚੀਨ ਦੇ ਮੇਰੇ ਦੌਰਿਆਂ ਨਾਲ ਗੁਆਂਢੀਆਂ ਨਾਲ ਚੰਗੇ ਸਬੰਧ ਬਣਨ ਦਾ ਮਾਹੌਲ ਹੋਰ ਨਿਖਰਿਆ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਭਾਰਤ ਇਸ ਖਿੱਤੇ ਦੇ ਸਾਰੇ ਦੇਸ਼ਾਂ ਦੀ ਆਪਸੀ ਮਿੱਤਰਤਾ ਤੇ ਸਹਿਯੋਗ ਦਾ ਹਾਮੀ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਇਸ ਮਾਮਲੇ 'ਚ ਅਮਰੀਕਾ ਹੋਰ ਉਸਾਰੂ ਤੇ ਸਿਹਤਮੰਦ ਰੋਲ ਅਦਾ ਕਰੇ।

ਭਾਰਤ ਅਤੇ ਸਾਊਦੀ ਅਰਬ ਵਿਚ ਸਹਿਯੋਗ ਵਿਚ ਵਾਧੇ ਦੀ ਗੁੰਜਾਇਸ਼

ਨਵੀਂ ਦਿੱਲੀ, 29 ਜਨਵਰੀ (ਯੂ. ਐਨ. ਆਈ.) – ਹਿੰਦ ਵਿਚ ਸਾਊਦੀ ਅਰਬ ਦੇ ਰਾਜਦੂਤ ਸ੍ਰੀ ਫੌਆਦ ਸਾਦਿਕ ਮੁਫਤੀ ਨੇ ਕਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਵਿਚ ਵਾਧੇ ਦੀਆਂ ਭਾਰੀ ਸੰਭਾਵਨਾਵਾਂ ਮੌਜੂਦ ਹਨ।

ਇਕ ਵਿਸ਼ੇਸ਼ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਭਾਰਤ ਵਲੋਂ ਸਾਊਦੀ ਅਰਬ ਨੂੰ ਇੰਜਨੀਅਰਿੰਗ ਅਤੇ ਇਲੈਕਟ੍ਰਾਨਿਕਸ ਸਾਜ਼-ਸਮਾਨ ਭੇਜਿਆ ਜਾ ਰਿਹਾ ਹੈ ਅਤੇ ਉਹ ਬਦਲੇ ਵਿਚ ਕੱਚਾ ਤੇਲ ਲੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਹੋਰ ਹਵਾਈ ਉਡਾਨਾਂ ਦੀ ਗਿਣਤੀ ਵੀ ਵਧ ਸਕਦੀ ਹੈ। ਇਸ ਵੇਲੇ ਕੋਈ 3000 ਭਾਰਤੀ ਮੁਸਲਮਾਨ ਹਰ ਵਰ੍ਹੇ ਮੱਕੇ-ਮਦੀਨੇ ਦੇ ਦਰਸ਼ਨਾਂ ਲਈ ਜਾਂਦੇ ਹਨ ਅਤੇ ਸਰਕਾਰ ਮੁਸਲਮਾਨਾਂ ਦੀਆਂ ਸਹੂਲਤਾਂ ਉਤੇ ਅਰਬਾਂ ਰੁਪਏ ਖਰਚ ਕਰਦੀ ਹੈ। ਉਨ੍ਹਾਂ ਕਿਹਾ ਕਿ ਮੱਕੇ-ਮਦੀਨੇ ਦੇ ਦਰਸ਼ਨ ਕਰਨ ਲਈ ਆਉਣ ਵਾਲਿਆਂ ਦੇ ਠਹਿਰਣ ਲਈ ਵਧੇਰੇ ਹੋਟਲ ਉਸਾਰੇ ਗਏ ਹਨ ਅਤੇ ਗੈਸਟ ਹਾਊਸ ਬਣਾਏ ਗਏ ਹਨ।

ਨਵੇਂ ਨਿਯਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਲੋਕ ਫੁਟਪਾਥਾਂ ਉਤੇ ਹੀ ਸੌਂ ਜਾਂਦੇ ਸਨ ਪਰ ਹੁਣ ਉਨ੍ਹਾਂ ਨੂੰ ਰਹਿਣ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ ਅਤੇ ਇਸ ਲਈ ਉਨ੍ਹਾਂ ਤੋਂ ਨਾਂਮਾਤਰ ਰਕਮ ਲਈ ਜਾਂਦੀ ਹੈ। ਇਸ ਪ੍ਰਕਾਰ ਸਫਾਈ ਵੀ ਰਹਿੰਦੀ ਹੈ ਤੇ ਬਿਮਾਰੀਆਂ ਫੈਲਣ ਦਾ ਡਰ ਨਹੀਂ ਰਹਿੰਦਾ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਸ ਵੇਲੇ ਸਾਊਦੀ ਅਰਬ ਵਿਚ ਭਾਰਤੀ ਮੁਸਲਮਾਨਾਂ ਦੀ ਗਿਣਤੀ ਹੋਰ ਸਾਰੇ ਦੇਸ਼ਾਂ ਨਾਲੋਂ ਵੱਧ ਹੈ ਪਰ ਉਨ੍ਹਾਂ ਕਿਹਾ ਕਿ ਦੇ ਦੇਸ਼ ਨੂੰ ਹੁਣ ਹੁਨਰਮੰਦ ਕਾਰੀਗਰਾਂ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੇਸ਼ ਦੇ ਅਦਾਰਿਆਂ ਨੂੰ ਚਾਲੂ ਰੱਖਿਆ ਜਾ ਸਕੇ ਤੇ ਦੇਖ-ਭਾਲ ਹੁੰਦੀ ਰਹੇ।

ਉਨ੍ਹਾਂ ਕਿਹਾ ਕਿ ਭਾਰਤ ਨੇ ਅਰਬਾਂ ਦੇ ਹਿਤਾਂ ਦੀ ਡਟਵੀਂ ਹਮਾਇਤ ਕੀਤੀ ਹੈ ਤੇ ਅਸੀਂ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਚੰਗੇ ਸਬੰਧਾਂ ਦੀ ਕਾਮਨਾ ਕਰਦੇ ਹਾਂ।

ਖੁਸ਼ਵਿੰਦਰ ਸਿੰਘ ਤੇ ਸੈਦਪੁਰ ਗ੍ਰਿਫਤਾਰ ?

ਚੰਡੀਗੜ੍ਹ, 29 ਜਨਵਰੀ (ਪ. ਟ. ਬ.) – ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋ ਨੇਤਾ ਭਾਈ ਗੁਰਚਰਨ ਸਿੰਘ ਸੈਦਪੁਰ ਅਤੇ ਭਾਈ ਖੁਸ਼ਵਿੰਦਰ ਸਿੰਘ ਬੁਘਗੜ੍ਹ ਨੂੰ ਪਰਸੋਂ ਲੁਧਿਆਣਾ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ ਤੇ ਕਿਸੇ ਅਣਦੱਸੀ ਥਾਂ ਉਤੇ ਲਿਜਾਇਆ ਗਿਆ ਹੈ।

ਇਹ ਜਾਣਕਾਰੀ 'ਪੰਜਾਬੀ ਟ੍ਰਿਬਿਊਨ' ਨੂੰ ਫੋਨ ਉਤੇ ਦਿੱਤੀ ਗਈ। ਫੋਨ ਕਰਨ ਵਾਲੇ ਨੇ ਆਪਣਾ ਨਾਂ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੱਸਿਆ। ਉਨ੍ਹਾਂ ਨੇ ਪੁਲੀਸ ਨੂੰ ਇਹ ਚਿਤਾਵਨੀ ਵੀ ਦਿੱਤੀ ਕਿ ਜੇਕਰ ਪੁਲੀਸ ਨੇ ਇਨ੍ਹਾਂ ਦੋਵਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਖਤਮ ਕਰਨ ਦਾ ਯਤਨ ਕੀਤਾ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਉਨ੍ਹਾਂ ਮੰਗ ਕੀਤੀ ਕਿ ਦੋਵਾਂ ਨੇਤਾਵਾਂ ਨੂੰ ਤੁਰੰਤ ਕਿਸੇ ਅਦਾਲਤ ਵਿਚ ਪੇਸ਼ ਕੀਤਾ ਜਾਵੇ।

ਜੰਮੂ ਫਸਾਦ

(ਸਫਾ 1 ਕਾਲਮ 2 ਦੀ ਬਾਕੀ)

ਸ੍ਰੀ ਗਿੱਲ ਨੇ ਦੱਸਿਆ ਕਿ ਸ਼ਹਿਰ ਵਿਚ ਆਮ ਹੀ ਲੋਕ ਦੰਗਿਆਂ ਦੇ 'ਪ੍ਰਮੁੱਖ ਯੋਜਨਾਕਾਰ' ਹੋਣ ਬਾਰੇ ਕਾਂਗਰਸ (ਆਈ) ਨਾਲ ਸਬੰਧਤ ਇਕ ਸਾਬਕਾ ਪਾਰਲੀਮਾਨੀ ਮੈਂਬਰ ਵੱਲ ਸੰਕੇਤ ਕਰ ਰਹੇ ਸਨ ਅਤੇ ਉਨ੍ਹਾਂ ਦਾ ਇਹ ਵੀ ਕਹਿਣਾ ਸੀ ਸਾਰੀ ਗੜਬੜ ਕੁਝ ਖੁਦਗਰਜ਼ ਰਾਜਨੀਤਕਾਂ ਵਲੋਂ ਸਧਾਰਨ ਵੋਟਰਾਂ ਦੇ ਅੱਖੀਂ ਘੱਟਾ ਪਾ ਕੇ ਆਉਂਦੀਆਂ ਚੋਣਾਂ ਦੌਰਾਨ ਲਾਹਾ ਲੈਣ ਲਈ ਕਰਵਾਈ ਗਈ ਸੀ।

ਰਿਪੋਰਟ ਵਿਚ ਇਸ ਗੱਲ 'ਤੇ ਗਹਿਰਾ ਖੇਦ ਪ੍ਰਗਟ ਕੀਤਾ ਗਿਆ ਹੈ ਕਿ ਦੰਗਿਆਂ ਦੌਰਾਨ ਪ੍ਰਬੰਧਕੀ ਮਸ਼ੀਨਰੀ ਦੇ ਤਹਿਸ ਨਹਿਸ ਹੋ ਜਾਣ ਲਈ ਕੁਝ ਹੇਠਲੇ ਅਧਿਕਾਰੀਆਂ ਨੂੰ ਤਾਂ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ, ਪ੍ਰੰਤੂ ਫਿਰਕੂ ਅਨਸਰਾਂ ਦੀ ਪਿੱਠ ਪੂਰਨ ਵਾਲੇ ਅਸਲੀ 'ਗੁਰੂ-ਘੰਟਾਲਾਂ' ਨੂੰ ਪੁੱਛਿਆ ਤਕ ਵੀ ਨਹੀਂ ਗਿਆ।

ਮਨੁੱਖੀ ਅਧਿਕਾਰ ਸੰਗਠਨ ਵਲੋਂ ਲੋਕਾਂ ਦੀਆਂ ਨਜ਼ਰਾਂ ਵਿਚ ਦੋਸ਼ੀ ਅਧਿਕਾਰੀਆਂ ਨੂੰ ਤੁਰਤ ਹਿਰਾਸਤ ਵਿਚ ਲਏ ਜਾਣ ਅਤੇ ਪੀੜਤ ਵਿਅਕਤੀਆਂ ਨੂੰ ਵਾਜਬ ਰਾਹਤ ਮੁਹੱਈਆ ਕਰਵਾਉਣ ਲਈ ਜ਼ੋਰ ਦਿੱਤਾ ਗਿਆ ਹੈ।

ਮਾਲਵੇ ਦਾ ਪ੍ਰਸਿੱਧ ਸਥਾਨ–ਮਸਤੂਆਣਾ ਸਾਹਿਬ

ਸੰਗਰੂਰ : ਮਾਲਵੇ ਦੀ ਧਰਤੀ ਨੂੰ ਇਸ ਗੱਲ ਦਾ ਗੌਰਵ ਹੈ ਕਿ ਸੰਗਰੂਰ ਤੋਂ ਕੇਵਲ ਪੰਜ ਕਿਲੋਮੀਟਰ ਦੂਰ ਬਰਨਾਲਾ ਸੜਕ ਉਤੇ ਇਕ ਮਹਾਨ ਪਵਿੱਤਰ ਸਥਾਨ ਗੁਰਦੁਆਰਾ ਮਸਤੂਆਣਾ ਸਾਹਿਬ ਹੈ। ਵੀਹਵੀਂ ਸਦੀ ਦੇ ਮਹਾਨ ਸੰਤ ਅਤਰ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਵਰ੍ਹੇ ਇਸ ਸਥਾਨ 'ਤੇ ਲਗਾਤਾਰ ਤਪੱਸਿਆ ਕਰ ਕੇ ਪਵਿੱਤਰ ਗੁਰਬਾਣੀ ਦਾ ਪ੍ਰਚਾਰ ਕਰਦਿਆਂ ਅੰਧਕਾਰ ਦੀ ਦਲਦਲ ਵਿਚ ਫਸੇ ਲੋਕਾਂ ਨੂੰ ਜ਼ਿੰਦਗੀ ਦੇ ਸੱਚ ਦਾ ਮਾਰਗ ਦੱਸਿਆ ਸੀ। ਇਸ ਸਥਾਨ ਤੋਂ ਜਿਥੇ ਹੁਣ ਪਵਿੱਤਰ ਗੁਰਬਾਣੀ ਦੇ ਸਵੇਰ-ਸ਼ਾਮ ਨਿਰਮਲ ਸੋਮੇ ਫੁੱਟਦੇ ਹਨ, ਉਥੇ ਨੌਜਵਾਨਾਂ ਨੂੰ ਧਾਰਮਿਕ ਵਿਦਿਆ, ਸਾਇੰਸ, ਤਕਨਾਲੋਜੀ, ਖੇਤੀਬਾੜੀ ਤੇ ਕੰਪਿਊਟਰ ਦੀ ਸਿੱਖਿਆ ਦੇਣ ਦੇ ਨਾਲ ਨਾਲ ਡਾਕਟਰੀ ਦੀ ਮੁੱਢਲੀ ਵੀ ਦਿੱਤੀ ਜਾਂਦੀ ਹੈ। ਇਹ ਸਥਾਨ ਅੱਜ ਵੀ ਪੰਜਾਬ ਦੇ ਦਿਨੋ-ਦਿਨ ਗੁਆਚ ਰਹੇ ਸਭਿਆਚਾਰ ਨੂੰ ਆਪਣੇ ਸੀਨੇ ਵਿਚ ਇਕ ਵੱਡਮੁੱਲੀ ਅਮਾਨਤ ਦੀ ਤਰ੍ਹਾਂ ਸਾਂਭੀ ਬੈਠਾ ਹੈ। ਪੰਜਾਬੀ ਸਭਿਆਚਾਰ ਦੀਆਂ ਅਲੋਪ ਹੋ ਰਹੀਆਂ ਸ਼ਾਨਦਾਰ ਵੰਨਗੀਆਂ ਨੂੰ ਇਥੇ ਲੱਗਣ ਵਾਲੇ ਸਾਲਾਨਾ ਮੇਲੇ ਸਮੇਂ ਪ੍ਰਤੱਖ ਦੇਖਿਆ ਜਾ ਸਕਦਾ ਹੈ।

ਇਸ ਦੇ ਨਾਲ ਹੀ ਇਹ ਸਿਆਸਤ ਦਾ ਇਕ ਪ੍ਰਮੁੱਖ ਕੇਂਦਰ ਵੀ ਹੈ। ਸਾਲਾਨਾ ਮੇਲੇ ਸਮੇਂ ਵੱਖ ਵੱਖ ਰਾਜਸੀ ਪਾਰਟੀਆਂ ਇਥੇ ਕਾਨਫਰੰਸਾਂ ਕਰਦੀਆਂ ਹਨ ਅਤੇ ਮੇਲੇ 'ਚ ਜੁੜੀ ਸੰਗਤ ਨੂੰ ਆਪਣੇ ਮਨੋਰਥਾਂ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਗੁਰਦੁਆਰਾ ਸਾਹਿਬ ਅੰਦਰ ਅੰਗੀਠਾ ਸਾਹਿਬ ਨਜ਼ਦੀਕ ਧਾਰਮਿਕ ਦੀਵਾਨ ਭਰਦਾ ਹੈ, ਜਿਥੇ ਢਾਡੀ ਸਿੱਖ ਇਤਿਹਾਸ ਦੇ ਕੁਰਬਾਨੀਆਂ ਭਰੇ ਖੂਨੀ ਪਤਰਿਆਂ ਨੂੰ ਵਾਰਾਂ ਦੇ ਰੂਪ ਵਿਚ ਸਾਧ-ਸੰਗਤਾਂ ਅੱਗੇ ਇੰਜ ਰੱਖਦੇ ਹਨ ਜਿਵੇਂ ਇਤਿਹਾਸਕ ਘਟਨਾ ਉਨ੍ਹਾਂ ਸਾਹਮਣੇ ਵਾਪਰ ਰਹੀ ਹੋਵੇ।

ਗੁਰਦੁਆਰਾ ਮਸਤੂਆਣਾ ਸਾਹਿਬ (ਫੋਟੋ : ਮਨਜੀਤ ਕਪੂਰ)

ਮਸਤੂਆਣਾ ਸਾਹਿਬ ਦੀ ਧਰਤੀ, ਜਿਸ ਨੂੰ ਕਦੇ ਜੰਗਲ ਕਿਹਾ ਜਾਂਦਾ ਸੀ, ਨੂੰ ਭਾਗ ਲਾਉਣ ਵਾਲੇ ਸੰਤ ਅਤਰ ਸਿੰਘ ਜੀ ਸਨ। ਸੰਤ ਅਤਰ ਸਿੰਘ ਦਾ ਜਨਮ ਚੇਤ ਸੁਦੀ ਸੰਮਤ 1923 ਨੂੰ ਸਰਦਾਰ ਕਰਮ ਸਿੰਘ ਜੀ ਦੇ ਘਰ ਪਿੰਡ ਚੀਮਾ ਵਿਖੇ ਹੋਇਆ। ਪਿੰਡ ਚੀਮਾ ਸੁਨਾਮ ਤਹਿਸੀਲ ਵਿਚ ਸੀ। ਸੁਨਾਮ ਉਸ ਸਮੇਂ ਰਿਆਸਤ ਪਟਿਆਲਾ ਦਾ ਮਹੱਤਵਪੂਰਨ ਸ਼ਹਿਰ ਸੀ। ਬਚਪਨ ਤੋਂ ਹੀ ਸੰਤ ਜੀ ਆਪਣੇ ਪਿਤਾ ਜੀ ਨਾਲ ਖੇਤੀ ਦੇ ਧੰਦੇ ਵਿਚ ਜੁਟ ਗਏ। ਸੰਮਤ 1940, ਜਦੋਂ ਕਿ ਅਜੇ ਇਨ੍ਹਾਂ ਦੀ ਉਮਰ 17 ਸਾਲ ਦੀ ਸੀ, ਫੌਜ ਵਿਚ ਭਰਤੀ ਹੋ ਗਏ। ਜਦੋਂ ਆਪ ਜੀ ਦੇ ਪਿਤਾ ਜੀ ਦੀ ਮੌਤ ਹੋ ਗਈ ਤਾਂ ਆਪ ਨੇ ਫੌਜ ਦੀ ਨੌਕਰੀ ਛੱਡ ਦਿੱਤੀ। ਆਪ ਹਜ਼ੂਰ ਸਾਹਿਬ ਚਲੇ ਗਏ। ਫੇਰ ਤਾਂ ਆਪ ਨੇ ਸਾਰੀ ਉਮਰ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਲੰਘਾ ਦਿੱਤੀ।

ਆਪ ਜੀ ਦੀ ਸਭ ਤੋਂ ਵੱਡੀ ਦੇਣ ਮਸਤੂਆਣਾ ਵਿਖੇ ਵਿਦਿਆ ਦਾ ਕੇਂਦਰ ਸਥਾਪਤ ਕਰਨਾ ਹੈ। ਇਸ ਸਦੀ ਦੇ ਪਹਿਲੇ ਚਾਰ ਦਹਾਕਿਆਂ ਸਮੇਂ ਮਸਤੂਆਣਾ ਇਨਕਲਾਬੀ ਰਾਜਸੀ ਗਤੀ ਵਿਧੀਆਂ ਦਾ ਵੀ ਪ੍ਰਮੁੱਖ ਕੇਂਦਰ ਸੀ। ਅਹਿਮਦਗੜ੍ਹ ਟਰੇਨ ਡਕੈਤੀ ਯੋਜਨਾ ਵੀ ਮਸਤੂਆਣਾ ਵਿਖੇ ਹਾਈ ਸਕੂਲ ਦੇ ਕਮਰਿਆਂ ਵਿਚ ਬਣੀ ਸੀ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸੰਸਕ੍ਰਿਤ ਵਿੰਗ ਦਾ ਨੀਂਹ ਪੱਥਰ ਵੀ ਆਪ ਨੇ ਰੱਖਿਆ।

ਅੱਜ ਕੱਲ੍ਹ ਮਸਤੂਆਣਾ ਸਾਹਿਬ ਵਿਦਿਆ, ਧਰਮ, ਸਿਆਸਤ ਤੇ ਸਭਿਆਚਾਰ ਦਾ ਸੁਮੇਲ ਬਣ ਚੁੱਕਾ ਹੈ। ਸੰਤ ਅਤਰ ਸਿੰਘ ਟਰੱਸਟ, ਜਿਸ ਦੇ ਪ੍ਰਧਾਨ ਪੰਜਾਬ ਦੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ ਹਨ, ਵਲੋਂ ਇਥੇ ਅਕਾਲ ਡਿਗਰੀ ਕਾਲਜ, ਸੰਤ ਅਤਰ ਸਿੰਘ ਅਕਾਡਮੀ ਤੇ ਅਕਾਲ ਹਾਇਰ ਸੈਕੰਡਰੀ ਸਕੂਲ ਸਫਲਤਾ ਨਾਲ ਚਲਾਏ ਜਾ ਰਹੇ ਹਨ।

ਜਿਥੇ ਸੰਤ ਅਤਰ ਸਿੰਘ ਸਵਰਗਵਾਸ ਹੋਏ ਸਨ ਉਥੇ (ਨਾਭਾ ਗੇਟ ਸੰਗਰੂਰ) ਅੱਜ ਕੱਲ੍ਹ ਇਕ ਵਿਸ਼ਾਲ ਗੁਰਦੁਆਰਾ ਸੰਤ ਅਤਰ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਜੋਤੀ ਸਰੂਪ ਉਸਰ ਰਿਹਾ ਹੈ। ਸਾਲਾਨਾ ਜੋੜ ਮੇਲੇ ਤੋਂ ਇਕ ਦਿਨ ਪਹਿਲਾਂ ਇਕ ਵਿਸ਼ਾਲ ਜਲੂਸ ਗੁਰਦੁਆਰਾ ਜੋਤੀ ਸਰੂਪ ਤੋਂ ਮਸਤੂਆਣਾ ਸਾਹਿਬ ਲਈ ਨਿਕਲਦਾ ਹੈ। ਤਿੰਨ ਦਿਨਾਂ ਇਸ ਸਾਲਾਨਾ ਜੋੜ ਮੇਲੇ ਵਿਚ ਮਾਲਵੇ ਦੇ ਸਭਿਆਚਾਰ ਦੀ ਪੂਰਨ ਤਸਵੀਰ ਦੇਖਣ ਨੂੰ ਮਿਲਦੀ ਹੈ।

ਜੇਕਰ ਕੋਈ ਮਹੱਤਵਪੂਰਨ ਸਿੱਖ ਸੰਸਥਾ ਜਾਂ ਟਰੱਸਟ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਚੇਅਰ ਦੀ ਸਥਾਪਨਾ ਲਈ ਬੀੜਾ ਚੁੱਕੇ ਤੇ ਇਸ ਸਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਹਰ ਪੱਖੋਂ ਯੋਗਦਾਨ ਪਾਵੇ ਤਾਂ ਸੰਤ ਅਤਰ ਸਿੰਘ ਚੇਅਰ ਦੀ ਸਥਾਪਨਾ ਨਾਲ ਇਸ ਸਥਾਨ ਦਾ ਦੇਸ਼ ਦੀ ਆਜ਼ਾਦੀ ਵਿਚ ਪਾਏ ਗਏ ਯੋਗਦਾਨ ਸਬੰਧੀ ਖੋਜ ਕਰ ਕੇ ਇਤਿਹਾਸਕ ਦਸਤਾਵੇਜ਼ ਲੋਕਾਂ ਸਾਹਮਣੇ ਲਿਆਂਦੇ ਜਾ ਸਕਦੇ ਹਨ।

ਕਰਤਾਰ ਸਿੰਘ ਦਰਵੇਸ਼

ਚੌਥੇ ਟੈਸਟ 'ਚ ਆਸਟਰੇਲੀਆਈ ਕ੍ਰਿਕਟ ਟੀਮ ਮਜ਼ਬੂਤ ਸਥਿਤੀ 'ਚ

ਸਿਡਨੀ, 29 ਜਨਵਰੀ (ਏ.ਪੀ.)–ਆਸਟਰੇਲੀਆ ਅਤੇ ਵੈਸਟ ਇੰਡੀਜ਼ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਖੇਡੇ ਜਾ ਰਹੇ ਚੌਥੇ ਟੈਸਟ ਮੈਚ ਦੇ ਚੌਥੇ ਦਿਨ ਦੀ ਖੇਡ ਦੇ ਅੰਤ ਤਕ 259 ਦੇ ਸਕੋਰ ਤੇ ਵੈਸਟ ਇੰਡੀਜ਼ ਦੇ 9 ਬੱਲੇਬਾਜ਼ਾਂ ਨੂੰ ਆਊਟ ਕਰਕੇ ਆਸਟਰੇਲੀਆ ਵਾਲੇ ਜੇਤੂ ਪੁਜ਼ੀਸ਼ਨ ਵਿਚ ਪਹੁੰਚੇ ਪਏ ਸਨ।

ਇਸ ਮੈਚ ਵਿਚ ਵੈਸਟ ਇੰਡੀਜ਼ ਨੇ ਪਹਿਲਾਂ ਬੱਲੇਬਾਜ਼ੀ ਕੀਤੀ ਅਤੇ ਆਪਣੀ ਪਹਿਲੀ ਪਾਰੀ ਵਿਚ 224 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿਚ ਆਸਟਰੇਲੀਆ ਵਾਲਿਆਂ ਨੇ ਡੇਵਿਡ ਬੂਨ ਦੀ ਵਧੀਆ ਬੱਲੇਬਾਜ਼ੀ ਸਦਕਾ ਆਪਣੀ ਪਹਿਲੀ ਪਾਰੀ ਵਿਚ 401 ਦੌੜਾਂ ਦਾ ਸਕੋਰ ਖੜ੍ਹਾ ਕਰਨ ਵਿਚ ਸਫਲਤਾ ਹਾਸਲ ਕਰ ਲਈ।

ਵੈਸਟ ਇੰਡੀਜ਼ ਵਲੋਂ ਅੱਜ ਉਨ੍ਹਾਂ ਦੇ ਤਜਰਬੇਕਾਰ ਸਲਾਮੀ ਬੱਲੇਬਾਜ਼ ਨੇ 143 ਬਣਾ ਕੇ ਬਹੁਤ ਹੀ ਸ਼ਾਨਦਾਰ ਪਾਰੀ ਖੇਡੀ। ਉਸ ਤੋਂ ਇਲਾਵਾ ਹੋਰ ਕੋਈ ਵੀ ਬੱਲੇਬਾਜ਼ ਆਸਟਰੇਲੀਆ ਕਪਤਾਨ ਐਲਨ ਬਾਰਡਰ ਅਤੇ ਟੀ. ਹੋਹਨਜ਼ ਦੀ ਸਪਿੰਨ ਗੇਂਦਬਾਜ਼ੀ ਦੀ ਝਾਲ ਨਾ ਝੱਲ ਸਕਿਆ।

ਇਸ ਤੋਂ ਪਹਿਲਾਂ ਵੈਸਟ ਇੰਡੀਜ਼ ਦੀ ਟੀਮ ਲਗਾਤਾਰ ਤਿੰਨ ਟੈਸਟ ਮੈਚ ਜਿੱਤ ਚੁੱਕੀ ਹੈ। ਇਸ ਮੈਚ ਵਿਚ ਆਸਟਰੇਲੀਆ ਦੀ ਮਜ਼ਬੂਤ ਸਥਿਤੀ ਦਾ ਸਿਹਰਾ ਮੁੱਖ ਤੌਰ 'ਤੇ ਕਪਤਾਨ ਐਲਨ ਬਾਰਡਰ ਦੇ ਸਿਰ ਹੀ ਹੈ ਜਿਸ ਨੇ ਕੁੱਲ ਮਿਲਾ ਕੇ ਹੁਣ ਤਕ ਵੈਸਟ ਇੰਡੀਜ਼ ਦੀਆਂ 10 ਵਿਕਟਾਂ ਲਈਆਂ ਹਨ।

ਈਵਾਨ ਲੈਂਡਲ ਮੁੜ ਸਿਖਰ 'ਤੇ

ਮੈਲਬੌਰਨ, 29 ਜਨਵਰੀ (ਏ.ਪੀ.) – ਅੱਜ ਇਥੇ ਆਸਟਰੇਲੀਆ ਓਪਨ ਟੈਨਿਸ ਮੁਕਾਬਲਿਆਂ ਦੇ ਫਾਈਨਲ ਵਿਚ ਚੈਕੋਸਲੋਵਾਕ ਮੂਲ ਦੇ ਖਿਡਾਰੀ ਈਵਾਨ ਲੈਂਡਲ ਨੇ ਬਹੁਤ ਹੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਇਕ ਹੋਰ ਚੈਕ ਖਿਡਾਰੀ ਮੀਰੋਸਲਾਵ ਮੇਸਿਰ ਨੂੰ 6-2, 6-2, 6-2 ਦੇ ਫਰਕਾਂ ਨਾਲ ਹਰਾ ਕੇ ਚੈਂਪੀਅਨਸ਼ਿਪ ਜਿੱਤ ਲਈ।

ਇਸ ਜਿੱਤ ਨਾਲ ਈਵਾਨ ਲੈਂਡਲ ਨੇ ਇਕ ਵਾਰ ਮੁੜ ਵਿਸ਼ਵ ਦੇ ਨੰਬਰ ਇਕ ਖਿਡਾਰੀ ਦੀ ਪੁਜ਼ੀਸ਼ਨ ਹਾਸਲ ਕਰ ਲਈ ਹੈ।

ਕਿਸੇ ਗਰੈਂਡ ਸਲੈਮ ਟੈਨਿਸ ਟੂਰਨਾਮੈਂਟ ਦੇ ਫਾਈਨਲ ਵਿਚ ਲੈਂਡਲ ਦੀ ਮੀਰੋਸਲਾਵ ਮੇਸਿਰ ਉਪਰ ਇਹ ਦੂਸਰੀ ਜਿੱਤ ਸੀ। ਇਸ ਤੋਂ ਪਹਿਲਾਂ ਉਹ 1986 ਦੌਰਾਨ ਯੂ.ਐਸ. ਓਪਨ ਟੈਨਿਸ ਟੂਰਨਾਮੈਂਟ ਦੇ ਫਾਈਨਲ ਦੌਰਾਨ ਵੀ ਮੇਸਿਰ ਉਪਰ ਜੇਤੂ ਰਿਹਾ ਸੀ।

ਆਸਟਰੇਲੀਆ ਓਪਨ ਟੈਨਿਸ ਟੂਰਨਾਮੈਂਟ ਵਿਚ ਲੈਂਡਲ ਦੀ ਇਹ ਪਹਿਲੀ ਜਿੱਤ ਹੈ। ਫਰੈਂਚ ਓਪਨ ਅਤੇ ਯੂ.ਐਸ. ਓਪਨ ਟਰਾਫੀਆਂ ਉਹ ਤਿੰਨ-ਤਿੰਨ ਵਾਰ ਜਿੱਤ ਚੁੱਕਾ ਹੈ। ਇਸ ਤੋਂ ਪਹਿਲਾਂ ਉਹ ਸਾਲ 1983 ਦੌਰਾਨ ਆਸਟਰੇਲੀਆ ਓਪਨ ਫਾਈਨਲ ਵਿਚ ਪਹੁੰਚਿਆ ਸੀ ਪ੍ਰੰਤੂ ਉਦੋਂ ਉਹ ਸਵੀਡਨ ਦੇ ਜਾਨ ਵਿਲੈਂਡਰ ਹੱਥੋਂ ਹਾਰ ਗਿਆ ਸੀ।

ਜੀਸ਼ਾਨ ਅਲੀ ਜੇਤੂ

ਪਾਲਘਾਟ, 29 ਜਨਵਰੀ (ਯੂ. ਐਨ. ਆਈ.) – ਇਥੇ ਕਰਵਾਏ ਜਾ ਰਹੇ ਇੰਟਰਨੈਸ਼ਨਲ ਸੈਟੇਲਾਈਟ ਟੈਨਿਸ ਦੇ ਫਾਈਨਲ ਲੇਗ ਮੁਕਾਬਲਿਆਂ ਵਿਚ ਅੱਜ ਸ਼ਾਮੀਂ ਭਾਰਤ ਦੇ ਜੀਸ਼ਾਨ ਅਲੀ ਨੇ ਆਪਣੇ ਹੀ ਦੇਸ਼ ਦੇ ਐਸ. ਵਾਸੁਦੇਵਨ ਨੂੰ 1-6, 7-6, 8-6 ਅਤੇ 6-4 ਦੇ ਫਰਕਾਂ ਨਾਲ ਹਰਾ ਦਿੱਤਾ।

ਨਵਰਾਤੀਲੋਵਾ ਨੇ 51ਵੀਂ ਟੈਨਿਸ ਟਰਾਫੀ ਜਿੱਤੀ

ਮੈਲਬੌਰਨ, 29 ਜਨਵਰੀ, (ਏ.ਪੀ.)–ਇਥੇ ਕਰਵਾਏ ਜਾ ਰਹੇ ਆਸਟਰੇਲੀਅਨ ਓਪਨ ਟੈਨਿਸ ਮੁਕਾਬਲਿਆਂ ਦੌਰਾਨ ਮਾਰਟੀਨਾ ਨਵਰਾਤੀਲੋਵਾ ਅਤੇ ਪੈਮ ਸ਼ਰਿਵਰ ਨੇ ਮਿਲ ਕੇ ਲਗਾਤਾਰ 7ਵੀਂ ਵਾਰ ਆਸਟਰੇਲੀਅਨ ਮਹਿਲਾ ਡਬਲਜ਼ ਟਰਾਫੀ ਜਿੱਤ ਲਈ ਹੈ।

ਮਾਰਟੀਨਾ ਨਵਰਾਤੀਲੋਵਾ ਦੀ ਉਮਰ 32 ਸਾਲ ਹੈ ਅਤੇ ਉਹ ਹੁਣ ਤਕ 29 ਡਬਲਜ਼ ਟਰਾਫੀਆਂ ਸਮੇਤ ਕੁੱਲ 51 ਗਰੈਂਡ ਸਲੈਮ ਟਾਈਟਲ ਜਿੱਤ ਚੁੱਕੀ ਹੈ।

ਭਾਰਤ ਨੂੰ ਚੌਥੀ ਹਾਰ

ਮਾਰਗਾਓ, 29 ਜਨਵਰੀ (ਯੂ. ਐਨ. ਆਈ.) – ਇਰਾਕ ਨੇ ਅੱਜ ਇਥੇ ਨਹਿਰੂ ਕੱਪ ਕੌਮਾਂਤਰੀ ਫੁਟਬਾਲ ਟੂਰਨਾਮੈਂਟ ਵਿਚ ਭਾਰਤ ਨੂੰ 2-1 ਗੋਲਾਂ ਨਾਲ ਹਰਾ ਕੇ ਪਹਿਲੀ ਜਿੱਤ ਪ੍ਰਾਪਤ ਕੀਤੀ। ਭਾਰਤ ਦੀ ਇਹ ਲਗਾਤਾਰ ਚੌਥੀ ਹਾਰ ਸੀ।

ਪੋਪ ਵਲੋਂ ਗੋਰਬਾਚੇਵ ਦੀਆਂ ਅਮਨ ਤਜਵੀਜ਼ਾਂ ਦਾ ਸਵਾਗਤ

ਮਾਸਕੋ, 29 ਜਨਵਰੀ (ਪੀ. ਟੀ. ਆਈ.) – ਪੋਪ ਜੌਹਨ ਪਾਲ ਦੂਸਰੇ ਨੇ ਕਿਹਾ ਹੈ ਕਿ ਉਹ ਗੋਰਬਾਚੇਵ ਦੁਆਰਾ ਦਸੰਬਰ ਮਹੀਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੰਬਲੀ ਵਿਚ ਸੋਵੀਅਤ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਦੁਆਰਾ ਅਮਨ ਦੇ ਲਈ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਦਾ ਉਚਾ ਮੁੱਲ ਪਾਉਂਦੇ ਹੋਇਆਂ ਭਾਰੀ ਸਵਾਗਤ ਕਰਦੇ ਹਨ।

ਵੈਟੀਕਨ ਵਿਖੇ ਸੋਵੀਅਤ ਅਮਨ ਕਮੇਟੀ ਦੇ ਵਫਦ ਦਾ ਸਵਾਗਤ ਕਰਦਿਆਂ ਪੋਪ ਨੇ ਕਿਹਾ ਸਿਲਸਿਲੇਵਾਰ ਸੰਪਰਕ ਜਿਸ ਵਿਚ ਨਿਸ਼ਸ਼ਤਰੀਕਰਨ ਵਾਸਤੇ ਸੋਵੀਅਤ ਯੂਨੀਅਨ ਅਤੇ ਚਰਚ ਵਿਚਾਲੇ ਮਜ਼ਬੂਤ ਸੰਪਰਕ ਸਥਾਪਤ ਕਰਨ ਦੀ ਸਖਤ ਲੋੜ ਹੈ। ਇਹ ਗੱਲ ਸੋਵੀਅਤ ਕਮਿਊਨਿਸਟ ਪਾਰਟੀ ਦੇ ਰੋਜ਼ਾਨਾ ਅਖਬਾਰ ਪ੍ਰਾਵਦਾ ਨੇ ਆਪਣੇ ਇਕ ਲੇਖ ਵਿਚ ਕਹੀ ਹੈ।

ਸੋਵੀਅਤ ਵਫਦ, ਜਿਸ ਦੀ ਅਗਵਾਈ ਸੋਵੀਅਤ ਅਮਨ ਕਮੇਟੀ ਦੇ ਚੇਅਰਮੈਨ ਜੈਨਰਿਖ ਬੋਰੋਵਿਕ ਕਰ ਰਹੇ ਸਨ, ਨੇ ਪੋਪ ਨੂੰ ਸੋਵੀਅਤ-ਅਮਰੀਕੀ ਆਈ. ਐਨ. ਐਫ. ਸੰਧੀ ਅਧੀਨ ਨਸ਼ਟ ਕੀਤੀਆਂ ਮਿਜ਼ਾਇਲਾਂ ਦੇ ਟੁਕੜਿਆਂ ਦਾ ਇਕ ਸੋਵੀਨਾਰ ਭੇਟ ਕੀਤਾ।

ਬੋਰੋਵਿਕ ਨੇ ਪੋਪ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਉਨ੍ਹਾਂ ਕਿਹਾ, "ਸਾਡਾ ਸਮਾਂ ਸਹਿਯੋਗ ਕਰਨ ਦਾ ਸਮਾਂ ਹੈ।"

ਲੇਖ ਵਿਚ ਅੱਗੇ ਕਿਹਾ ਗਿਆ ਹੈ ਕਿ ਸੋਵੀਅਤ ਅਮਨ ਕਮੇਟੀ ਨੇ ਅਮਨ ਲਈ ਘੋਲ ਵਾਸਤੇ ਅੰਦੋਲਨਾਂ ਅਤੇ ਜੰਗ ਵਿਰੋਧੀ ਜਥੇਬੰਦੀਆਂ, ਧਾਰਮਿਕ ਅਤੇ ਧਰਮ ਨਿਰਪੱਖ ਜਥੇਬੰਦੀਆਂ ਦੀਆਂ ਕੋਸ਼ਿਸ਼ਾਂ ਨੂੰ ਇਕਜੁੱਟ ਕਰਨ ਦੀ ਪੇਸ਼ਕਸ਼ ਕੀਤੀ ਹੈ।

ਵੈਟੀਕਨ ਦੁਆਰਾ ਸੱਦੇ ਗਏ ਵਫਦ ਨੂੰ ਯਕੀਨ ਦੁਆਇਆ ਕਿ ਉਹ ਇਸ ਦੁਆਰਾ ਉਠਾਏ ਗਏ ਸਵਾਲਾਂ ਉਤੇ ਵਿਚਾਰ ਕਰੇਗਾ। ਪੋਪ ਨੇ ਕਿਹਾ, "ਪ੍ਰਮਾਣੂ ਹਥਿਆਰਾਂ ਦਾ ਭੰਡਾਰ ਮਨੁੱਖਤਾ ਲਈ ਭਾਰੀ ਖਤਰਾ ਹਨ।"

ਅਰਜਨ ਸਿੰਘ ਦੀ ਵੋਰਾ ਨੂੰ ਸਲਾਹ ਦੇਣ 'ਚ ਕੋਈ ਰੁਚੀ ਨਹੀਂ

ਨਵੀਂ ਦਿੱਲੀ, 29 ਜਨਵਰੀ (ਯੂ. ਐਨ. ਆਈ.) – ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਅਰਜਨ ਸਿੰਘ ਨੇ ਅੱਜ ਇਥੇ ਕਿਹਾ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਮੋਤੀ ਲਾਲ ਵੋਰਾ ਵਲੋਂ ਆਪਣੇ ਮੰਤਰੀ ਮੰਡਲ ਵਿਚ ਕੀਤੇ ਜਾ ਰਹੇ ਵਾਧੇ ਦੇ ਸਬੰਧ ਵਿਚ ਸਲਾਹ ਦੇਣ ਵਿਚ ਕੋਈ ਰੁਚੀ ਨਹੀਂ ਹੈ।

ਵਰਨਣਯੋਗ ਹੈ ਕਿ ਸ੍ਰੀ ਵੋਰਾ ਅਗਲੇ ਹਫਤੇ ਆਪਣੀ ਮੰਤਰੀ ਪ੍ਰੀਸ਼ਦ ਦਾ ਵਿਸਥਾਰ ਕਰ ਰਹੇ ਹਨ।

ਉਨ੍ਹਾਂ ਨੇ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਸ੍ਰੀ ਵੋਰਾ ਉਹ ਹੀ ਕਰਨਗੇ ਜੋ ਠੀਕ ਹੋਇਆ।

ਸ੍ਰੀ ਅਰਜਨ ਸਿੰਘ ਅੱਜ ਸਵੇਰੇ ਹੀ ਇਥੇ ਪੁੱਜੇ ਸਨ ਅਤੇ ਮੰਗਲਵਾਰ ਨੂੰ ਵਰਕਿੰਗ ਕਮੇਟੀ ਦੀ ਇਥੇ ਹੋ ਰਹੀ ਮੀਟਿੰਗ ਵਿਚ ਭਾਗ ਲੈਣਗੇ।

ਅਧਿਆਪਕਾਂ ਨੂੰ 10 ਮਹੀਨਿਆਂ ਤੋਂ ਤਨਖਾਹਾਂ ਦੀ ਅਦਾਇਗੀ ਨਹੀਂ

ਕੋਟਕਪੂਰਾ, 29 ਜਨਵਰੀ (ਪੱਤਰ ਪ੍ਰੇਰਕ) – ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੀ ਨਵੀਂ ਵਿਦਿਅਕ ਨੀਤੀ ਅਧੀਨ ਆਪਰੇਸ਼ਨ ਬਲੈਕ ਬੋਰਡ ਸਕੀਮ ਤਹਿਤ ਪ੍ਰਾਇਮਰੀ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰ ਕੇ ਫਰੀਦਕੋਟ ਦੇ ਇਕ ਅਧਿਆਪਕ ਨੇ ਟੈਂਪੂ ਚਲਾਉਣਾ ਆਰੰਭ ਕਰ ਦਿੱਤਾ ਹੈ। ਸਕੂਲ ਦੀ ਡਿਊਟੀ ਉਪਰੰਤ ਉਹ ਇਹ ਵਾਹਨ ਚਲਾ ਕੇ ਰੋਟੀ ਜੋਗੇ ਪੈਸੇ ਕਮਾਉਂਦਾ ਹੈ।

ਇਹ ਗੱਲ ਦਸਦਿਆਂ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਜ਼ਿਲਾ ਕਨਵੀਨਰ ਮੁਕੇਸ਼ ਭੰਡਾਰੀ ਅਤੇ ਡੈਮੋਕਰੇਟਿਕ ਟੀਚਰਜ਼ ਯੂਨੀਅਨ ਦੇ ਜ਼ਿਲਾ ਕੋ-ਕਨਵੀਨਰ ਪਰਮਜੀਤ ਸਿੰਘ ਸੰਧੂ ਨੇ ਕਿਹਾ ਕਿ ਇਸ ਸਕੀਮ ਅਧੀਨ ਸਰਕਾਰ ਨੇ ਪ੍ਰਾਇਮਰੀ ਸਕੂਲਾਂ ਵਿਚ ਘੱਟੋ ਘੱਟ ਇਕ ਇਸਤਰੀ ਅਤੇ ਇਕ ਮਰਦ ਅਧਿਆਪਕ, ਹਰ ਮੌਸਮ ਦੇ ਅਨੁਕੂਲ ਦੋ ਕਮਰੇ ਅਤੇ ਹੋਰ ਜ਼ਰੂਰੀ ਸਮੱਗਰੀ ਦੇਣ ਦਾ ਐਲਾਨ ਕੀਤਾ ਹੈ। ਪਿਛਲੇ 10 ਮਹੀਨਿਆਂ ਤੋਂ ਵਿਚਾਰੇ ਅਧਿਆਪਕਾਂ ਨੂੰ ਹੀ ਤਨਖਾਹ ਹੀ ਨਹੀਂ ਮਿਲੀ ਕਿਉਂਕਿ ਸਰਕਾਰ ਵਲੋਂ ਅਜੇ ਗਰਾਂਟ ਰਲੀਜ਼ ਨਹੀਂ ਕੀਤੀ ਗਈ।

ਇਸ ਸਬੰਧੀ ਦੂਜੀ ਦਿਲਚਸਪ ਗੱਲ ਇਹ ਦੱਸੀ ਗਈ ਹੈ ਕਿ ਜਦ ਇਨ੍ਹਾਂ ਪੋਸਟਾਂ ਲਈ ਗਰਾਂਟ ਆਉਂਦੀ ਹੈ ਤਦ ਵੀ ਅਧਿਆਪਕਾਂ ਨੂੰ ਤਨਖਾਹ ਪੂਰੀ ਨਹੀਂ ਮਿਲਦੀ ਕਿਉਂਕਿ ਤਨਖਾਹ ਦਰ ਵੱਧ ਹਨ ਤੇ ਗਰਾਂਟ ਘੱਟ ਆਉਂਦੀ ਹੈ।

ਅਧਿਆਪਕ ਆਗੂਆਂ ਨੇ ਮੰਗ ਕੀਤੀ ਹੈ ਕਿ ਇਹ ਗਰਾਂਟ ਜਲਦੀ ਰਲੀਜ਼ ਕੀਤੀ ਜਾਵੇ ਅਤੇ ਤਨਖਾਹ ਪੂਰੀ ਦਿੱਤੀ ਜਾਵੇ।

12 ਅਤਿਵਾਦੀ ਗ੍ਰਿਫਤਾਰ

(ਸਫਾ 1 ਕਾਲਮ 8 ਦੀ ਬਾਕੀ)

ਗੋਲੀ ਮਾਰ ਕੇ ਹਲਾਕ ਕਰ ਦਿੱਤਾ ਸੀ, ਉਸ ਦੀ ਸ਼ਨਾਖਤ ਹੋ ਗਈ ਹੈ। ਉਹ ਉਸੇ ਪਿੰਡ ਦਾ ਹਰਦੀਪ ਸਿੰਘ ਉਰਫ ਦੀਪਾ ਹੈ।

ਐਸ.ਪੀ. (ਸਿਟੀ) ਬਲਦੇਵ ਸਿੰਘ ਨੇ ਅੰਮ੍ਰਿਤਸਰ ਵਿਚ ਦੱਸਿਆ ਕਿ ਹਰਦੀਪ ਸਿੰਘ ਦਹਿਸ਼ਤਗਰਦ ਨਹੀਂ ਸੀ ਅਤੇ ਉਸ ਦਾ ਪਿਛਲਾ ਅਜਿਹਾ ਕੋਈ ਰਿਕਾਰਡ ਵੀ ਨਹੀਂ ਹੈ ਜਿਸ ਤੋਂ ਉਸ ਵਲੋਂ ਕੀਤੇ ਜੁਰਮਾਂ ਬਾਰੇ ਕੋਈ ਜਾਣਕਾਰੀ ਮਿਲਦੀ ਹੋਵੇ। ਦੱਸਿਆ ਜਾਂਦਾ ਹੈ ਕਿ ਮ੍ਰਿਤਕ ਨੂੰ ਦਹਿਸ਼ਤਪਸੰਦਾਂ ਦੇ ਇਕ ਟੋਲੇ ਨੇ ਉਸ ਦੇ ਘਰ ਵਿਚੋਂ ਜਗਾਇਆ ਅਤੇ ਉਸ ਨੂੰ ਨਾਲ ਤੁਰਨ ਲਈ ਕਿਹਾ। ਇਤਫਾਕ ਨਾਲ ਹੀ ਸੁਰੱਖਿਆ ਦਲਾਂ ਦੀ ਇਕ ਗਸ਼ਤੀ ਪਾਰਟੀ ਉਥੋਂ ਲੰਘੀ ਅਤੇ ਉਨ੍ਹਾਂ ਨੇ ਗੋਲੀ ਚਲਾ ਦਿੱਤੀ। ਦਹਿਸ਼ਤਗਰਦ ਹਰਦੀਪ ਸਿੰਘ ਨੂੰ ਵਿਚਾਲੇ ਛੱਡ ਕੇ ਦੌੜ ਗਏ ਪਰ ਹਰਦੀਪ ਸਿੰਘ ਨੂੰ ਗੋਲੀ ਲਗ ਗਈ ਜਿਸ ਨਾਲ ਉਹ ਸਖਤ ਫੱਟੜ ਹੋ ਗਿਆ। ਹਸਪਤਾਲ ਵੱਲ ਲਿਜਾਂਦੇ ਸਮੇਂ ਉਸ ਦੀ ਰਾਹ ਵਿਚ ਹੀ ਮੌਤ ਹੋ ਗਈ।

ਰੋਪੜ ਜ਼ਿਲੇ ਵਿਚ ਖਰੜ ਵਿਖੇ ਇਕ ਕੈਮਿਸਟ ਦੀ ਦੁਕਾਨ ਤੋਂ ਪਿਸਤੌਲ ਦੀ ਨੋਕ 'ਤੇ 2 ਲੁਟੇਰਿਆਂ ਨੇ 7 ਹਜ਼ਾਰ ਰੁਪਏ ਲੁੱਟ ਲਏ।

ਫਿਰੋਜ਼ਪੁਰ ਤੋਂ ਮਿਲੀ ਇਕ ਖਬਰ ਅਨੁਸਾਰ ਜ਼ੀਰਾ ਪੁਲੀਸ ਸਟੇਸ਼ਨ ਹੇਠ ਆਉਂਦੇ ਪਿੰਡ ਬਰਬਲਾ ਤੋਂ ਠਾਕਰ ਸਿੰਘ ਨਾਂ ਦੇ ਇਕ ਵਿਅਕਤੀ ਤੋਂ ਸ਼ੱਕੀ ਦਹਿਸ਼ਤਪਸੰਦਾਂ ਨੇ ਬੰਦੂਕ ਖੋਹੀ। ਇਸ ਸਬੰਧ ਵਿਚ ਜ਼ੀਰਾ ਪੁਲੀਸ ਨੇ ਕੇਸ ਦਰਜ ਕੀਤਾ ਹੈ। ਬਸਤੀ ਅਮਰ ਸਿੰਘ ਵਾਲਾ ਤੋਂ ਤਰਸੇਮ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ, ਹੈ ਜੋ ਨਿਸ਼ਾਨ ਸਿੰਘ ਧੜੇ ਦੇ ਦਹਿਸ਼ਤਪਸੰਦਾਂ ਨੂੰ ਸ਼ਰਨ ਦਿੰਦਾ ਸੀ।

ਬੀਤੀ ਰਾਤ ਆਧੁਨਿਕ ਹਥਿਆਰਾਂ ਨਾਲ ਲੈਸ ਇਕ ਦਰਜਨ ਅਣਪਛਾਤੇ ਬੰਦਿਆਂ ਨੇ ਫਰੀਦਕੋਟ ਜ਼ਿਲੇ ਦੇ ਪਿੰਡ ਕੋਟਲਾ ਦਾਤੇਵਾਲਾ ਦੇ ਬਲਬੀਰ ਸਿੰਘ ਦਾ ਇਕ ਟਰੈਕਟਰ ਖੋਹ ਲਿਆ। ਪੁਲੀਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਮੋਗਾ ਤੋਂ ਅਮਰ ਸਿੰਘ ਦੀ ਰਿਪੋਰਟ ਅਨੁਸਾਰ ਕੋਟ ਭਾਈ ਪੁਲੀਸ ਸਟੇਸ਼ਨ ਅਧੀਨ ਆਉਂਦੇ ਪਿੰਡ ਭਲਿਆਣਾ ਦੇ ਜਗਦੇਵ ਸਿੰਘ ਉਰਫ ਭੋਲਾ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੇ ਕਬਜ਼ੇ ਵਿਚੋਂ ਇਕ ਸਕੂਟਰ ਫੜਿਆ ਹੈ। ਜ਼ਿਲਾ ਪੁਲੀਸ ਮੁਖੀ ਸਤੀਸ਼ ਕੁਮਾਰ ਸ਼ਰਮਾ ਅਨੁਸਾਰ ਇਹ ਸਕੂਟਰ ਪਿਸਤੌਲ ਦੀ ਨੋਕ 'ਤੇ ਪਰਸ ਰਾਮ ਨਾਂ ਦੇ ਇਕ ਡਾਕਟਰ ਤੋਂ ਖੋਹਿਆ ਸੀ।

ਸ਼੍ਰੋਮਣੀ ਕਮੇਟੀ ਦੀ ਮੀਟਿੰਗ

(ਸਫਾ 1 ਕਾਲਮ 5 ਦੀ ਬਾਕੀ)

ਕਾਰਨ ਖਾਲੀ ਹੋਇਆ ਸੀ। ਮੀਟਿੰਗ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਗਿਆਨੀ ਮੋਹਣ ਸਿੰਘ ਦੀ ਥਾਂ ਐਕਟਿੰਗ ਹੈਡ ਗਰੰਥੀ ਵੀ ਨਿਯੁਕਤ ਕਰੇਗੀ। ਗਿਆਨੀ ਮੋਹਣ ਸਿੰਘ ਇਸ ਵੇਲੇ ਛੁੱਟੀ 'ਤੇ ਵਿਦੇਸ਼ ਗਏ ਹੋਏ ਹਨ।

ਸ਼੍ਰੋਮਣੀ ਕਮੇਟੀ ਨੇ ਪਹਿਲਾਂ ਪ੍ਰੋ. ਦਰਸ਼ਨ ਸਿੰਘ ਤੇ ਅਕਾਲੀ ਦਲ (ਤਲਵੰਡੀ) ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੂੰ ਉਪਰੋਕਤ ਦੋਹਾਂ ਅਹੁਦਿਆਂ ਲਈ ਨਾਂ ਸੁਝਾਉਣ ਲਈ ਕਿਹਾ ਸੀ ਪਰ ਪ੍ਰੋ. ਦਰਸ਼ਨ ਸਿੰਘ ਤੇ ਸ੍ਰੀ ਤਲਵੰਡੀ ਵਲੋਂ ਵੱਖ ਵੱਖ ਵਿਅਕਤੀਆਂ ਦੇ ਨਾਂ ਸੁਝਾਏ ਜਾਣ ਕਾਰਨ ਮਾਮਲਾ ਖੱਟੇ ਵਿਚ ਪੈ ਗਿਆ।

ਮਾਂ ਵਲੋਂ ਦੋ ਬੱਚਿਆਂ ਸਮੇਤ ਖੁਦਕੁਸ਼ੀ

ਜੌਨਪੁਰ, 29 ਜਨਵਰੀ (ਪੀ. ਟੀ. ਆਈ.) – ਇਥੋਂ 30 ਕਿਲੋਮੀਟਰ ਦੂਰ ਪਿੰਡ ਬਾਰਸਾਥੀ ਵਿਚ ਇਕ ਮਾਂ ਵਲੋਂ ਦੋ ਬੱਚਿਆਂ ਸਮੇਤ ਖੁਦਕੁਸ਼ੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਜਾਣਕਾਰੀ ਅੱਜ ਇਥੇ ਪੁਲੀਸ ਕਪਤਾਨ ਸ੍ਰੀ ਗੁਪਤਾ ਨੇ ਦਿੱਤੀ।

ਪੰਚਨ ਲਾਮਾ ਚਲ ਵਸੇ

(ਸਫਾ 1 ਕਾਲਮ 1 ਦੀ ਬਾਕੀ)

ਰਹਿਨੁਮਾ ਸੀ ਅਤੇ ਤਿੱਬਤ ਉਪਰ ਚੀਨੀ ਕਬਜ਼ੇ ਵਿਰੁਧ ਰੋਸ ਵਜੋਂ ਜਦੋਂ ਦਲਾਈ ਲਾਮਾ ਨੇ ਭਾਰਤ ਵਿਚ ਰਾਜਸੀ ਪਨਾਹ ਲੈ ਲਈ ਸੀ ਤਾਂ ਪੰਚਨ ਲਾਮਾ ਨੇ ਚੀਨ ਵਿਚ ਹੀ ਰਹਿਣ ਦਾ ਫੈਸਲਾ ਲਿਆ ਸੀ। ਉਸ ਸਮੇਂ ਤੋਂ ਉਹ ਚੀਨ ਦੀ ਰਾਜਧਾਨੀ ਬੀਜਿੰਗ ਵਿਚ ਠਹਿਰਦਾ ਚਲਿਆ ਆ ਰਿਹਾ ਸੀ।

ਨਵ ਚੀਨ ਖਬਰ ਏਜੰਸੀ ਅਨੁਸਾਰ ਅਜੇ ਕੁਝ ਦਿਨ ਪਹਿਲਾਂ ਹੀ ਉਹ ਤਿੱਬਤ ਵਿਚ ਆਪਣੇ ਪਿੰਡ ਸੀਗਾਜ਼ੇ ਵਿਖੇ ਨਵੇਂ ਉਸਾਰੇ ਗਏ ਵਿਸ਼ਾਲ ਸਤੂਪੇ ਦਾ ਉਦਘਾਟਨ ਕਰਨ ਲਈ ਗਿਆ ਸੀ।

ਇਸ ਸਤੂਪੇ ਅੰਦਰ 5ਵੇਂ ਤੋਂ ਲੈ ਕੇ 9ਵੇਂ ਪੰਚਨ ਲਾਮੇ ਦੀਆਂ ਅਸਥੀਆਂ ਰੱਖੀਆਂ ਹੋਈਆਂ ਹਨ।

1966-76 ਦੇ ਸਭਿਆਚਾਰਕ ਇਨਕਲਾਬ ਦੌਰਾਨ ਰੈਡ ਗਾਰਡਾਂ ਵਲੋਂ ਹੋਰ ਧਰਮ ਅਸਥਾਨਾਂ ਦੇ ਨਾਲ ਹੀ ਇਸ ਸਤੂਪੇ ਨੂੰ ਵੀ ਤਬਾਹ ਕਰ ਦਿੱਤਾ ਗਿਆ ਸੀ।

ਚੀਨ ਦੇ ਟੈਲੀਵਿਜ਼ਨ ਪ੍ਰੋਗਰਾਮ ਵਲੋਂ ਸ੍ਰੀ ਪੰਚਨ ਲਾਮਾ ਦੇ ਦੇਹਾਂਤ ਦੀ ਖਬਰ ਦਿੰਦਿਆਂ ਇਸ ਨੂੰ ਕੌਮ ਲਈ ਬਹੁਤ ਵੱਡਾ ਨੁਕਸਾਨ ਕਰਾਰ ਦਿੱਤਾ ਗਿਆ ਹੈ।

ਗਰਮਖਿਆਲੀ ਸੰਗਠਨਾਂ ਨੂੰ ਫੁਟ ਤੋਂ ਬਚਣ ਦੀ ਸਲਾਹ

ਚੰਡੀਗੜ੍ਹ, 29 ਜਨਵਰੀ (ਸਟਾਫ ਰਿਪੋਰਟਰ) – ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਐਡਹਾਕ ਕਮੇਟੀ ਦੇ ਮੈਂਬਰ ਭਾਈ ਸ਼ੇਰ ਸਿੰਘ ਨੇ ਪ੍ਰੈਸ ਦੇ ਨਾਂ ਜਾਰੀ ਕੀਤੇ ਇਕ ਬਿਆਨ ਵਿਚ ਗਰਮ ਖਿਆਲੀ ਜਥੇਬੰਦੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਸਿੱਖ ਭਾਈਚਾਰੇ ਅਤੇ ਸੰਘਰਸ਼ ਨੂੰ ਮੁੱਖ ਰੱਖਦਿਆਂ ਹੋਇਆਂ ਆਪਾ ਵਿਰੋਧੀ ਬਿਆਨਬਾਜ਼ੀ ਕਰਨ ਅਤੇ ਇਕ ਦੂਸਰੇ ਵਿਰੁੱਧ ਚਿੱਕੜ ਉਛਾਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਸਾਡਾ ਨਿਸ਼ਾਨਾ ਸੰਘਰਸ਼ ਨੂੰ ਲਾਮਬੰਦ ਕਰਨਾ ਹੋਣਾ ਚਾਹੀਦਾ ਹੈ ਨਾ ਕਿ ਗਰਮ ਖਿਆਲੀ ਜਥੇਬੰਦੀਆਂ ਵਿਚ ਫੁੱਟ ਪਾਉਣਾ।

ਫੈਡਰੇਸ਼ਨ ਆਗੂ ਨੇ ਭਾਈ ਗੁਰਨਾਮ ਸਿੰਘ ਬੁੰਡਾਲਾ ਵਲੋਂ ਲਾਏ ਗਏ ਦੂਸ਼ਨਾਂ ਨੂੰ ਨਿਰਮੂਲ, ਨਿਰਾਧਾਰ ਅਤੇ ਧੜੇਬੰਦੀ ਤੋਂ ਪ੍ਰੇਰਿਤ ਕਾਰਵਾਈ ਕਰਾਰ ਦਿੱਤਾ ਹੈ।

ਭਾਈ ਸ਼ੇਰ ਸਿੰਘ ਨੇ ਕਿਹਾ ਕਿ ਬੱਬਰ ਖਾਲਸਾ ਇੰਟਰਨੈਸ਼ਨਲ, ਖਾਲਿਸਤਾਨ ਕਮਾਂਡੋ ਫੋਰਸ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਿਚਾਲੇ ਸਿਧਾਂਤਕ ਏਕਤਾ ਹੋ ਚੁਕੀ ਹੈ। ਇਸ ਲਈ ਸਿਧਾਂਤ ਨੂੰ ਪਾਸੇ ਰੱਖ ਕੇ ਕੀਤੀ ਗਈ ਕਿਸੇ ਵੀ ਕਾਰਵਾਈ ਦਾ ਵਿਰੋਧ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਦਮਦਮੀ ਟਕਸਾਲ ਦਾ ਪੂਰਾ ਸਤਿਕਾਰ ਕਰਦੀ ਹੈ ਪਰ ਕੁਝ ਅਣਚਾਹੇ ਲੋਕਾਂ ਵਲੋਂ ਮੁੱਖ ਰੱਖ ਕੇ ਸੰਸਥਾ ਦੇ ਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟਕਸਾਲ ਦੇ ਮੁਖੀ ਬਾਬਾ ਠਾਕਰ ਸਿੰਘ ਨੂੰ ਸੂਚਿਤ ਕੀਤਾ ਗਿਆ ਸੀ ਪਰ ਟਕਸਾਲ ਨੇ ਅਜੇ ਤਕ ਇਸ ਬਾਰੇ ਕੁਝ ਸਪਸ਼ਟ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਕੌਮ ਦੇ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਮੁਖ ਰੱਖ ਕੇ ਵੱਖ ਵੱਖ ਗਰਮ ਖਿਆਲ ਜਥੇਬੰਦੀਆਂ ਨੂੰ ਆਪਸੀ ਵਿਸ਼ਵਾਸ ਅਤੇ ਹਮਾਇਤ ਪ੍ਰਾਪਤ ਕਰਨ ਦੀ ਬਹੁਤ ਲੋੜ ਹੈ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਕੌਮ ਦੇ ਚਲ ਰਹੇ ਸੰਘਰਸ਼ ਅਤੇ ਭਾਈਚਾਰੇ ਦੇ ਵਡੇਰੇ ਹਿੱਤਾਂ ਲਈ ਗੁਰਮਤਿ ਦੇ ਆਧਾਰ ਉਤੇ ਅਤੇ ਸਿੱਖੀ ਸਿਧਾਂਤਾਂ ਅਧੀਨ ਹੀ ਕਿਸੇ ਵੀ ਜਥੇਬੰਦੀ ਨਾਲ ਏਕਤਾ ਕਰੇਗੀ।

ਖੰਡ, ਮੂੰਗੀ ਅਤੇ ਮੋਠਾਂ ਦੀ ਕੀਮਤ ਵਿਚ ਉਛਾਲਾ

ਮੰਡੀਆਂ ਦਾ ਹਫਤਾਵਾਰੀ ਸਰਵੇਖਣ

ਦਿੱਲੀ, 29 ਜਨਵਰੀ (ਐਨ. ਐਨ. ਐਸ.) – ਪਿਛਲੇ ਹਫਤੇ ਹਾਜ਼ਰ ਤੇ ਮਿੱਲ ਡੀਲਿਵਰੀ ਚੀਨੀ ਦੇ ਭਾਅ 'ਚ 15/20 ਰੁਪਏ ਪ੍ਰਤੀ ਕੁਇੰਟਲ ਹੋਰ ਉਛਾਲਾ ਆਇਆ ਜਦ ਕਿ ਗੁੜ 'ਚ 20 ਰੁਪਏ ਦੀ ਹਾਨੀ ਹੋਈ। ਅਨਾਜ ਤੇ ਚੌਲਾਂ ਦੀ ਤੇਜ਼ੀ 'ਤੇ ਰੋਕ ਲੱਗੀ ਪਰ ਛੋਲਿਆਂ ਦਾ ਭਾਅ ਡਿੱਗ ਕੇ ਫੇਰ ਸੁਧਰਿਆ। ਰਾਜਸਥਾਨੀ ਮੂੰਗੀ 840 ਰੁਪਏ ਤੇ 40 ਰੁਪਏ ਅਤੇ ਮੋਠ ਨੇ 570 ਰੁਪਏ ਤੇ 85 ਰੁਪਏ ਦੀ ਛਾਲ ਲਾਈ। ਅਰਹਰ 'ਚ ਮਗਰੋਂ ਕੁਝ ਸੁਧਾਰ ਹੋਇਆ ਪਰ ਰਾਜਮਾਂਹ 50 ਰੁਪਏ ਟੁੱਟੇ। ਕਾਬਲੀ ਛੋਲਿਆਂ 'ਚ ਮਜ਼ਬੂਤੀ ਅਤੇ ਮਟਰ 'ਚ ਨਰਮੀ ਰਹੀ। ਵਨਸਪਤੀ 2/3 ਰੁਪਏ ਪ੍ਰਤੀ ਟੀਨ ਘਟਿਆ ਪਰ ਸਰੋਂ ਦੇ ਤੇਲ 'ਚ 5/8 ਰੁਪਏ ਦਾ ਲਾਭ ਹੋਇਆ। ਅਲਸੀ ਦਾ ਤੇਲ 70 ਰੁਪਏ ਨਰਮ ਰਿਹਾ।

ਅਨਾਜ ਤੇ ਦਾਲਾਂ :

ਪਿਛਲੇ ਹਫਤੇ ਦੇ ਸ਼ੁਰੂ 'ਚ ਅਨਾਜ ਦਾ ਭਾਅ ਮਜ਼ਬੂਤ ਰਿਹਾ ਪਰ ਮਗਰੋਂ ਅਨਾਜ ਦੜਾ 2/3 ਰੁਪਏ ਘਟ ਕੇ 303/306 ਰੁਪਏ ਰਹਿ ਗਿਆ। ਮਿੱਲ ਡੀਲਿਵਰੀ 305 ਰੁਪਏ ਤੇ ਰੇਲਵੇ ਬਿਲਟੀ 300 ਰੁਪਏ ਰਹੀ। ਆਟਾ 300/305 ਰੁਪਏ ਤੇ 5 ਰੁਪਏ ਥੋੜੀ ਬੋਰੀ ਵਿਕੇ ਰਿਹਾ। ਚੌਲ ਬਾਸਮਤੀ 650/1400 ਰੁਪਏ ਅਤੇ ਕਲਕਿਲਾ 1875 ਰੁਪਏ ਤੇ ਰਿਹਾ ਜਦੋਂ ਕਿ ਚੌਲ ਪਰਮਲ 'ਚ 325/465 ਰੁਪਏ 'ਤੇ 5/10 ਰੁਪਏ ਦੀ ਨਰਮੀ ਰਹੀ। ਛੋਲਿਆਂ ਦੇ ਭਾਅ 'ਚ 15 ਰੁਪਏ ਦੀ ਗਿਰਾਵਟ ਆਉਣ ਤੋਂ ਬਅਦ ਸੁਧਰ ਕੇ ਮੁੜ 740/770 ਰੁਪਏ 'ਤੇ ਆ ਗਿਆ। ਕਾਬਲੀ ਛੋਲੇ 790/830 ਰੁਪਏ 'ਤੇ ਸਥਿਰ ਰਹੇ। ਮਟਰ 540/580 ਰੁਪਏ 'ਤੇ 20 ਰੁਪਏ ਘਟੇ। ਵਧੀਆ ਜੁਆਰ 'ਚ 10 ਰੁਪਏ ਵਾਧਾ ਹੋ ਕੇ 260 ਰੁਪਏ ਹੋ ਗਈ। ਪਸ਼ੂ-ਆਹਾਰ 'ਚ ਵਰਤੀ ਜਾਣ ਵਾਲੀ ਜੁਆਰ 160 ਰੁਪਏ ਰਹੀ। ਮੂੰਗੀ 725/800 ਰੁਪਏ ਤੋਂ ਵਧ ਕੇ 810/840 ਰੁਪਏ ਹੋ ਗਈ। ਮੂੰਗੀ ਦੀ ਦਾਲ 850/1050 ਰੁਪਏ 'ਤੇ 25/75 ਰੁਪਏ ਅਤੇ ਮੋਠ 550/570 ਰੁਪਏ 'ਤੇ 85 ਰੁਪਏ ਭੜਕੇ। ਰਾਜਮਾਂਹ ਚਿਤਰਾ ਦੇ ਭਾਅ 'ਚ 50 ਰੁਪਏ ਕਮੀ ਆਈ। ਮਾਂਹ 500/650 ਰੁਪਏ 'ਤੇ ਟਿਕੇ ਰਹੇ।

ਗੁੜ ਅਤੇ ਚੀਨੀ :

ਮਿੱਲ ਡੀਲਿਵਰੀ ਚੀਨੀ ਐਮ. ਗਰੇਡ 562/610 ਤੋਂ ਵਧ ਕੇ 580/625 ਰੁਪਏ ਹੋ ਗਈ। ਹਾਜ਼ਰ ਚੀਨੀ 15/20 ਰੁਪਏ ਵਧ ਕੇ 665/710 ਰੁਪਏ ਹੋ ਗਈ। ਖੰਡਸਾਰੀ ਵੀ 10 ਰੁਪਏ ਵਧ ਕੇ 570/645 ਰੁਪਏ ਹੋ ਗਈ। ਗੁੜ 'ਚ 380/400 ਰੁਪਏ 'ਤੇ 20 ਰੁਪਏ ਘਟੇ।

ਤੇਲ ਅਤੇ ਤੇਲ ਬੀਜ : ਵਨਸਪਤੀ ਦਾ ਭਾਅ 2/3 ਰੁਪਏ ਘਟ ਕੇ 335/350 ਰੁਪਏ ਪ੍ਰਤੀ ਟੀਨ ਰਹਿ ਗਿਆ। ਮੂੰਗਫਲੀ ਦਾ ਤੇਲ 1730 ਰੁਪਏ 'ਤੇ ਹੀ ਰਿਹਾ। ਤੇਲ ਸੋਇਆਬੀਨ 1590 ਰੁਪਏ 'ਤੇ 10 ਰੁਪਏ ਤਿਲਾਂ ਦਾ ਤੇਲ 1680 ਰੁਪਏ 'ਤੇ 30 ਰੁਪਏ, ਵੜੇਵਿਆਂ ਦਾ ਤੇਲ 1620 ਰੁਪਏ 'ਤੇ 10 ਰੁਪਏ ਉਚਾ ਰਿਹਾ। ਤੇਲ ਮਹੂਆ 1675/1950 ਰੁਪਏ 'ਤੇ 25/150 ਰੁਪਏ ਉਚਾ ਰਿਹਾ। ਤੇਲ ਅਲਸੀ 70 ਰੁਪਏ ਘਟ ਕੇ 1540 ਰੁਪਏ ਰਿਹਾ। ਸਰ੍ਹੋਂ 550/580 ਰੁਪਏ 'ਤੇ ਹੀ ਟਿਕੀ ਰਹੀ ਪਰ ਤੇਲ ਸਰੋਂ ਵਧ ਕੇ 258/300 ਰੁਪਏ ਪ੍ਰਤੀ ਟੀਨ ਹੋ ਗਿਆ।

ਕਰਿਆਨਾ ਤੇ ਮੇਵੇ :

ਕਾਲੀ ਮਿਰਚ 100/200 ਰੁਪਏ ਟੁੱਟ ਕੇ 4500/5000 ਰੁਪਏ ਰਹਿ ਗਈ। ਲਾਲ ਮਿਰਚ 1000/2800 ਰੁਪਏ 'ਤੇ ਟਿਕੀ ਰਹੀ। ਹਲਦੀ 825/1050 ਰੁਪਏ 'ਤੇ 25 ਰੁਪਏ ਟੁੱਟੀ। ਜੀਰੇ 'ਚ ਵੀ 2600/3300 ਰੁਪਏ 'ਤੇ 400 ਰੁਪਏ ਘਟੇ। ਧਨੀਆਂ 600/1300 ਰੁਪਏ 'ਤੇ ਸਥਿਰ ਰਿਹਾ ਪਰ ਨਵਾਂ ਧਨੀਆਂ 600/900 ਰੁਪਏ ਵਿਕਿਆ। ਹੋਰ ਮਸਾਲਿਆਂ 'ਚ ਕੋਈ ਖਾਸ ਵਾਧਾ ਘਾਟਾ ਨਹੀਂ ਹੋਇਆ।

ਮੇਵੇ :

ਮੇਵਿਆਂ ਦੇ ਕਾਰੋਬਾਰ 'ਚ ਵੀ ਕਮੀ ਆਈ। ਅਮਰੀਕਨ ਬਦਾਮ 4150 ਰੁਪਏ 'ਤੇ 350 ਰੁਪਏ ਪ੍ਰਤੀ 40 ਕਿਲੋ 'ਤੇ ਬਦਾਮ ਗਿਰੀ 148 ਰੁਪਏ 'ਤੇ 10 ਰੁਪਏ ਕਿਲੋ ਟੁੱਟੀ। ਕਿਸ਼ਮਿਸ਼ ਤੇ ਆਬਜੋਸ਼ ਆਦਿ 'ਚ ਖਾਮੋਸ਼ੀ ਰਹੀ ਤੇ ਕਾਜੂ ਦੇ ਭਾਅ 97/123 ਰੁਪਏ ਪ੍ਰਤੀ ਕਿਲੋ ਸੁਸਤ ਰਹੇ ਜਦੋਂ ਕਿ ਗੋਲਾ 3800/4600 ਰੁਪਏ 'ਤੇ 100 ਰੁਪਏ ਵਧ ਗਿਆ।

ਦਿੱਲੀ ਸਰਾਫਾ :

ਚਾਂਦੀ ਡੀਲਿਵਰੀ 126 ਰੁਪਏ ਤੇ ਹਾਜ਼ਰ ਚਾਂਦੀ 184 ਰੁਪਏ ਭੜਕੀ। ਸੋਨਾ ਵੀ ਤੇਜ਼ ਰਿਹਾ। ਚਾਂਦੀ ਦਾ ਸਿੱਕਾ 200 ਰੁਪਏ ਵਧ ਕੇ 7100 ਰੁਪਏ ਹੋ ਗਿਆ।

ਪੰਜਾਬ, ਰਾਜਸਥਾਨ, ਮਹਾਰਾਸ਼ਟਰ ਆਦਿ 'ਚ ਇਕ ਕਰੋੜ ਰੁਪਏ ਤੋਂ ਵੱਧ ਦਾ ਸੋਨਾ ਫੜੇ ਜਾਣ ਕਰ ਕੇ ਸੋਨਾ ਵਿਟੂਰ 3115/3125 ਤੋਂ ਵਧ ਕੇ 3150/3160 ਰੁਪਏ ਹੋ ਗਿਆ। ਸੋਨਾ ਸਟੈਂਡਰਡ 10 ਰੁਪਏ ਘਟ ਕੇ 3270 ਰੁਪਏ ਰਹਿ ਗਿਆ।

ਕਿਡਨੀ ਪਥਰੀ

ਬਿਨਾਂ ਅਪਰੇਸ਼ਨ ਦੇ ਕੱਢੀ ਜਾਂਦੀ ਹੈ

R G STONE CLINIC
UROLOGICAL RESEARCH INSTITUTE

F-12, East of Kailash,
New Delhi-110 065.
Tel : 6444511, 6444588,
6449122

1500 ਰੋਗੀਆਂ ਦਾ ਇਲਾਜ ਹੋ ਚੁੱਕਿਆ ਹੈ।

ਭਾਰਤ ਵਿਚ ਲਿਥੋਟ੍ਰਿਪਸੀ ਵਿਚ ਪ੍ਰਥਮ ਅਤੇ ਬਹੁਤ ਹੀ ਤਜਰਬਾਕਾਰ

RAILWAY RECRUITMENT BOARD
105, SECTOR-9B, CHANDIGARH-160009

ਸੂਚਨਾ

ਇਸ ਦਫਤਰ ਵਲੋਂ ਇੰਪਲਾਈਮੈਂਟ ਨਿਊਜ਼/ਰੁਜ਼ਗਾਰ ਸਮਾਚਾਰ ਮਿਤੀ 4 ਫਰਵਰੀ, 1989 ਵਿਚ ਉਤਰੀ ਰੇਲਵੇ ਲਈ **ਅਸਿਸਟੈਂਟ ਸਟੇਸ਼ਨ ਮਾਸਟਰਜ਼** ਗਰੇਡ ਰੂ. 1200-2040 (ਆਰ ਪੀ ਐਸ) ਦੀਆਂ ਅਸਾਮੀਆਂ ਲਈ ਰੁਜ਼ਗਾਰ ਸੂਚਨਾ ਨੰ. ਆਰ ਆਰ ਬੀ/ ਸੀ ਡੀ ਜੀ/ ਟੀ ਐਨ-1/89 ਰਿਲੀਜ਼ ਕੀਤੀ ਗਈ ਹੈ। ਜਿਸ ਨੂੰ ਅਸਾਮੀਆਂ, ਯੋਗਤਾਵਾਂ ਆਦਿ ਦੇ ਪੂਰੇ ਵੇਰਵੇ ਲਈ ਦੇਖਿਆ ਜਾ ਸਕਦਾ ਹੈ। ਜਿਸ ਫਾਰਮੇਟ ਵਿਚ ਦਰਖਾਸਤਾਂ ਦੇਣੀਆਂ ਹਨ ਉਹ ਵੀ ਇੰਪਲਾਈਮੈਂਟ ਨਿਊਜ਼/ ਰੁਜ਼ਗਾਰ ਸਮਾਚਾਰ ਦੇ ਉਕਤ ਅੰਕ ਵਿਚ ਦਿੱਤਾ ਗਿਆ ਹੈ।

ਸਹੀ/-ਚੇਅਰਮੈਨ,
ਰੇਲਵੇ ਭਰਤੀ ਬੋਰਡ, ਚੰਡੀਗੜ੍ਹ।

281/CH

BOCKI

Fully Hydraulic Lift
FOR LIGHT & HEAVY VEHICLES
AVAILABLE IN SINGLE & TWIN POST

MANUFACTURERS

PHONES
OFF. 74987
FAC. 73349
RES. 2705

BOCKI INDUSTRIAL CORPORATION
G. T. ROAD, NEAR B.S.F. COMPLEX JALANDHAR (INDIA)

ਮੁੱਖ ਸੰਪਾਦਕ : ਵੀ.ਐਨ. ਨਰਾਇਣਨ
ਸੰਪਾਦਕ : ਹਰਭਜਨ ਸਿੰਘ ਹਲਵਾਰਵੀ
ਛਾਪਕ ਤੇ ਪ੍ਰਕਾਸ਼ਕ : ਐਸ. ਐਲ. ਭਾਗਕਾ ਨੇ ਟ੍ਰਿਬਿਊਨ ਪ੍ਰੈਸ ਚੰਡੀਗੜ੍ਹ ਤੋਂ ਛਾਪ ਕੇ ਟ੍ਰਿਬਿਊਨ ਦੇ ਟਰਸਟੀਆਂ ਲਈ ਪ੍ਰਕਾਸ਼ਤ ਕੀਤਾ।

ਕਾਪੀ ਰਾਈਟ © ਦਿ ਟ੍ਰਿਬਿਊਨ ਟਰਸਟ, 1989

ਗੁੜਗਾਉਂ, ਹਰਿਆਣਾ ਵਿਖੇ ਇਕ ਹੌਜ਼ਰੀ ਡਾਈਂਗ ਪਲਾਂਟ ਲਈ ਲੋੜ ਹੈ।

1. ਡਾਈਂਗ ਮਾਸਟਰ
2. ਡਾਈਂਗ ਸੁਪਰਵਾਈਜ਼ਰ

ਵੇਤਨ ਤਜਰਬੇ ਦੇ ਅਨੁਸਾਰ।

ਲਿਖੋ :- ਨਿਰਮਲ ਟੈਕਸਟਾਈਲਜ਼ (ਪ੍ਰਾ.) ਲਿਮ.
ਵਿਕਟਰ ਹਾਊਸ, 27 ਕਮਿਊਨਿਟੀ ਸੈਂਟਰ, ਬਸੰਤ ਲੋਕ, ਵਸੰਤ ਵਿਹਾਰ, ਨਵੀਂ ਦਿੱਲੀ।

JOIN **PATIALA AVIATION CLUB**, PATIALA FOR HOBBY/ COMMERCIAL FLYING TRAINING. BESIDES ABNITIO FLYING TRAINING, FACILITIES FOR SIMULATOR TRAINING, CESSNA, BONANZA AND CHIPMUNK ENDORSEMENTS ARE AVAILABLE. PAID JOY RIDES ARE ALSO GIVEN. BESIDES CHIPMUNK AND BONANZA FIVE SERVICEABLE AIRCRAFT ARE ON THE LINE. FOR DETAILS CONTACT **SECRETARY, PATIALA AVIATION CLUB, CIVIL AERODROME, PATIALA** ON ALL DAYS OTHER THAN FRIDAY AND GOVERNMENT HOLIDAYS BETWEEN 9 A.M. TO 4 P.M. PHONE 74588.

Sd/-
SECRETARY

G.I. & BLACK PIPES ½" To 14" SIZE
TATA & JINDAL
Distributors
K.L. GROVER & CO.
10A, Madhya Marg, Sector-7, Chandigarh. Ph. : 23372, 24635

ਅਪੋਲੋ ਹਾਸਪਿਟਲਜ਼
ਹੈਦਰਾਬਾਦ
ਪ੍ਰੋਮੋਟਰਜ਼
ਡੇਕਨ ਹਸਪਤਾਲ ਕਾਰਪੋਰੇਸ਼ਨ ਲਿਮ.
ਰਜਿ. ਆਫਿਸ: ਅਪੋਲੋ ਹਸਪਤਾਲ ਕੰਪਲੈਕਸ, ਜੁਬਲੀ ਹਿਲਜ਼, ਹੈਦਰਾਬਾਦ-500034

25,00,000 ਇਕੁਇਟੀ ਸ਼ੇਅਰਜ਼ ਰੁ. 10/- ਹਰੇਕ
ਨਗਦ ਦੇ ਬਰਾਬਰ ਈਸ਼ੂ

ਇਨਵੈਸਟਰਜ਼ ਕਾਨਫਰੰਸ
ਆਡਿਓ ਵਿਜ਼ੂਅਲ ਸ਼ੋਅ ਸਹਿਤ

ਮਿਤੀ: ਸੋਮਵਾਰ 30 ਜਨਵਰੀ 1989
ਥਾਂ: ਪਿਕਾਡਲੀ ਹੋਟਲ, ਚੰਡੀਗੜ੍ਹ।
ਸਮਾਂ: 5 ਵਜੇ ਸ਼ਾਮੀਂ

ਸਾਰਿਆਂ ਨੂੰ ਨਿੱਘਾ ਸੱਦਾ
ਈਸ਼ੂ 9 ਫਰਵਰੀ, 1989 ਨੂੰ ਖੁੱਲ੍ਹ ਰਿਹਾ ਹੈ।
ਹੈਲਥ ਕੇਅਰ ਵਿਚ ਉਜਲ ਭਵਿੱਖ ਵਿਚ ਹਿੱਸਾ ਪਾਓ।
ਪ੍ਰੈਸਮੈਨ

100% RETURNING GUARANTEE FOR 22 CARAT GOLD JEWELLERY
TALWAR Jewellers
TALWAR Diamonds
Sec. 22-D, Chandigarh
We have no other branch

★ ਪੰਜਾਬੀ ਟ੍ਰਿਬਿਊਨ

Regd. No. PB/CH-12

ਖੇਡ ਤੇ ਖਿਡਾਰੀ

ਸਾਲ : 11, ਅੰਕ : 167 ਚੰਡੀਗੜ੍ਹ, ਮੰਗਲਵਾਰ, 31 ਜਨਵਰੀ, 1989 ਮੁੱਲ : 90 ਪੈਸੇ

SIGNORA
Kitchen Machine
9 in One

SIGNORA APPLIANCES
HISSAR ROAD, AMBALA CITY

ਰਾਸ਼ਟਰਪਤੀ ਆਰ. ਵੈਂਕਟਰਮਨ (ਖੱਬੇ), ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਸ੍ਰੀਮਤੀ ਸੋਨੀਆ ਗਾਂਧੀ ਸੋਮਵਾਰ ਨੂੰ ਸ਼ਹੀਦੀ ਦਿਵਸ ਦੇ ਮੌਕੇ 'ਤੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਰਾਜਘਾਟ ਵਿਖੇ ਸ਼ਰਧਾਂਜਲੀ ਭੇਟ ਕਰਦੇ ਹੋਏ। (ਫੋਟੋ : ਪੀ. ਟੀ. ਆਈ.)

ਬਿਹਾਰ ਦਾ ਬਜਟ ਪੇਸ਼ ਕੀਤੇ ਜਾਣ ਸਮੇਂ ਕੇਵਲ 60 ਕਾਂਗਰਸੀ ਸਦਨ 'ਚ ਪੁੱਜੇ

ਪਟਨਾ, 30 ਜਨਵਰੀ (ਪੀ. ਟੀ. ਆਈ., ਯੂ. ਐਨ. ਆਈ.) -ਬਿਹਾਰ ਦੇ ਮੁੱਖ ਮੰਤਰੀ ਸ੍ਰੀ ਭਗਵਤ ਝਾਅ ਆਜ਼ਾਦ ਵਲੋਂ ਅੱਜ ਰਾਜ ਵਿਧਾਨ ਸਭਾ ਵਿਚ ਅਗਲੇ ਮਾਲੀ ਸਾਲ ਦਾ ਟੈਕਸ ਰਹਿਤ ਪਰ 145.55 ਕਰੋੜ ਰੁਪਏ ਦੇ ਘਾਟੇ ਦਾ ਬਜਟ ਪੇਸ਼ ਕੀਤਾ ਗਿਆ।

ਬਜਟ ਪੇਸ਼ ਕੀਤੇ ਜਾਣ ਸਮੇਂ ਸਦਨ ਵਿਚ ਕੇਵਲ 60 ਕਾਂਗਰਸੀ ਮੈਂਬਰ ਹੀ ਹਾਜ਼ਰ ਸਨ ਜਦ ਕਿ 324 ਸੀਟਾਂ ਵਾਲੀ ਇਸ ਵਿਧਾਨ ਸਭਾ 'ਚ ਕਾਂਗਰਸ ਦੇ 192 ਮੈਂਬਰ ਹਨ।

ਸ੍ਰੀ ਝਾਅ ਜਿਨ੍ਹਾਂ ਕੋਲ ਵਿਤ ਵਿਭਾਗ ਵੀ ਹੈ ਨੇ ਕੋਈ ਨਵਾਂ ਟੈਕਸ ਲਾਉਣ ਦਾ ਸੁਝਾਉ ਨਹੀਂ ਦਿੱਤਾ।

ਬਜਟ ਅਨੁਸਾਰ 1989-90 ਦੌਰਾਨ 5056.02 ਕਰੋੜ ਰੁਪਏ ਦੀ ਆਮਦਨੀ ਅਤੇ 5201-57 ਕਰੋੜ ਰੁਪਏ ਦਾ ਖਰਚਾ ਵਿਖਾਇਆ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਤੋਂ 29.14 ਕਰੋੜ ਰੁਪਏ ਦੀ ਵੱਧ ਸਹਾਇਤਾ ਪ੍ਰਾਪਤ ਕਰਨ ਅਤੇ ਮਾਰਕੀਟ ਵਿਚੋਂ 20.72 ਕਰੋੜ ਰੁਪਏ ਦੇ ਕਰਜ਼ੇ ਲੈਣ ਨਾਲ ਘਾਟਾ ਕਾਫੀ ਘਟ ਜਾਵੇਗਾ।

ਉਨ੍ਹਾਂ ਕਿਹਾ ਕਿ ਕੋਇਲੇ ਅਤੇ ਲੋਹੇ ਦੀਆਂ ਕੀਮਤਾਂ ਵਿਚ ਹੋਏ ਵਾਧੇ ਪਿੱਛੋਂ ਰਾਜ ਨੂੰ ਵੱਧ ਰਕਮ ਮਿਲਣ ਅਤੇ ਟੈਕਸਾਂ ਦੀ ਵਧੇਰੇ ਵਸੂਲੀ ਕਰ ਕੇ ਘਾਟਾ ਪੂਰਾ ਕਰ ਲਿਆ ਜਾਵੇਗਾ ਅਤੇ ਨਵਾਂ ਟੈਕਸ ਲਾਉਣ ਦੀ ਕੋਈ ਲੋੜ ਨਹੀਂ।

ਇਸ ਤੋਂ ਪਹਿਲਾਂ ਕੇਂਦਰੀ ਨੇਤਾਵਾਂ ਦੇ ਦਖਲ ਦੇਣ ਉਤੇ ਕੁਝ ਨਾਰਾਜ਼ ਕਾਂਗਰਸੀ ਵਿਧਾਇਕ ਸਦਨ ਵਿਚ ਪੁੱਜੇ ਸਨ। ਸਾਬਕਾ ਸਪੀਕਰ ਸ੍ਰੀ ਸ਼ਿਵ ਚੰਦਰ ਝਾਅ ਦੇ ਘਰ ਹੋਈ ਮੀਟਿੰਗ ਵਿਚ ਨਾਰਾਜ਼ ਵਿਧਾਇਕ ਨਵੇਂ ਸਪੀਕਰ ਦੀ ਚੋਣ ਕਰਨ ਅਤੇ ਰਾਜਪਾਲ ਦਾ ਭਾਸ਼ਨ ਪ੍ਰਵਾਨ ਕਰਾਉਣ ਦੇ ਕੰਮ ਵਿਚ ਸਹਿਯੋਗ ਦੇਣ ਲਈ ਸਹਿਮਤ ਹੋ ਗਏ ਸਨ।

ਭਾਵੇਂ ਅਜੇ ਤਕ ਇਹ ਪਤਾ ਨਹੀਂ ਲਗ ਸਕਿਆ ਕਿ ਹਾਈ ਕਮਾਂਡ ਨੇ ਨਾਰਾਜ਼ ਵਿਧਾਇਕਾਂ ਨੂੰ ਕੋਈ ਭਰੋਸਾ ਦਿੱਤਾ ਹੈ ਕਿ ਨਾ ਪਰ ਉਹ ਬੜੇ ਖੁਸ਼ ਖੁਸ਼ ਵਿਖਾਈ ਦੇ ਰਹੇ ਸਨ।

ਬਾਗੀ ਇਸ ਮੰਗ ਉਤੇ ਡਟੇ ਹੋਏ ਵਿਖਾਈ ਦਿੰਦੇ ਹਨ ਕਿ ਸਦਨ ਦੇ ਚਾਲੂ ਸੈਸ਼ਨ ਵਿਚ ਮੁੱਖ ਮੰਤਰੀ ਨੂੰ ਜ਼ਰੂਰ ਬਦਲਿਆ ਜਾਣਾ ਚਾਹੀਦਾ ਹੈ।

ਭਾਗਲਪੁਰ ਵਿਚ ਇਕ ਕਾਲਜੀਏਟ ਕੁੜੀ ਦੀ ਜਬਰੀ ਸ਼ਾਦੀ ਕੀਤੇ ਜਾਣ ਬਾਰੇ ਪੇਸ਼ ਕੀਤਾ ਗਿਆ ਕੰਮ ਰੋਕੂ ਮਤਾ ਡਿਪਟੀ ਸਪੀਕਰ ਵਲੋਂ ਰੱਦ ਕਰ ਦਿੱਤੇ ਜਾਣ ਨਾਲ ਸਦਨ ਵਿਚ ਭਾਰੀ ਸ਼ੋਰ ਸ਼ਰਾਬਾ ਪੈ ਗਿਆ ਅਤੇ ਡਿਪਟੀ ਸਪੀਕਰ ਸ੍ਰੀ ਸ਼ਿਵਾਨੰਦਨ ਪਾਸਵਾਨ ਨੇ ਅਸੈਂਬਲੀ 15 ਮਿੰਟਾਂ ਲਈ ਉਠਾ ਦਿੱਤੀ। ਡਿਪਟੀ ਸਪੀਕਰ ਨੇ ਕਿਹਾ ਕਿ ਇਸ ਸਬੰਧ ਵਿਚ ਧਿਆਨ ਦਿਵਾਊ ਮਤਾ ਪਹਿਲਾਂ ਹੀ ਬਹਿਸ ਲਈ ਪ੍ਰਵਾਨ ਕਰ ਲਿਆ ਗਿਆ ਹੈ। ਇਸ ਲਈ ਕੰਮ ਰੋਕੂ ਮਤਾ ਪ੍ਰਵਾਨ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਵਿਰੋਧੀ ਮੈਂਬਰ ਸਪੀਕਰ ਦੇ ਇਸ ਫੈਸਲੇ ਨਾਲ ਸੰਤੁਸ਼ਟ ਨਾ ਹੋਏ ਅਤੇ ਉਨ੍ਹਾਂ ਨੇ 'ਭ੍ਰਿਸ਼ਟਾਚਾਰੀ ਸਰਕਾਰ' ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਸਰਕਾਰ ਤੋਂ ਫੌਰੀ ਅਸਤੀਫੇ ਦੀ ਮੰਗ ਕੀਤੀ। ਸੀ. ਪੀ. ਆਈ. (ਐਮ.) ਦੇ ਮੈਂਬਰ ਸ੍ਰੀ ਅਜੀਤ ਸਰਦਾਰ ਨੇ ਰਿਪੋਰਟਰਾਂ ਦੇ ਮੇਜ਼ ਉਤੇ ਖੜ੍ਹੇ ਹੋ ਕੇ ਆਪਣਾ ਕੁੜਤਾ ਅਤੇ ਪਜਾਮਾ ਪਾੜ ਦਿੱਤਾ।

ਸ੍ਰੀ ਪਾਸਵਾਨ ਨੇ ਕਈ ਵੇਰ ਦੁਹਰਾਇਆ ਕਿ ਬਜਟ ਸੈਸ਼ਨ ਹੋਣ ਅਤੇ ਰਾਜਪਾਲ ਦੇ ਭਾਸ਼ਨ ਉਤੇ ਬਹਿਸ ਨੂੰ ਧਿਆਨ ਵਿਚ ਰੱਖਦਿਆਂ ਉਹ ਨਿਯਮਾਂ ਹੇਠ ਕੰਮ ਰੋਕੂ ਮਤਾ ਪ੍ਰਵਾਨ ਨਹੀਂ ਕਰ ਸਕਦੇ ਪਰ ਵਿਰੋਧੀ ਆਪਣੀ ਮੰਗ ਉਤੇ ਅੜੇ ਰਹੇ। ਉਨ੍ਹਾਂ ਮੰਗ ਕੀਤੀ ਕਿ ਲੜਕੀ ਦੇ ਅਗਵਾ ਅਤੇ ਜਬਰੀ ਸ਼ਾਦੀ ਦੇ ਕੇਸ ਨਾਲ ਸਬੰਧਤ ਹੋਣ ਕਾਰਨ ਮੁੱਖ ਮੰਤਰੀ ਦੇ ਸਭ ਤੋਂ ਛੋਟੇ ਸਪੁੱਤਰ ਕੀਰਤੀ ਆਜ਼ਾਦ ਨੂੰ ਗ੍ਰਿਫਤਾਰ ਕੀਤਾ ਜਾਵੇ।

ਬਿਹਾਰ ਸੰਕਟ 'ਤੇ ਵਿਚਾਰ ਅੱਜ

ਨਵੀਂ ਦਿੱਲੀ, 30 ਜਨਵਰੀ (ਯੂ. ਐਨ. ਆਈ.) -ਕਾਂਗਰਸ (ਆਈ) ਵਰਕਿੰਗ ਕਮੇਟੀ ਦੀ ਕੱਲ੍ਹ ਹੋਣ ਵਾਲੀ ਮੀਟਿੰਗ ਵਿਚ ਬਿਹਾਰ ਸੰਕਟ ਬਾਰੇ ਵਿਚਾਰ ਮੁੱਖ ਵਿਸ਼ਾ ਹੋਣ ਦੀ ਸੰਭਾਵਨਾ ਹੈ।

ਕੁਝ ਰਾਜਾਂ ਵਿਚ ਨਾਰਾਜ਼ ਵਿਧਾਇਕਾਂ ਵਲੋਂ ਲੀਡਰਸ਼ਿਪ ਵਿਰੁਧ ਵਿਦਰੋਹ ਦੇ ਰੁਝਾਨ 'ਤੇ ਵੀ ਵਰਕਿੰਗ ਕਮੇਟੀ ਵਲੋਂ ਵਿਚਾਰ ਕੀਤੇ ਜਾਣ ਦੀ ਸੰਭਾਵਨਾ ਹੈ। ਮੱਧ ਪ੍ਰਦੇਸ਼ ਵਿਚ ਲੀਡਰਸ਼ਿਪ ਬਦਲੇ ਜਾਣ ਮਗਰੋਂ ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਵਿਚ ਨਾਰਾਜ਼ ਕਾਂਗਰਸੀ ਵਿਸ਼ੇਸ਼ ਤੌਰ 'ਤੇ ਖੁੱਲ੍ਹਮ-ਖੁੱਲ੍ਹਾ ਲੀਡਰਸ਼ਿਪ ਵਿਰੁਧ ਵਿਚਾਰ ਪ੍ਰਗਟ ਕਰ ਰਹੇ ਹਨ।

ਕਾਂਗਰਸ (ਆਈ) ਜਨਰਲ ਸਕੱਤਰ ਕੇਦਾਰ ਨਾਥ ਸਿੰਘ ਨੇ ਦੱਸਿਆ ਕਿ ਵਰਕਿੰਗ ਕਮੇਟੀ 'ਦੇਸ਼ ਦੀ ਸਿਆਸੀ ਸਥਿਤੀ' ਉਪਰ ਵਿਚਾਰ ਕਰੇਗੀ। ਵਰਕਿੰਗ ਕਮੇਟੀ ਵਲੋਂ ਤਾਮਿਲਨਾਡੂ, ਨਾਗਾਲੈਂਡ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਅਤੇ ਤਾਮਿਲਨਾਡੂ ਵਿਚ ਪਾਰਟੀ ਦੀ ਹਾਰ ਦੇ ਕਾਰਨਾਂ ਉਪਰ ਵਿਚਾਰ ਕੀਤੀ ਜਾਵੇਗੀ। ਮੀਟਿੰਗ ਦੀ ਪ੍ਰਧਾਨਗੀ ਸ੍ਰੀ ਰਾਜੀਵ ਗਾਂਧੀ ਕਰਨਗੇ ਅਤੇ ਤਾਮਿਲਨਾਡੂ ਦੇ ਇੰਚਾਰਜ ਜਨਰਲ ਸਕੱਤਰ ਜਗਨ ਨਾਥ ਪਹਾੜੀਆ ਮੀਟਿੰਗ 'ਚ ਤਾਮਿਲਨਾਡੂ ਬਾਰੇ ਆਪਣੀ ਰਿਪੋਰਟ ਪੇਸ਼ ਕਰਨਗੇ।

ਮੱਧ ਪ੍ਰਦੇਸ਼ ਵਜ਼ਾਰਤ 'ਚ ਵਾਧਾ ਅੱਜ

ਭੁਪਾਲ, 30 ਜਨਵਰੀ (ਯੂ. ਐਨ. ਆਈ.) -ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਤੀ ਲਾਲ ਵੋਰਾ ਕੱਲ੍ਹ ਆਪਣੀ ਵਜ਼ਾਰਤ ਵਿਚ ਵਾਧਾ ਕਰਨਗੇ।

ਸਰਹੱਦ 'ਤੇ ਵਾੜ ਲਾਉਣ ਦਾ ਕੰਮ ਮੁੜ ਸ਼ੁਰੂ

ਅੰਮ੍ਰਿਤਸਰ, 30 ਜਨਵਰੀ (ਪੀ. ਟੀ. ਆਈ.) - ਹਿੰਦ-ਪਾਕਿ ਸਰਹੱਦ ਉਤੇ ਵਾੜ ਲਾਉਣ ਦਾ ਕੰਮ ਕਰ ਰਹੇ ਸੀ. ਪੀ. ਡਬਲਿਊ. ਡੀ. ਦੇ ਠੇਕੇਦਾਰਾਂ ਨੇ ਆਪਣਾ ਇਕ ਹਫਤੇ ਤੋਂ ਚੱਲ ਰਿਹਾ ਅੰਦੋਲਨ ਵਾਪਸ ਲੈ ਲਿਆ ਹੈ ਅਤੇ ਕੰਮ ਸ਼ੁਰੂ ਕਰ ਦਿੱਤਾ ਹੈ। ਠੇਕੇਦਾਰਾਂ ਨੇ ਕੰਮ ਆਰੰਭ ਕਰਨ ਦਾ ਫੈਸਲਾ ਬੀ. ਐਸ. ਐਫ. ਅਤੇ ਪੁਲੀਸ ਅਧਿਕਾਰੀਆਂ ਵਲੋਂ ਕੰਮ ਦੀ ਥਾਂ ਉਤੇ ਉਚਿਤ ਸੁਰੱਖਿਆ ਮੁਹੱਈਆ ਕਰਨ ਦਾ ਭਰੋਸਾ ਦਿਵਾਉਣ ਪਿੱਛੋਂ ਕੀਤਾ।

ਕੌਮਾਂਤਰੀ ਸਰਹੱਦ ਤੇ ਪੰਜਾਬ ਅਤੇ ਰਾਜਸਥਾਨ ਵਿਚ ਸਰਹੱਦ ਦੇ ਨਾਲ ਨਾਲ ਕੰਡੇਦਾਰ ਤਾਰ ਲਾਉਣ ਦਾ ਕੰਮ 17 ਜਨਵਰੀ ਤੋਂ ਬੰਦ ਕਰ ਪਿਆ ਸੀ। ਯਾਦ ਰਹੇ ਕਿ ਉਸ ਦਿਨ ਦਹਿਸ਼ਤਪਸੰਦਾਂ ਨੇ ਦੋ ਠੇਕੇਦਾਰਾਂ ਨੂੰ ਅਗਵਾ ਕਰ ਕੇ ਉਨ੍ਹਾਂ ਕੋਲੋਂ 50 ਲੱਖ ਰੁਪਏ ਫਰੌਤੀ ਅਦਾ ਕਰਨ ਦੀ ਮੰਗ ਕੀਤੀ ਸੀ।

ਮਰਿਆਦਾ ਦੇ ਸਵਾਲ 'ਤੇ ਫੈਸਲਾ ਮੁਲਤਵੀ

ਅੰਮ੍ਰਿਤਸਰ, 30 ਜਨਵਰੀ (ਵਿਸ਼ੇਸ਼ ਪ੍ਰਤੀਨਿਧ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੇ ਮਰਿਆਦਾ ਦੇ ਸਵਾਲ ਬਾਰੇ ਫੈਸਲਾ ਮੁਲਤਵੀ ਕਰ ਦਿੱਤਾ ਹੈ।

ਸ੍ਰੀ ਮਨਜੀਤ ਸਿੰਘ ਨੇ ਦੱਸਿਆ ਕਿ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਵਲੋਂ ਲਾਗੂ ਕੀਤੀ ਗਈ ਦਮਦਮੀ ਟਕਸਾਲ ਦੀ ਮਰਿਆਦਾ ਦੇ ਸਵਾਲ ਉਤੇ ਕਾਫੀ ਸਮੇਂ ਤੋਂ ਮੁੜ ਗੌਰ ਕੀਤਾ ਜਾ ਰਿਹਾ ਸੀ ਅਤੇ ਮਰਿਆਦਾ ਬਾਰੇ ਕਤਈ ਫੈਸਲਾ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਅਤੇ ਸਿੱਖ ਵਿਦਵਾਨਾਂ ਦੀ ਸਲਾਹ ਨਾਲ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਇਕ ਜਥੇਬੰਦੀ ਨੂੰ ਮਰਿਆਦਾ ਥੋਪਣ ਦਾ ਅਧਿਕਾਰ ਨਹੀਂ ਹੈ ਅਤੇ ਕਿਸੇ ਵੀ ਮਰਿਆਦਾ ਨੂੰ ਕਿਸੇ ਦਬਾਓ ਹੇਠ ਆ ਕੇ ਲਾਗੂ ਨਹੀਂ ਕੀਤਾ ਜਾਵੇਗਾ ਅਤੇ ਕਮੇਟੀ ਸਿਧਾਂਤਕ ਰੂਪ ਵਿਚ ਇਹ ਪਹਿਲਾਂ ਹੀ ਪ੍ਰਵਾਨ ਕਰ ਚੁੱਕੀ ਹੈ ਕਿ ਭਾਈ ਜਸਬੀਰ ਸਿੰਘ ਵਲੋਂ ਮਰਿਆਦਾ ਵਿਚ ਕੀਤੀ ਗਈ ਤਬਦੀਲੀ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦੀਆਂ ਨਿਯੁਕਤੀਆਂ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਉਤੇ ਛੱਡ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਿੰਧ ਬੈਂਕ ਦੇ ਸਾਬਕਾ ਚੇਅਰਮੈਨ ਸ੍ਰੀ ਇੰਦਰਜੀਤ ਸਿੰਘ ਵਲੋਂ ਤਲਵੰਡੀ ਸਾਬੋ ਵਿਚ ਮੈਡੀਕਲ ਕਾਲਜ ਖੋਲ੍ਹਣ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਚ ਇੰਜੀਨੀਅਰਿੰਗ ਕਾਲਜ ਖੋਲ੍ਹਣ ਦੀਆਂ ਕੋਸ਼ਿਸ਼ਾਂ ਵਿਚ ਕਮੇਟੀ ਵਲੋਂ ਪੂਰੀ ਪੂਰੀ ਸਹਾਇਤਾ ਕੀਤੀ ਜਾਵੇਗੀ ਅਤੇ ਦੋਵਾਂ ਸੰਸਥਾਵਾਂ ਲਈ ਜ਼ਮੀਨ ਦਾ ਪ੍ਰਬੰਧ ਕਰਨ ਲਈ ਕਾਰਜਕਾਰੀ ਪ੍ਰਧਾਨ ਅਤੇ ਉਨ੍ਹਾਂ ਵਲੋਂ ਜਗ੍ਹਾ ਦਾ ਮੁਆਇਨਾ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਗੁਰੂ ਰਾਮਦਾਸ ਹਸਪਤਾਲ ਦੇ ਕੰਮ-ਕਾਜ ਵਿਚ ਸੁਧਾਰ ਲਈ ਵੀ ਕਦਮ ਚੁੱਕੇ ਜਾ ਰਹੇ ਹਨ ਅਤੇ ਕੁਝ ਵੱਡੇ ਡਾਕਟਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।

ਰਾਸ਼ਟਰ ਵਲੋਂ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ

ਨਵੀਂ ਦਿੱਲੀ, 30 ਜਨਵਰੀ (ਯੂ. ਐਨ. ਆਈ.) - ਦੇਸ਼ ਭਰ ਵਿਚ ਅੱਜ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਦੇਸ਼ ਦੇ ਕੋਨੇ ਕੋਨੇ ਵਿਚ ਸ਼ੋਕ ਸਭਾਵਾਂ ਅਤੇ ਹੋਰ ਸਮਾਗਮਾਂ ਦਾ ਆਯੋਜਨ ਕੀਤਾ ਗਿਆ।

ਰਾਸ਼ਟਰਪਤੀ ਆਰ.ਵੈਂਕਟਾਰਮਨ, ਉਪ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਜਘਾਟ ਜਾ ਕੇ ਮਹਾਤਮਾ ਗਾਂਧੀ ਦੀ ਸਮਾਧੀ ਉਤੇ ਫੁੱਲ ਮਾਲਾਵਾਂ ਭੇਟ ਕੀਤੀਆਂ।

ਸੰਨ 1948 ਵਿਚ ਇਸ ਦਿਨ ਬਿਰਲਾ ਸਦਨ ਨੂੰ ਪ੍ਰਾਰਥਨਾ ਲਈ ਜਾਂਦੇ ਸਮੇਂ ਮਹਾਤਮਾ ਗਾਂਧੀ ਨੂੰ ਰਸਤੇ ਵਿਚ ਕਤਲ ਕਰ ਦਿੱਤਾ ਗਿਆ ਸੀ।

ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸਾਰੀਆਂ ਧਾਰਮਿਕ ਪ੍ਰਾਰਥਨਾਵਾਂ ਮੌਕੇ ਹਾਜ਼ਰ ਰਹੇ।

ਅੱਜ ਦਾ ਦਿਨ ਹਿੰਦ ਕੁਸ਼ਟ ਨਿਵਾਰਨ ਸੰਘ ਅਤੇ ਹੋਰ ਸਵੈਮ ਸੇਵੀ ਜਥੇਬੰਦੀਆਂ ਵਲੋਂ 'ਕੋੜ੍ਹ ਦਿਵਸ' ਵਜੋਂ ਮਨਾਇਆ ਗਿਆ।

ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ, ਲੈਫਟੀਨੈਂਟ ਗਵਰਨਰ ਰੋਮੇਸ਼ ਭੰਡਾਰੀ, ਕੇਂਦਰੀ ਮੰਤਰੀਆਂ, ਤਿੰਨਾਂ ਸੈਨਾਵਾਂ ਦੇ ਮੁਖੀਆਂ ਅਤੇ ਪ੍ਰਮੁੱਖ ਸ਼ਹਿਰੀਆਂ ਨੇ ਮਹਾਤਮਾ ਗਾਂਧੀ ਦੀ ਸਮਾਧੀ ਉਤੇ ਜਾ ਕੇ ਉਨ੍ਹਾਂ ਨੂੰ ਅਤੇ ਦੂਸਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ।

ਚੰਡੀਗੜ੍ਹ: ਇਥੇ ਪੰਜਾਬ, ਹਰਿਆਣਾ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੇ ਸ਼ਹੀਦੀ ਦਿਵਸ ਸਾਂਝੇ ਤੌਰ ਉਤੇ ਮਨਾਇਆ। ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਹਿੰਸਾ ਨੂੰ ਛੱਡ ਕੇ, ਮਹਾਤਮਾ ਗਾਂਧੀ ਦੁਆਰਾ ਦਿਖਾਏ ਗਏ ਅਹਿੰਸਾ ਦੇ ਰਸਤੇ ਉਤੇ ਚੱਲਣ।

ਸੋਨੀਪਤ, (ਪ.).ਬ.): ਸ਼ਹੀਦੀ ਦਿਵਸ ਦੇ ਸਬੰਧ ਵਿਚ ਸ਼ਹਿਰ ਅੰਦਰ ਸਮਾਗਮ ਦਾ ਆਯੋਜਨ ਕਰ ਕੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ।

ਫਿਰੋਜ਼ਪੁਰ, (ਪੱਤਰ ਪ੍ਰੇਰਕ): ਸ਼ਹੀਦਾਂ ਦੀ ਯਾਦ ਵਿਚ ਇਥੇ ਵੀ ਵੱਖ ਵੱਖ ਥਾਈਂ ਸਮਾਗਮ ਕੀਤੇ ਗਏ। ਦੋ ਮਿੰਟ ਦਾ ਮੋਨ ਧਾਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਪਟਿਆਲਾ, (ਵਿਸ਼ੇਸ਼ ਪ੍ਰਤੀਨਿਧ): ਅੱਜ ਇਥੇ ਮਾਲ ਰੋਡ ਉਤੇ ਰਾਸ਼ਟਰ ਪਿਤਾ ਦੇ ਬੁੱਤ ਨੂੰ ਹਾਰ ਪਹਿਨਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਆਜ਼ਾਦੀ ਲਈ ਸ਼ਹੀਦ ਹੋਏ ਬਾਕੀ ਪ੍ਰਵਾਨਿਆਂ ਨੂੰ ਵੀ ਯਾਦ ਕੀਤਾ ਗਿਆ।

ਜਲੰਧਰ, (ਵਿਸ਼ੇਸ਼ ਪ੍ਰਤੀਨਿਧ): ਆਜ਼ਾਦੀ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਵਲੋਂ ਦਿਖਾਏ ਗਏ ਰਸਤੇ ਉਤੇ ਚੱਲਣ ਦੀ ਅਪੀਲ ਕੀਤੀ ਗਈ।

ਅੰਮ੍ਰਿਤਸਰ, (ਪੱਤਰ ਪ੍ਰੇਰਕ): ਆਜ਼ਾਦੀ ਦੀ ਲੜਾਈ ਦੇ ਸ਼ਹੀਦਾਂ ਦੀ ਯਾਦ ਵਿਚ ਜਲ੍ਹਿਆਂਵਾਲਾ ਬਾਗ ਵਿਖੇ ਇਕ ਸਮਾਗਮ ਕੀਤਾ ਗਿਆ। (ਬਾਕੀ ਸਫਾ 12 ਕਾਲਮ 1)

ਪੰਜਾਬ ਭਰ ਦੇ ਡਾਕਟਰ 2 ਤੋਂ ਹੜਤਾਲ ਦੇ ਫੈਸਲੇ 'ਤੇ ਬਜ਼ਿਦ

ਚੰਡੀਗੜ੍ਹ, 30 ਜਨਵਰੀ (ਸਟਾਫ ਰਿਪੋਰਟਰ) - ਪੀ. ਸੀ. ਐਮ. ਐਸ. ਐਸੋਸੀਏਸ਼ਨ ਨੇ ਇਹ ਗੱਲ ਮੁੜ ਦੁਹਰਾਈ ਹੈ ਕਿ ਪੰਜਾਬ ਭਰ ਵਿਚ ਹਸਪਤਾਲਾਂ, ਡਿਸਪੈਂਸਰੀਆਂ ਅਤੇ ਹੈਲਥ ਸੈਂਟਰਾਂ ਦੇ ਡਾਕਟਰ 2 ਫਰਵਰੀ ਤੋਂ ਅਣਮਿਥੇ ਸਮੇਂ ਲਈ ਹੜਤਾਲ ਉਤੇ ਜਾ ਰਹੇ ਹਨ।

ਐਸੋਸੀਏਸ਼ਨ ਦੇ ਪ੍ਰਧਾਨ ਡਾ. ਐਮ. ਐਸ. ਰੰਧਾਵਾ ਅਤੇ ਜਾਇੰਟ ਸੈਕਟਰੀ ਡਾ. ਮਨਜੀਤ ਸਿੰਘ ਨੇ ਕਿਹਾ ਹੈ ਕਿ ਜੇਲ੍ਹਾਂ, ਪੁਲੀਸ ਲਾਈਨਾਂ ਅਤੇ ਕਾਰਪੋਰੇਸ਼ਨਾਂ ਦੇ ਡਾਕਟਰ ਵੀ ਹੜਤਾਲ ਉਤੇ ਜਾਣਗੇ। ਕੋਈ ਵੀ ਮੈਡੀਕੋ ਲੀਗਲ ਕੇਸ, ਪੋਸਟ ਮਾਰਟਮ ਜਾਂ ਵਿਸ਼ੇਸ਼ ਵਿਅਕਤੀਆਂ ਲਈ ਡਾਕਟਰ ਡਿਊਟੀ ਨਹੀਂ ਨਿਭਾਉਣਗੇ। ਇਸ ਸਬੰਧੀ ਐਸ. ਐਸ. ਪੀਜ਼. ਅਤੇ ਜੇਲ੍ਹ ਸੁਪਰਡੈਂਟਾਂ ਨੂੰ ਜਾਣਕਾਰੀ ਭੇਜੀ ਜਾ ਚੁੱਕੀ ਹੈ। ਕੋਈ ਡਾਕਟਰ ਗਵਾਹੀ ਲਈ ਹੜਤਾਲ ਦੌਰਾਨ ਅਦਾਲਤ ਵਿਚ ਪੇਸ਼ ਨਹੀਂ ਹੋਵੇਗਾ। ਇਸ ਬਾਰੇ ਅਦਾਲਤਾਂ ਨੂੰ ਬੇਨਤੀ ਭੇਜੀ ਜਾ ਚੁੱਕੀ ਹੈ।

ਡਾਕਟਰਾਂ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਇਹ ਸਮਝਦੀ ਹੈ ਕਿ ਹੜਤਾਲ ਕਾਰਨ ਆਮ ਲੋਕਾਂ ਨੂੰ ਮੁਸ਼ਕਲ ਪੇਸ਼ ਆਵੇਗੀ ਪ੍ਰੰਤੂ ਇਸ ਲਈ ਸਰਕਾਰ ਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਸਰਕਾਰ ਦੇ ਲਗਾਤਾਰ ਮਾੜੇ ਵਤੀਰੇ ਕਾਰਨ ਡਾਕਟਰ ਹੜਤਾਲ ਵਰਗਾ ਕਦਮ ਚੁੱਕਣ ਲਈ ਮਜਬੂਰ ਹੋਏ ਹਨ। ਸਰਕਾਰ ਡਾਕਟਰਾਂ ਦੀਆਂ ਮੰਗਾਂ ਨੂੰ ਸਹੀ ਮੰਨਦੀ ਹੋਈ ਵੀ ਕੁਝ ਦੇਣ ਨੂੰ ਤਿਆਰ ਨਹੀਂ ਹੈ। ਐਡਹਾਕ ਡਾਕਟਰ ਵੀ ਹੜਤਾਲ ਉਤੇ ਜਾਣਗੇ। ਐਡਹਾਕ ਡਾਕਟਰਾਂ ਨੂੰ ਪਿਛਲੇ 6 ਤੋਂ 8 ਮਹੀਨਿਆਂ ਤਕ ਤਨਖਾਹ ਹੀ ਨਹੀਂ ਮਿਲੀ ਹੈ। ਡਾਕਟਰ ਸਮਾਂ-ਬੱਧ ਤਰੱਕੀਆਂ, ਕੇਂਦਰੀ ਪੈਟਰਨ ਉਤੇ ਪੰਜ, 12 ਅਤੇ 16 ਸਾਲ ਬਾਅਦ ਤਰੱਕੀ, 600 ਰੁਪਏ ਪੇਂਡੂ ਭੱਤਾ ਅਤੇ ਕਈ ਹੋਰ ਅਹਿਮ ਮੰਗਾਂ ਨੂੰ ਲੈ ਕੇ ਲੜ ਰਹੇ ਹਨ।

ਮਿਜ਼ੋਰਮ ਵਿਧਾਨ ਸਭਾ 'ਚੋਂ ਵਾਕਆਊਟ

ਐਜ਼ੌਲ, 30 ਜਨਵਰੀ (ਯੂ. ਐਨ. ਆਈ.) - ਅੱਜ ਮਿਜ਼ੋਰਮ ਵਿਧਾਨ ਸਭਾ ਦਾ ਸਮਾਗਮ ਸ਼ੁਰੂ ਹੋਣ ਪਿੱਛੋਂ ਵਿਰੋਧੀ ਧਿਰ ਦੇ ਸਾਰੇ ਮੈਂਬਰ ਸਦਨ ਵਿਚੋਂ ਵਾਕਆਊਟ ਕਰ ਗਏ।

ਪ੍ਰੋਟਮ ਸਪੀਕਰ ਵਲੋਂ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਏ ਜਾਣ ਪਿੱਛੋਂ ਵਿਰੋਧੀ ਮੈਂਬਰ ਚੋਣਾਂ ਵਿਚ ਹੇਰਾਫੇਰੀ ਹੋਣ ਦੇ ਦੋਸ਼ ਲਾਉਂਦੇ ਹੋਏ ਸਦਨ ਵਿਚੋਂ ਵਾਕਆਊਟ ਕਰ ਗਏ।

ਲੁਧਿਆਣਾ ਸਪਲੀਮੈਂਟ

ਲੁਧਿਆਣਾ ਬਾਰੇ ਵਿਸ਼ੇਸ਼ ਸਪਲੀਮੈਂਟ ਦਾ ਤੀਜਾ ਅਤੇ ਅੰਤਿਮ ਭਾਗ ਅੰਦਰ ਸਫਾ 7, 8, 9, 10 ਤੇ 11 ਉਤੇ ਪੜ੍ਹੋ। ਇਹ ਭਾਗ ਹੌਜ਼ਰੀ ਤੇ ਸਿਲਾਈ ਮਸ਼ੀਨ ਸਨਅਤ 'ਤੇ ਕੇਂਦ੍ਰਿਤ ਹੈ।

ਗੁਰਦੇਵ ਸਿੰਘ ਬਾਦਲ ਦੀ ਨਜ਼ਰਬੰਦੀ ਰੱਦ

ਚੰਡੀਗੜ੍ਹ, 30 ਜਨਵਰੀ (ਯੂ. ਐਨ. ਆਈ.) - ਪੰਜਾਬ ਸਰਕਾਰ ਨੇ ਸੰਯੁਕਤ ਅਕਾਲੀ ਦਲ ਦੇ ਨੇਤਾ ਸ੍ਰੀ ਗੁਰਦੇਵ ਸਿੰਘ ਬਾਦਲ ਦੀ ਨਜ਼ਰਬੰਦੀ ਦੇ ਆਦੇਸ਼ ਰੱਦ ਕਰ ਦਿੱਤੇ ਹਨ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਨਜ਼ਰਬੰਦੀ ਸ੍ਰੀ ਬਾਦਲ ਦੀ ਖਰਾਬ ਸਿਹਤ ਕਾਰਨ ਰੱਦ ਕੀਤੀ ਗਈ ਹੈ।

ਸ੍ਰੀ ਬਾਦਲ ਨੂੰ 28 ਮਈ ਨੂੰ ਕੌਮੀ ਸੁਰੱਖਿਆ ਐਕਟ ਹੇਠ ਨਜ਼ਰਬੰਦ ਕੀਤਾ ਗਿਆ ਸੀ।

ਪੰਜਾਬ ਵਿਚ ਬਿਜਲੀ ਦਰਾਂ 'ਚ ਵਾਧਾ ਛੋਟੀ-ਖੇਤੀਬਾੜੀ ਸੈਕਟਰ ਨੂੰ ਛੋਟ

ਚੰਡੀਗੜ੍ਹ, 30 ਜਨਵਰੀ (ਜਗਤਾਰ ਸਿੰਘ ਸਿੱਧੂ) -ਪੰਜਾਬ ਰਾਜ ਬਿਜਲੀ ਬੋਰਡ ਨੇ ਰਾਜ ਵਿਚ ਸਨਅਤੀ ਅਤੇ ਘਰੇਲੂ ਬਿਜਲੀ ਦੀਆਂ ਦਰਾਂ ਵਿਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ ਪ੍ਰੰਤੂ ਖੇਤੀਬਾੜੀ ਸੈਕਟਰ ਨੂੰ ਨਹੀਂ ਛੇੜਿਆ ਜਾ ਰਿਹਾ ਹੈ।

ਬੋਰਡ ਦੇ ਚੇਅਰਮੈਨ ਐਨ. ਐਸ. ਵਸੰਤ ਨੇ ਕਿਹਾ ਹੈ ਕਿ ਮਜਬੂਰੀ ਵੱਸ ਬੋਰਡ ਨੂੰ ਬਿਜਲੀ ਦਰਾਂ ਵਿਚ ਵਾਧਾ ਕਰਨਾ ਪੈ ਰਿਹਾ ਹੈ।

ਸ੍ਰੀ ਵਸੰਤ ਨੇ ਕੱਲ੍ਹ ਸ਼ਾਮੀਂ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਪਸ਼ਟ ਤੌਰ ਉਤੇ ਕਿਹਾ ਕਿ ਕੌਮੀ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਖੇਤੀ ਸੈਕਟਰ ਅੰਦਰ ਬਿਜਲੀ ਦਰਾਂ ਵਿਚ ਵਾਧਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਸਨਅਤੀ ਅਤੇ ਘਰੇਲੂ ਖਪਤ ਦੀਆਂ ਬਿਜਲੀ ਦਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਪ੍ਰੰਤੂ ਜਿਹੜੇ ਪਰਿਵਾਰ ਦੀ ਪ੍ਰਤੀ ਮਹੀਨਾ 25 ਯੂਨਿਟ ਖਪਤ ਹੈ ਉਨ੍ਹਾਂ ਉਪਰ ਨਵੀਆਂ ਦਰਾਂ ਲਾਗੂ ਨਹੀਂ ਹੋਣਗੀਆਂ।

ਚੇਅਰਮੈਨ ਨੇ ਇਸ ਗੱਲ ਉਤੇ ਵੀ ਜ਼ੋਰ ਦਿੱਤਾ ਕਿ ਬੇਸ਼ੱਕ ਬਿਜਲੀ ਦਰਾਂ ਵਿਚ ਵਾਧਾ ਕੀਤਾ ਜਾਵੇਗਾ ਪ੍ਰੰਤੂ ਗੁਆਂਢੀ ਰਾਜ ਹਰਿਆਣਾ ਨਾਲੋਂ ਇਹ ਦਰ ਫਿਰ ਵੀ ਘੱਟ ਹੀ ਰਹੇਗੀ। ਬਿਜਲੀ ਬੋਰਡ ਨੂੰ ਸਾਲਾਨਾ 500 ਕਰੋੜ ਰੁਪਏ ਦਾ ਘਾਟਾ ਪੈ ਰਿਹਾ ਹੈ। ਜੇਕਰ ਬਿਜਲੀ ਦਰਾਂ ਵਿਚ ਵਾਧਾ ਹਰਿਆਣਾ ਦੇ ਬਰਾਬਰ ਕਰ ਦਿੱਤਾ ਜਾਵੇ ਤਾਂ ਬੋਰਡ ਨੂੰ ਇਸ ਨਾਲ ਹੋਰ 250 ਕਰੋੜ ਰੁਪਏ ਦੀ ਆਮਦਨ ਹੋ ਸਕਦੀ ਹੈ। ਪੰਜਾਬ ਸਰਕਾਰ ਅਤੇ ਬੋਰਡ ਵਲੋਂ ਪਿਛਲੇ ਦੋ ਸਾਲ ਤੋਂ ਬਿਜਲੀ ਦਰਾਂ

(ਬਾਕੀ ਸਫਾ 12 ਕਾਲਮ 4)

ਨਾਭਾ ਸਪਲੀਮੈਂਟ

ਇਤਿਹਾਸਕ ਨਗਰ ਨਾਭਾ ਬਾਰੇ "ਪੰਜਾਬੀ ਟ੍ਰਿਬਿਊਨ" ਦੇ ਵਿਸ਼ੇਸ਼ ਸਪਲੀਮੈਂਟ ਦੀ ਤੀਜੀ ਕਿਸ਼ਤ ਜਲਦੀ ਹੀ ਪ੍ਰਕਾਸ਼ਤ ਹੋ ਰਹੀ ਹੈ। ਇਸ਼ਤਿਹਾਰ ਦੇਣ ਵਾਲੇ ਸੱਜਣ ਸਾਡੇ ਨਾਭਾ ਸਬ-ਡਿਵੀਜ਼ਨ ਦੇ ਪੱਤਰਕਾਰ ਸ੍ਰੀ ਭੂਸ਼ਨ ਸੂਦ ਮਾਰਫਤ ਰੋਸ਼ਨ ਟਾਈਪ ਕਾਲਜ, ਕਿਲਾ ਰੋਡ, ਅਮਲੋਹ। ਫੋਨ : ਨੰਬਰ 2 ਨਾਲ ਸੰਪਰਕ ਕਰਨ।

ਦਿੱਲੀ ਦੀ 620 ਕਰੋੜ ਦੀ ਯੋਜਨਾ ਪ੍ਰਵਾਨ

ਨਵੀਂ ਦਿੱਲੀ, 30 ਜਨਵਰੀ (ਯੂ. ਐਨ. ਆਈ.) - ਯੋਜਨਾ ਕਮਿਸ਼ਨ ਨੇ 1989-90 ਦੇ ਵਰ੍ਹੇ ਲਈ ਦਿੱਲੀ ਲਈ 620 ਕਰੋੜ ਰੁਪਏ ਦੀ ਯੋਜਨਾ ਪ੍ਰਵਾਨ ਕੀਤੀ ਹੈ ਜੋ ਕਿ ਚਾਲੂ ਮਾਲੀ ਸਾਲ ਦੀ ਯੋਜਨਾ ਤੋਂ 16% ਵਧੇਰੇ ਹੈ। ਦਿੱਲੀ ਦੀ ਚਾਲੂ ਸਾਲ ਦੀ ਯੋਜਨਾ 534 ਕਰੋੜ ਦੀ ਹੈ। ਇਸ ਵਿਚ ਰਾਜ ਵਿਚ ਦੋ ਬਿਜਲੀ ਪ੍ਰਾਜੈਕਟਾਂ ਲਈ 24 ਕਰੋੜ ਰੁਪਏ ਦੀ ਰਕਮ ਵੀ ਸ਼ਾਮਲ ਹੈ।

ਪੰਚਨ ਲਾਮਾ ਦੀ ਮੌਤ ਉਤੇ ਰੋਸ ਪ੍ਰਗਟਾਉਂਦੇ 24 ਤਿਬਤੀ ਗ੍ਰਿਫਤਾਰ

ਨਵੀਂ ਦਿੱਲੀ, 30 ਜਨਵਰੀ (ਯੂ. ਐਨ. ਆਈ.) - ਤਿਬਤ ਦੇ ਧਾਰਮਿਕ ਨੇਤਾ ਪੰਚਨ ਲਾਮਾ ਦੀ ਚੀਨ ਵਿਚ ਹੋਈ ਮੌਤ ਵਿਰੁਧ ਰੋਸ ਪ੍ਰਗਟ ਕਰਨ ਲਈ ਅੱਜ ਇਥੇ ਚੀਨ ਦੇ ਦੂਤਘਰ ਨੂੰ ਘੇਰਨ ਦੀ ਕੋਸ਼ਿਸ਼ ਕਰਨ ਵਾਲੇ ਤਿਬਤੀ ਸ਼ਰਨਾਰਥੀਆਂ ਵਿਚੋਂ 24 ਵਿਖਾਵਾਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਚੀਨ ਸਰਕਾਰ ਨੇ ਪੰਚਨ ਲਾਮਾ ਦੀ ਮੌਤ ਹੋਣ ਬਾਰੇ ਕੱਲ੍ਹ ਐਲਾਨ ਕੀਤਾ ਸੀ।

ਇਹ ਵਿਖਾਵਾਕਾਰੀ, ਜੋ ਕਿ ਬੋਤਲਾਂ, ਮਿੱਟੀ ਦੇ ਤੇਲ ਦੇ ਟੀਨਾਂ ਅਤੇ ਲਾਠੀਆਂ ਨਾਲ ਲੈਸ ਸਨ, ਚੀਨ ਵਿਰੁਧ ਨਾਅਰੇ ਲਾ ਰਹੇ ਸਨ ਅਤੇ ਚੀਨ ਸਰਕਾਰ ਉਤੇ ਧਾਰਮਿਕ ਨੇਤਾ ਦੀ ਹੱਤਿਆ ਕਰਨ ਦਾ ਦੋਸ਼ ਲਾ ਰਹੇ ਸਨ।

ਪੁਲੀਸ ਅਨੁਸਾਰ ਇਹ ਵਿਖਾਵਾਕਾਰੀ ਦਿਨ ਚੜ੍ਹਨ ਤੋਂ ਪਹਿਲਾਂ ਟੈਕਸੀਆਂ ਰਾਹੀਂ ਪੁੱਜੇ ਸਨ ਅਤੇ ਇਨ੍ਹਾਂ ਨੂੰ ਧਾਰਾ 107/151 ਹੇਠ ਗ੍ਰਿਫਤਾਰ ਕੀਤਾ ਗਿਆ ਹੈ।

ਪੁਲੀਸ ਨੂੰ ਇਸ ਵਿਖਾਵੇ ਬਾਰੇ ਪਹਿਲਾਂ ਹੀ ਭਿਣਕ ਪੈ ਗਈ ਸੀ ਅਤੇ ਉਸ ਵਲੋਂ ਸਾਰੇ ਸੁਰੱਖਿਆ ਪ੍ਰਬੰਧ ਕਰ ਲਏ ਗਏ ਸਨ।

ਤਿਬਤੀਆਂ ਦੇ ਧਾਰਮਿਕ ਨੇਤਾ ਦਲਾਈ ਲਾਮਾ ਨੇ ਵੀ ਪੰਚਨ ਲਾਮਾ ਦੀ ਮੌਤ ਨੂੰ ਤਿਬਤੀ ਭਾਈਚਾਰੇ ਲਈ ਇਕ ਵੱਡਾ ਧੱਕਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਪੰਚਨ ਲਾਮਾ ਨੇ ਸੰਕਟ ਦੇ ਸਮੇਂ ਤਿਬਤੀ ਭਾਈਚਾਰੇ ਲਈ ਡਟਵੀਂ ਲੜਾਈ ਲੜੀ ਸੀ ਅਤੇ ਉਹ ਦਰਅਸਲ ਇਕ ਸੁਤੰਤਰਤਾ ਸੰਗਰਾਮੀ ਸਨ।

ਅਕਾਲੀ ਆਗੂ ਸਮੇਤ ਛੇ ਹਲਾਕ

ਚੰਡੀਗੜ੍ਹ, 30 ਜਨਵਰੀ (ਪੰਜਾਬੀ ਟ੍ਰਿਬਿਊਨ ਬਿਊਰੋ, ਯੂ. ਐਨ. ਆਈ.; ਪੀ. ਟੀ. ਆਈ.) -ਦਹਿਸ਼ਤਗਰਦਾਂ ਨੇ ਅੱਜ ਸਵੇਰੇ ਸੰਯੁਕਤ ਅਕਾਲੀ ਦਲ (ਬਾਬਾ ਧੜਾ) ਦੇ ਇਕ ਆਗੂ ਦੀ ਹੁਸ਼ਿਆਰਪੁਰ ਜ਼ਿਲੇ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਪੰਜਾਬ ਵਿਚ ਹੋਰਨੀਂ ਥਾਈਂ ਤਿੰਨ ਘੁਸਪੈਠੀਆਂ ਸਮੇਤ ਹੋਰ ਪੰਜ ਜਣੇ ਮਾਰੇ ਗਏ ਅਤੇ ਇਕ ਰੇਲਵੇ ਲਾਈਨ ਨੂੰ ਉਡਾਉਣ ਦੀ ਕੋਸ਼ਿਸ਼ ਸੁਰੱਖਿਆ ਦਸਤਿਆਂ ਨੇ ਨਾਕਾਮ ਬਣਾ ਦਿੱਤੀ।

ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਕੰਵਰਪਾਲ ਸਿੰਘ ਗਿੱਲ ਨੇ ਦੱਸਿਆ ਕਿ ਦੋ ਸਕੂਟਰ ਸਵਾਰ ਦਹਿਸ਼ਤਗਰਦਾਂ ਨੇ ਨਵਾਂ ਸ਼ਹਿਰ-ਚੰਡੀਗੜ੍ਹ ਸੜਕ ਉਪਰ ਪੈਂਦੇ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਮਹਿਤਪੁਰ -ਉਲੱਦਣੀ ਵਿਖੇ ਸੰਯੁਕਤ ਅਕਾਲੀ ਦਲ (ਬਾਬਾ ਗਰੁੱਪ) ਦੀ ਹੁਸ਼ਿਆਰਪੁਰ ਜ਼ਿਲਾ ਇਕਾਈ ਦੇ ਮੀਤ ਪ੍ਰਧਾਨ ਗਿਆਨ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। (ਯੂ. ਐਨ. ਆਈ. ਦਾ ਕਹਿਣਾ ਹੈ ਕਿ ਗਿਆਨ ਸਿੰਘ ਦਾ ਸਬੰਧ ਤਲਵੰਡੀ ਧੜੇ ਨਾਲ ਸੀ।)

ਗਿਆਨ ਸਿੰਘ ਆਪਣੇ ਸਕੂਟਰ 'ਤੇ ਬਲਾਚੌਰ ਜਾ ਰਿਹਾ ਸੀ ਕਿ ਦੋ ਸਕੂਟਰ ਸਵਾਰ ਦਹਿਸ਼ਤਗਰਦਾਂ ਨੇ ਉਸ ਨੂੰ ਘੇਰ ਕੇ ਗੋਲੀ ਮਾਰ ਦਿੱਤੀ। ਦਹਿਸ਼ਤਗਰਦ ਜਾਂਦੇ ਹੋਏ ਗਿਆਨ ਸਿੰਘ ਦਾ ਸਕੂਟਰ ਵੀ ਲੈ ਗਏ।

ਸ੍ਰੀ ਗਿੱਲ ਨੇ ਦੱਸਿਆ ਕਿ ਗਿਆਨ ਸਿੰਘ ਨੂੰ ਦਹਿਸ਼ਤਵਾਦੀ ਸਰਗਰਮੀਆਂ ਨਾਲ ਜੁੜੇ ਹੋਣ ਦੇ ਸ਼ੱਕ ਵਿਚ ਕਈ ਵੇਰ ਫੜਿਆ ਗਿਆ ਸੀ।

ਜਲੰਧਰ ਤੋਂ ਵਿਸ਼ੇਸ਼ ਪ੍ਰਤੀਨਿਧ ਧੀਰੇਂਦਰ ਨਾਥ ਚਤੁਰਵੇਦੀ ਅਨੁਸਾਰ ਗਿਆਨ ਸਿੰਘ ਦਾ ਭਰਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕਾਰਕੁਨ ਸੀ ਅਤੇ ਕੁਝ ਮਹੀਨੇ ਪਹਿਲਾਂ ਉਸ ਦੀ ਦਹਿਸ਼ਤਗਰਦਾਂ ਨੇ ਹੱਤਿਆ ਕਰ ਦਿੱਤੀ ਸੀ। ਇਸ ਪਿੱਛੋਂ ਗਿਆਨ ਸਿੰਘ ਨੇ ਵੀ ਦਹਿਸ਼ਤਪਸੰਦਾਂ ਨਾਲੋਂ ਨਾਤਾ ਤੋੜ ਲਿਆ।

ਅੰਮ੍ਰਿਤਸਰ, (ਪ. ਟ. ਬ.) -ਸੀਮਾ ਸੁਰੱਖਿਆ ਦਲ ਵਲੋਂ ਖਾਲੜਾ ਸੈਕਟਰ ਵਿਚ ਗੈਰਕਾਨੂੰਨੀ ਤੌਰ 'ਤੇ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰ ਰਹੇ ਕੁਝ ਲੋਕਾਂ ਉਪਰ ਗੋਲੀ ਚਲਾਈ ਗਈ ਜਿਸ ਨਾਲ ਦੋ ਜਣੇ ਮਾਰੇ ਗਏ। ਬੀ. ਐਸ. ਐਫ. ਦੇ ਸੂਤਰਾਂ ਅਨੁਸਾਰ ਬਾਕੀ ਜਣੇ ਪਾਕਿਸਤਾਨ ਵੱਲ ਬਚ ਨਿਕਲਣ ਵਿਚ ਸਫਲ ਹੋ ਗਏ। ਮਰਨ ਵਾਲਿਆਂ ਦੀ ਪਹਿਚਾਣ ਨਹੀਂ ਹੋ ਸਕੀ ਪ੍ਰੰਤੂ ਖਿਆਲ ਕੀਤਾ ਜਾਂਦਾ ਹੈ ਕਿ ਇਹ ਬੰਗਲਾਦੇਸ਼ੀ ਹਨ।

ਅੰਮ੍ਰਿਤਸਰ ਦੇ ਹੀ ਤਰਨਤਾਰਨ ਪੁਲੀਸ ਜ਼ਿਲੇ ਵਿਚ ਸੁਰਵਿੰਡ ਪਿੰਡ ਵਿਖੇ ਇਕ ਗੋਲੀਆਂ ਵਿੰਨੀ ਲਾਸ਼ ਮਿਲੀ ਹੈ। ਖਾਲਿਸਤਾਨ ਕਮਾਂਡੋ ਫੋਰਸ ਨੇ ਇਸ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ।

ਇਸੇ ਜ਼ਿਲੇ ਦੇ ਮਜੀਠਾ ਪੁਲੀਸ ਜ਼ਿਲੇ ਵਿਚ ਦਹਿਸ਼ਤਗਰਦਾਂ ਨੇ ਪਿੰਡ ਸੁਧਾਰ ਵਿਖੇ ਬਲਦੇਵ ਸਿੰਘ ਦੀ ਹੱਤਿਆ ਕਰ ਦਿੱਤੀ। ਇਸ ਨੂੰ ਪਹਿਲਾਂ ਦਹਿਸ਼ਤਗਰਦਾਂ ਨੇ ਅਗਵਾ ਕਰ ਲਿਆ ਤੇ ਫਿਰ ਪਿੰਡੋਂ ਬਾਹਰ ਲਿਜਾ ਕੇ ਗੋਲੀ ਮਾਰ ਦਿੱਤੀ। (ਬਾਕੀ ਸਫਾ 12 ਕਾਲਮ 8)

ਬੱਸ-ਟਰੱਕ ਦੀ ਟੱਕਰ ਵਿਚ 25 ਫੱਟੜ

ਸੋਨੀਪਤ, 30 ਜਨਵਰੀ, (ਪ. ਟ. ਬ.) - ਇਥੋਂ 35 ਕਿਲੋਮੀਟਰ ਦੂਰ ਗੋਹਾਣਾ ਨੇੜੇ ਕੱਲ੍ਹ ਇਕ ਬੱਸ ਅਤੇ ਟਰੱਕ ਦੀ ਟੱਕਰ ਹੋਣ ਕਾਰਨ ਘੱਟੋ ਘੱਟ 25 ਮੁਸਾਫਰ ਫੱਟੜ ਹੋ ਗਏ। ਇਹ ਬੱਸ ਗੋਹਾਣਾ ਤੋਂ ਖਰਖੌਦਾ ਜਾ ਰਹੀ ਸੀ ਜਦ ਕਿ ਟਰੱਕ ਗੋਹਾਣਾ ਨੂੰ ਆ ਰਿਹਾ ਸੀ।

ਬੱਸ ਡਰਾਈਵਰ ਵਲੋਂ ਵਿਖਾਈ ਗਈ ਫੁਰਤੀ ਕਾਰਨ ਬੱਸ ਮੁਸਾਫਰਾਂ ਨੂੰ ਵਧੇਰੇ ਨੁਕਸਾਨ ਪੁੱਜਣ ਤੋਂ ਬਚਾਓ ਹੋ ਗਿਆ।

ਸਿਵਾਣਾ ਮਾਲ ਪਿੰਡ ਵਿਚ ਬਿਜਲੀ ਠੀਕ ਕਰਦੇ ਸਮੇਂ ਕਰੰਟ ਲਗਣ ਨਾਲ ਇਕ ਲਾਈਨਮੈਨ ਦੀ ਮੌਤ ਹੋ ਗਈ। ਉਸ ਦੀ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ ਗਈ ਹੈ।

ਪੰਜਾਬ ਬਾਰੇ ਸਰਬ ਪਾਰਟੀ ਮੀਟਿੰਗ ਦੀ ਯੋਜਨਾ ਖਟਾਈ 'ਚ

ਚੰਡੀਗੜ੍ਹ, 30 ਜਨਵਰੀ, (ਪੰਜਾਬੀ ਟ੍ਰਿਬਿਊਨ ਬਿਊਰੋ) - ਦੇਸ਼ ਵਿਚ ਸਿਆਸੀ ਅਸਥਿਰਤਾ ਅਤੇ ਹੁਕਮਰਾਨ ਕਾਂਗਰਸ (ਆਈ) ਵਿਚ ਬਾਗੀਆਨਾ ਸਰਗਰਮੀਆਂ ਵਿਚਲੇ ਅਚਨਚੇਤੀ ਵਾਧੇ ਕਾਰਨ ਪੰਜਾਬ ਬਾਰੇ ਸਰਬ ਪਾਰਟੀ ਦੀ ਯੋਜਨਾ ਖਟਾਈ ਵਿਚ ਪੈ ਗਈ ਜਾਪਦੀ ਹੈ।

ਅੰਗਰੇਜ਼ੀ ਰੋਜ਼ਾਨਾ "ਹਿੰਦੂ" ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਨੁਸਾਰ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ (ਆਈ) ਦੀ ਲੱਕ-ਤੋੜਵੀਂ ਹਾਰ ਅਤੇ ਕਾਂਗਰਸ ਦੀ ਹਕੂਮਤ ਵਾਲੇ ਸੂਬਿਆਂ-ਮੱਧ ਪ੍ਰਦੇਸ਼, ਬਿਹਾਰ, ਗੁਜਰਾਤ ਤੇ ਰਾਜਸਥਾਨ ਵਿਚ ਪਾਰਟੀ ਦੇ ਧੜਿਆਂ ਵਲੋਂ ਸੂਬਾਈ ਲੀਡਰਸ਼ਿਪ ਦੇ ਖਿਲਾਫ ਖੁੱਲ੍ਹੇਆਮ ਬਗਾਵਤ ਨੇ ਪ੍ਰਧਾਨ ਮੰਤਰੀ ਦੀ ਸਥਿਤੀ ਤੇ ਸਾਖ ਨੂੰ ਕਮਜ਼ੋਰ ਕਰ ਦਿੱਤਾ ਹੈ ਅਤੇ ਉਨ੍ਹਾਂ ਵਲੋਂ ਪੰਜਾਬ ਦੇ ਸਵਾਲ 'ਤੇ ਵਿਰੋਧੀ ਧਿਰ ਨੂੰ ਆਪਣੇ ਨਾਲ ਲੈ ਕੇ ਚੱਲਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹੋ ਗਈਆਂ ਹਨ।

ਅਖਬਾਰ ਅਨੁਸਾਰ ਪੰਜਾਬ ਬਾਰੇ ਸਰਬ ਪਾਰਟੀ ਮੀਟਿੰਗ ਨਿਕਟ ਭਵਿੱਖ ਵਿਚ ਹੋਣ ਦੀ ਫਿਲਹਾਲ ਕੋਈ ਸੰਭਾਵਨਾ ਨਹੀਂ। ਜੇਕਰ ਅਜਿਹੀ ਮੀਟਿੰਗ ਹੁੰਦੀ ਵੀ ਹੈ ਤਾਂ ਉਸ ਵਿਚ ਹਾਕਮ ਪਾਰਟੀ ਤੇ ਵਿਰੋਧੀ ਦਲਾਂ ਵਿਚਾਲੇ ਕੋਈ ਸਹਿਮਤੀ ਹੋਣਾ ਸੰਭਵ ਨਹੀਂ ਜਾਪਦਾ ਹੈ ਉਂਜ ਵੀ ਕਾਂਗਰਸ ਤੇ ਵਿਰੋਧੀ ਦਲਾਂ ਵਿਚ ਪਾੜਾ ਇਸ ਹੱਦ ਤਕ ਵਧ ਚੁੱਕਾ ਹੈ ਕਿ ਦੋਵਾਂ ਵਲੋਂ ਇਕ-ਦੂਜੇ ਨਾਲ ਜੁੜ ਬੈਠਣਾ ਵੀ ਔਖਾ ਜਾਪਦਾ ਹੈ।

ਪੰਜਾਬ ਬਾਰੇ ਸਰਬ ਪਾਰਟੀ ਮੀਟਿੰਗ ਸੱਦਣ ਦਾ ਭਰੋਸਾ ਤਿੰਨ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਆਪਣੀਆਂ ਪੰਜਾਬ ਫੇਰੀਆਂ ਦੌਰਾਨ ਦਿੱਤਾ ਸੀ। ਮੀਟਿੰਗ ਸੱਦਣ ਦੀ ਤਜਵੀਜ਼ ਦਾ ਮਕਸਦ ਪੰਜਾਬ ਮਸਲੇ ਦੇ ਸਿਆਸੀ ਹੱਲ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ ਸੀ।

ਮੁਹਿੰਮ ਸ਼ੁਰੂ ਨਾ ਹੋਈ: ਇਕ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਤੇ ਦੋਹਾਂ ਕਮਿਊਨਿਸਟ ਪਾਰਟੀਆਂ ਵਲੋਂ ਦਹਿਸ਼ਤਗਰਦੀ ਦੇ ਖਿਲਾਫ ਸਾਂਝੀ ਮੁਹਿੰਮ ਸ਼ੁਰੂ ਕਰਨ ਦੀ ਤਜਵੀਜ਼ 'ਤੇ ਵੀ ਗੌਰ ਕੀਤਾ ਗਿਆ ਪਰ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਇਸ ਦਿਸ਼ਾ ਵਿਚ ਵੀ ਅਗਲੇਰੀ ਕਾਰਵਾਈ ਕਰਨ ਵਿਚ ਨਾਕਾਮ ਰਹੀ। ਇਸ ਨਾਕਾਮੀ ਦੀ ਇਕ ਵਜ੍ਹਾ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਵਿਚ ਅਜਿਹੀ ਕਿਸੇ ਮੁਹਿੰਮ ਲਈ ਇੱਛਾ-ਸ਼ਕਤੀ ਦੀ ਘਾਟ ਹੋਣਾ ਦੱਸੀ ਗਈ ਹੈ। ਪ੍ਰਦੇਸ਼ ਕਾਂਗਰਸ ਦਹਿਸ਼ਤਗਰਦੀ ਦੇ ਖਿਲਾਫ ਘੋਲ ਵਿਚ ਆਪਣੀਆਂ ਜ਼ਿੰਮੇਵਾਰੀਆਂ ਤੋਂ ਹਮੇਸ਼ਾਂ ਹੀ ਪਿੱਛੇ ਹਟਦੀ ਆਈ ਹੈ ਅਤੇ ਜੇਕਰ ਉਹ ਮਾੜੀ ਮੋਟੀ ਸਰਗਰਮ ਵੀ ਹੈ ਤਾਂ ਇਹ ਸਰਗਰਮੀ ਪਾਰਟੀ ਦੇ ਵੱਖ ਵੱਖ ਧੜਿਆਂ ਵਲੋਂ ਇਕ ਦੂਜੇ ਦੀਆਂ ਲੱਤਾਂ ਖਿੱਚੇ ਜਾਣ ਤਕ ਸੀਮਤ ਹੈ। ਇਨ੍ਹਾਂ ਕਾਰਨਾਂ ਕਰਕੇ ਕਾਂਗਰਸ (ਆਈ) ਦੀ ਕੇਂਦਰੀ ਲੀਡਰਸ਼ਿਪ ਪੰਜਾਬ ਬਾਰੇ ਫਿਲਹਾਲ ਕੋਈ ਵੀ ਕਦਮ ਨਾ ਚੁੱਕਣ ਦੇ ਰੌਂਅ ਵਿਚ ਜਾਪਦੀ ਹੈ।

ਕੇਂਦਰ ਵਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗਰਮ-ਖਿਆਲੀਆਂ ਨਾਲ ਸਮਝੌਤੇ ਦਾ ਯਤਨ

ਦਹਿਸ਼ਤਗਰਦ ਕਮਜ਼ੋਰ ਹੋਏ? : ਇਸੇ ਦੌਰਾਨ ਬੰਬਈ ਦੇ ਅੰਗਰੇਜ਼ੀ ਰੋਜ਼ਾਨਾ "ਫਰੀ ਪ੍ਰੈਸ ਜਰਨਲ" ਦੀ ਇਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੇ ਹਲਕਿਆਂ ਅੰਦਰ ਇਹ ਪ੍ਰਭਾਵ ਪਾਇਆ ਜਾਂਦਾ ਹੈ ਕਿ ਪਾਕਿਸਤਾਨ ਦੀ ਤਰਫੋਂ ਸਿੱਧੀ ਮਦਦ ਬੰਦ ਹੋਣ ਕਾਰਨ ਪੰਜਾਬ ਦੇ ਦਹਿਸ਼ਤਗਰਦਾਂ ਦੀ ਸਥਿਤੀ ਕਮਜ਼ੋਰ ਹੋਈ ਹੈ ਅਤੇ ਸੁਰਖਿਆ ਦਲਾਂ ਦਾ ਹੱਥ ਹੌਲੀ ਹੌਲੀ ਉਚਾ ਹੁੰਦਾ ਜਾ ਰਿਹਾ ਹੈ। ਜੇਕਰ ਸੁਰੱਖਿਆ ਦਲ ਆਪਣੀ ਵਰਤਮਾਨ ਮੁਹਿੰਮ ਦੌਰਾਨ ਸਫਲ ਰਹਿੰਦੇ ਹਨ ਤਾਂ ਉਹ ਅਗਲੇ ਕੁਝ ਮਹੀਨਿਆਂ ਦੌਰਾਨ ਦਹਿਸ਼ਤਗਰਦੀ 'ਤੇ ਇਕ ਵੱਡੀ ਹੱਦ ਤਕ ਕਾਬੂ ਪਾ ਲੈਣਗੇ।

ਗਰਮਖਿਆਲੀਆਂ ਨਾਲ ਸਮਝੌਤਾ: ਦਿੱਲੀ ਦੀ ਡੇਟ ਲਾਈਨ ਵਾਲੀ ਇਸ ਰਿਪੋਰਟ ਅਨੁਸਾਰ ਸਲਾਮਤੀ ਦਸਤਿਆਂ ਦੀ ਸਖਤੀ ਦੇ ਨਾਲ ਨਾਲ ਕੇਂਦਰੀ ਗ੍ਰਹਿ ਮੰਤਰਾਲਾ ਪੰਜਾਬ ਦੇ ਗਰਮਖਿਆਲੀਆਂ ਨਾਲ ਕਿਸੇ ਸਮਝੌਤੇ 'ਤੇ ਅਪੜਨ ਦਾ ਵੀ ਯਤਨ ਕਰ ਰਿਹਾ ਹੈ। ਇਸ ਸਮਝੌਤੇ ਲਈ ਦਮਦਮੀ ਟਕਸਾਲ ਦੀ ਮਦਦ ਲਈ ਜਾ ਰਹੀ ਹੈ। ਗ੍ਰਹਿ ਮੰਤਰਾਲੇ ਦੇ ਹਲਕਿਆਂ ਅਨੁਸਾਰ ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਵਲੋਂ ਦਮਦਮੀ ਟਕਸਾਲ ਦੇ ਕਾਇਮ-ਮੁਕਾਮ ਮੁਖੀ ਬਾਬਾ ਠਾਕਰ ਸਿੰਘ ਦੀ ਖੁੱਲ੍ਹੇਆਮ ਪ੍ਰਸੰਸਾ ਇਹ ਦਰਸਾਉਂਦੀ ਹੈ ਕਿ ਸਰਕਾਰ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਮਸਲੇ ਨੂੰ ਗਰਮਖਿਆਲੀਆਂ ਦੀ ਮਦਦ ਨਾਲ ਹੱਲ ਕਰਨਾ ਚਾਹੁੰਦੀ ਹੈ ਅਤੇ ਅਜਿਹਾ ਕਰਨ ਲਈ ਉਹ ਰਵਾਇਤੀ ਅਕਾਲੀ ਲੀਡਰਸ਼ਿਪ ਅਤੇ ਕੌਮੀ ਪੱਧਰ ਦੇ ਵਿਰੋਧੀ ਦਲਾਂ ਨੂੰ ਨਜ਼ਰਅੰਦਾਜ਼ ਵੀ ਕਰ ਸਕਦੀ ਹੈ।

ਜੰਮੂ 'ਚ ਗੜਬੜ ਲਈ ਕਾਂਗਰਸੀ ਦੋਸ਼ੀ

ਚੰਡੀਗੜ੍ਹ, 30 ਜਨਵਰੀ (ਸਟਾਫ ਰਿਪੋਰਟਰ) - ਅਕਾਲੀ ਦਲ (ਲੌਂਗੋਵਾਲ) ਦੀ ਜੰਮੂ ਦੇ ਦੰਗਿਆਂ ਦੀ ਜਾਂਚ ਲਈ ਬਣੀ ਪੰਜ ਮੈਂਬਰੀ ਕਮੇਟੀ ਨੇ ਦੋਸ਼ ਲਾਇਆ ਹੈ ਕਿ ਜੰਮੂ ਵਿਚ ਸਿੱਖਾਂ ਦੇ ਪੁਰਅਮਨ ਜਲੂਸ ਉਤੇ ਸ਼ਿਵ ਸੈਨਾ ਅਤੇ ਕਾਂਗਰਸ (ਆਈ) ਪਾਰਟੀ ਦੇ ਵਰਕਰਾਂ ਨੇ ਯੋਜਨਾਬੱਧ ਢੰਗ ਨਾਲ ਹਮਲਾ ਕੀਤਾ ਅਤੇ ਲੁੱਟਮਾਰ ਕੀਤੀ।

ਵਰਨਣਯੋਗ ਹੈ ਕਿ 20 ਜਨਵਰੀ ਨੂੰ ਪਾਰਟੀ ਨੇ ਸਰਵਸ੍ਰੀ ਨੱਥਾ ਸਿੰਘ ਦਾਲਮ, ਗੁਰਦਰਸ਼ਨ ਸਿੰਘ ਗਰੇਵਾਲ, ਜਥੇਦਾਰ ਪ੍ਰੀਤਮ ਸਿੰਘ ਭਾਟੀਆ, ਜਥੇਦਾਰ ਉਂਕਾਰ ਸਿੰਘ ਥਾਪਰ ਅਤੇ ਜਥੇਦਾਰ ਬਲਵੰਤ ਸਿੰਘ ਜੰਮੂ ਉਤੇ ਆਧਾਰਤ ਜੰਮੂ ਦੇ ਦੰਗਿਆਂ ਦੀ ਜਾਂਚ ਲਈ ਕਮੇਟੀ ਬਣਾਈ ਸੀ। ਇਨ੍ਹਾਂ ਦੰਗਿਆਂ ਵਿਚ 13 ਸਿੱਖ ਮਾਰੇ ਗਏ ਸਨ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ ਸਨ। ਉਨ੍ਹਾਂ ਦੀਆਂ ਜਾਇਦਾਦਾਂ ਲੁੱਟੀਆਂ ਗਈਆਂ ਅਤੇ ਅੱਗ ਲਾਈ ਗਈ ਸੀ। ਕਮੇਟੀ 25 ਜਨਵਰੀ ਨੂੰ ਜੰਮੂ ਗਈ ਅਤੇ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ।

ਅੱਜ ਇਥੇ ਕਮੇਟੀ ਦੀ ਰਿਪੋਰਟ ਸ੍ਰੀ ਦਾਲਮ, ਸ੍ਰੀ ਮਨਜੀਤ ਸਿੰਘ ਖਹਿਰਾ ਅਤੇ ਸ੍ਰੀ ਗਰੇਵਾਲ ਨੇ ਪ੍ਰੈਸ ਕਾਨਫਰੰਸ ਵਿਚ ਜਾਰੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਜੰਮੂ ਅਤੇ ਕਸ਼ਮੀਰ ਸਰਕਾਰ ਨੇ ਅਜੇ ਤਕ ਦੰਗਾਪੀੜਤਾਂ ਦੀ ਕੋਈ ਮਦਦ ਨਹੀਂ ਕੀਤੀ। ਲੋਕਾਂ ਨੂੰ ਫੌਰੀ ਗ੍ਰਾਂਟ ਮਿਲਣੀ ਚਾਹੀਦੀ ਹੈ। ਸਰਕਾਰ ਨੂੰ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ।

ਇਕ ਸਵਾਲ ਦੇ ਜਵਾਬ ਵਿਚ ਸ੍ਰੀ ਦਾਲਮ ਨੇ ਕਿਹਾ ਕਿ ਅਜੇ ਤਾਂ ਸਿੱਖ ਭਾਈਚਾਰਾ ਉਥੋਂ ਨਿਕਲਣਾ ਨਹੀਂ ਸ਼ੁਰੂ ਹੋਇਆ ਪ੍ਰੰਤੂ ਜੇਕਰ ਫਿਰ ਅਜਿਹੇ ਦੰਗੇ ਭੜਕ ਉਠੇ ਤਾਂ ਜੰਮੂ ਵਿਚੋਂ ਸਿੱਖਾਂ ਦੀ ਹਿਜਰਤ ਸ਼ੁਰੂ ਹੋ ਜਾਵੇਗੀ। ਪਿਛਲੇ ਕਿਸੇ ਕਮਿਸ਼ਨ ਨੇ ਸਿੱਖਾਂ ਨੂੰ ਇਨਸਾਫ ਨਹੀਂ ਦਿੱਤਾ। ਇਸ ਲਈ ਜੰਮੂ ਦੇ ਅਨਸਾਰੀ ਕਮਿਸ਼ਨ ਉਤੇ ਵੀ ਉਨ੍ਹਾਂ ਨੂੰ ਕੋਈ ਭਰੋਸਾ ਨਹੀਂ ਹੈ। ਕਮਿਸ਼ਨ ਦਾ ਇਹ ਅਰਥ ਤਾਂ ਨਹੀਂ ਹੈ ਕਿ ਦੋਸ਼ੀ ਲੋਕਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ। ਇਸ ਦੇ ਉਲਟ ਗ੍ਰਿਫਤਾਰ ਕੀਤੇ ਦੋਸ਼ੀਆਂ ਨੂੰ ਦਬਾ ਹੇਠ ਆ ਕੇ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਬੋਰਡ ਨੂੰ ਅਪੀਲ ਕੀਤੀ ਹੈ ਕਿ ਜੰਮੂ ਦੇ ਦੰਗਾਪੀੜਤਾਂ ਦੀ ਮਦਦ ਕੀਤੀ ਜਾਵੇ। ਪੰਜ ਮੈਂਬਰੀ ਕਮੇਟੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਪੀ. ਜੀ. ਆਈ. ਵਿਚ ਜੰਮੂ ਤੋਂ ਜਿਹੜੇ ਚਾਰ ਜ਼ਖਮੀ ਆਏ ਸਨ ਉਨ੍ਹਾਂ ਨਾਲ ਡਾਕਟਰਾਂ ਨੇ ਗੈਰਮਨੁੱਖੀ ਵਤੀਰਾ ਅਪਣਾਇਆ। ਉਨ੍ਹਾਂ ਨੂੰ ਜ਼ਬਰਦਸਤੀ ਵਾਪਸ ਭੇਜ ਦਿੱਤਾ ਗਿਆ ਜਿਨ੍ਹਾਂ ਵਿਚੋਂ ਇਕ ਨੂੰ ਨਮੂਨੀਆ ਹੋ ਗਿਆ ਅਤੇ ਉਸ ਦੀ ਮੌਤ ਹੋ ਗਈ। ਵਾਪਸ ਜਾਣ ਵਾਲਿਆਂ ਵਿਚੋਂ ਦੋ ਅਜੇ ਵੀ ਜੰਮੂ ਦੇ ਹਸਪਤਾਲ ਵਿਚ ਬੇਹੋਸ਼ ਪਏ ਹਨ।

ਸ੍ਰੀ ਦਾਲਮ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਨੇ ਰਾਜਪਾਲ ਸ੍ਰੀ ਜਗਮੋਹਨ ਅਤੇ ਮੁੱਖ

(ਬਾਕੀ ਸਫਾ 12 ਕਾਲਮ 2)

ਅੰਦਰ ਦੀ ਝਾਤ

- ਦੱਖਣੀ ਏਸ਼ੀਆ ਲਈ ਮੀਡੀਆ ਸਬੰਧੀ ਨੀਤੀ
- ਅਧਿਆਪਕਾਂ ਦਾ ਅੰਦੋਲਨ
- ਗੈਸ ਦੀ ਬਿਮਾਰੀ
- ਸਿੱਖ ਸਭਿਆਚਾਰ ਦੀਆਂ ਸਿਖਰਾਂ
- ਬੱਗੀ ਤਿਤਰੀ ਕਮਾਦੋਂ...

ਸੰਪਾਦਕੀ
- ਜੰਮੂ-ਕਸ਼ਮੀਰ ਵਿਚ ਹਿੰਸਾ ਦਾ ਰੁਝਾਨ
- ਜੰਗੀ ਵਿਧਵਾਵਾਂ ਲਈ ਭਲਾਈ ਬੋਰਡ

ਖੇਡ ਤੇ ਖਿਡਾਰੀ
- ਪੰਜਾਬ ਰਾਜ ਦਿਹਾਤੀ ਖੇਡ ਮੇਲਾ ਨੰਗਲ
- ਤੈਰਾਕੀ ਤੋਂ ਕੋਚਿੰਗ ਤਕ
- ਅਮਰੀਕਾ ਦਾ ਜੇਮੀ ਉਵੇਂਨਜ਼
- ਹੋਣਹਾਰ ਹੀਰੇ
- ਡੇਵਿਸ ਕੱਪ ਬਨਾਮ ਬੋਰਿਸ ਬੇਕਰ
- ਖੇਡਾਂ ਵਿਚ ਹਾਸ ਵਿਅੰਗ

ਪਾਕਿਸਤਾਨ ਦੇ ਪ੍ਰਮਾਣੂੰ ਪ੍ਰੋਗਰਾਮ ਬਾਰੇ ਅਮਰੀਕਾ ਨੂੰ ਬਹੁਤੀ ਚਿੰਤਾ ਨਹੀਂ

ਵਾਸ਼ਿੰਗਟਨ, 30 ਜਨਵਰੀ (ਏ. ਐਨ. ਆਈ.) – ਪਾਕਿਸਤਾਨੀ ਪ੍ਰਮਾਣੂੰ ਪ੍ਰੋਗਰਾਮ ਸਬੰਧੀ ਜੋ ਨਵੇਂ ਤੱਥ ਸਾਹਮਣੇ ਆਏ ਹਨ ਅਤੇ ਜਿਹੜੇ ਇਸ ਮਾਮਲੇ ਸਬੰਧੀ ਪਾਕਿਸਤਾਨੀ ਨੇਤਾਵਾਂ ਵਲੋਂ ਤਾਜ਼ਾ ਬਿਆਨ ਜਾਰੀ ਕੀਤੇ ਗਏ ਹਨ, ਉਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਚਾਹੀਦਾ ਤਾਂ ਇਹ ਹੈ ਕਿ ਅਮਰੀਕਾ ਸਰਕਾਰ ਵਲੋਂ ਪਾਕਿਸਤਾਨ ਨੂੰ ਇਮਦਾਦ ਜਾਰੀ ਰੱਖਣ ਦੇ ਮਾਮਲੇ ਵਿਚ ਆਪਣੇ ਸਟੈਂਡ ਨੂੰ ਨਵੇਂ ਸਿਰਿਓਂ ਵਿਚਾਰ ਅਧੀਨ ਲਿਆਂਦਾ ਜਾਂਦਾ ਪ੍ਰੰਤੂ ਵਾਸ਼ਿੰਗਟਨ ਸਥਿਤ ਕਾਂਗਰਸ ਹਲਕਿਆਂ ਨਾਲ ਸੰਪਰਕ ਕੀਤਿਆਂ ਜੋ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਉਸ ਤੋਂ ਲਗਦਾ ਹੈ ਕਿ ਇਥੇ ਕਿਸੇ ਨੂੰ ਅਜਿਹੀ ਗੱਲ ਸੋਚਣ ਦੀ ਕੋਈ ਵਿਸ਼ੇਸ਼ ਚਿੰਤਾ ਨਹੀਂ ਹੈ।

ਦਰਅਸਲ ਅਮਰੀਕੀ ਕਾਂਗਰਸ ਹਲਕਿਆਂ ਦੀ ਚਿੰਤਾ ਤਾਂ ਪ੍ਰਸ਼ਾਸਨ ਦੇ ਖਦਸ਼ਿਆਂ ਨੂੰ ਦੂਰ ਕਰਨ ਲਈ ਪ੍ਰਮਾਣੂੰ ਪ੍ਰੋਗਰਾਮ ਸਬੰਧੀ ਪਾਕਿਸਤਾਨ ਸਟੈਂਡ ਵਿਚ ਆਏ ਦਿਨ ਸਾਹਮਣੇ ਆ ਰਹੇ ਬਦਲਵੇਂ ਸਪਸ਼ਟੀਕਰਨਾਂ ਬਾਰੇ ਪਾਣੀ ਰਿੜਕਣ ਵਾਂਗ ਮਹਿਜ਼ ਸੋਚ ਵਿਚਾਰ ਤਕ ਹੀ ਮਹਿਦੂਦ ਹੈ।

ਅਜੇ ਪਿਛਲੇ ਹਫਤੇ ਹੀ ਰਾਸ਼ਟਰਪਤੀ ਰੀਗਨ ਵਲੋਂ ਅਮਰੀਕੀ ਕਾਂਗਰਸ ਨੂੰ ਭੇਜੇ ਪੱਤਰ ਵਿਚ ਪਾਕਿਸਤਾਨ ਸਰਕਾਰ ਕੋਲੋਂ ਇਹ ਯਕੀਨ ਹਾਸਲ ਕਰਨ ਦੀ ਸਲਾਹ ਦਿੱਤੀ ਗਈ ਸੀ ਕਿ ਜੇਕਰ ਪਾਕਿਸਤਾਨ ਨੇ ਅਮਰੀਕਾ ਕੋਲੋਂ ਸਹਾਇਤਾ ਲੈਣੀ ਜਾਰੀ ਰੱਖਣੀ ਹੀ ਹੈ ਤਾਂ ਉਹ ਆਪਣੇ ਪ੍ਰਮਾਣੂੰ ਪ੍ਰੋਗਰਾਮ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਪ੍ਰਤੀ ਸਪਸ਼ਟ ਰੂਪ ਵਿਚ ਖੁੱਲ੍ਹ ਕੇ ਐਲਾਨ ਕਰੇ।

ਉਧਰ ਇਸੇ ਦੌਰਾਨ ਇਕ ਹੋਰ ਖਬਰ ਅਨੁਸਾਰ ਪਾਕਿਸਤਾਨ ਸਰਕਾਰ ਵਲੋਂ ਚੀਨ ਕੋਲੋਂ ਤਿੰਨ ਪ੍ਰਮਾਣੂੰ ਪਣਡੁੱਬੀਆਂ ਹਾਸਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਹ ਸੌਦਾ ਜੇਕਰ ਸਿਰੇ ਚੜ੍ਹ ਜਾਂਦਾ ਹੈ ਤਾਂ ਅਜਿਹੀ ਸੂਰਤ ਵਿਚ ਚੀਨ ਵਲੋਂ ਪਾਕਿਸਤਾਨ ਨੂੰ ਇਹ ਵੀ ਆਖੇ ਜਾਣ ਦੀ ਸੰਭਾਵਨਾ ਹੈ ਕਿ ਪ੍ਰਮਾਣੂੰ ਬਾਲਣ ਉਹ ਆਪਣਾ ਖੁਦ-ਬਖੁਦ ਹੀ ਤਿਆਰ ਕਰੇ।

ਜਿਥੋਂ ਤਕ ਆਪਣੇ ਪ੍ਰਮਾਣੂੰ ਪ੍ਰਾਜੈਕਟਾਂ ਦਾ ਕੌਮਾਂਤਰੀ ਨਿਯਮਾਂ ਅਨੁਸਾਰ ਮੁਆਇਨਾ ਕਰਵਾਏ ਜਾਣ ਸਬੰਧੀ ਅਮਰੀਕੀ ਕਾਂਗਰਸ ਦੀ ਮੰਗ ਦਾ ਤੁਅੱਲਕ ਹੈ, ਪਾਕਿਸਤਾਨ ਵਲੋਂ ਇਹ ਆਖ ਕੇ ਅਜਿਹਾ ਕਰਨ ਤੋਂ ਨਾਂਹ ਕੀਤੀ ਜਾ ਰਹੀ ਹੈ ਕਿ ਪਹਿਲਾਂ ਭਾਰਤ ਵੀ ਇਸ ਤਰ੍ਹਾਂ ਕਰਵਾਏ।

ਉਧਰ ਪੱ. ਜਰਮਨੀ ਵਿਚ ਬੌਨ ਤੋਂ ਪ੍ਰਕਾਸ਼ਤ ਹੋਣ ਵਾਲੇ ਰਿਸਾਲੇ 'ਡੇਰ ਸਪੇਗਲ' 'ਚ ਛਪੀ ਇਕ ਤਾਜ਼ਾ ਰਿਪੋਰਟ ਅਨੁਸਾਰ ਸਾਲ 1984 ਦੌਰਾਨ ਅਮਰੀਕਾ 'ਚ ਤਿਆਰ ਕੀਤੀ ਗਈ ਕੁਝ ਪ੍ਰਮਾਣੂੰ ਸਮੱਗਰੀ ਪੱਛਮੀ ਜਰਮਨੀ ਦੀ ਇਕ ਫਰਮ ਰਾਹੀਂ ਭਾਰਤ ਵਿਚ ਸਮਗਲ ਕਰਵਾਈ ਗਈ ਸੀ। ਰਿਪੋਰਟਾਂ ਵਿਚ ਇਹ ਤਾਂ ਦੱਸਿਆ ਗਿਆ ਹੈ ਕਿ ਡੇਰੂਸਾ ਨਾਂ ਦੇ ਇਕ ਵਿਅਕਤੀ ਵਲੋਂ ਇਸ ਸੌਦੇਬਾਜ਼ੀ ਵਿਚ ਵਿਚੋਲੇ ਦੀ ਭੂਮਿਕਾ ਨਿਭਾਈ ਗਈ ਸੀ, ਪ੍ਰੰਤੂ ਇਹ ਨਹੀਂ ਸਪਸ਼ਟ ਕੀਤਾ ਗਿਆ ਕਿ ਅੰਦਰਲੀਆਂ ਕਿਹੜੀਆਂ ਧਿਰਾਂ ਇਸ ਡੀਲ ਵਿਚ ਸ਼ਾਮਲ ਸਨ।

'ਡੇਰ ਸਪੇਗਲ' ਅਨੁਸਾਰ ਸਬੰਧਤ ਪ੍ਰਮਾਣੂੰ ਸਮੱਗਰੀ ਭਾਰਤ ਵਿਚ ਭਾਬਾ ਐਟਮੀ ਖੋਜ ਸੈਂਟਰ ਵਿਚ ਪਹੁੰਚਾਈ ਗਈ ਸੀ।

ਅੰਮ੍ਰਿਤਸਰ 'ਚ ਕਲਾ ਮੇਲਾ

ਅੰਮ੍ਰਿਤਸਰ : ਬੀ. ਬੀ. ਕੇ. ਡੀ. ਏ. ਵੀ. ਕਾਲਜ ਦੇ ਲਲਿਤ ਕਲਾ ਵਿਭਾਗ ਨੇ ਕਲਾਕਾਰਾਂ ਨੇ ਆਪਸ ਵਿਚ ਰਲ-ਮਿਲ ਬੈਠ ਕੇ ਚਿੱਤਰਕਾਰੀ ਕਰਨ ਲਈ ਕਲਾ ਮੇਲੇ ਦਾ ਆਯੋਜਨ ਕੀਤਾ ਜੋ 21 ਜਨਵਰੀ ਤੋਂ 23 ਜਨਵਰੀ ਤਕ ਚੱਲਿਆ। ਇਸ ਵਿਚ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਛੇ ਕਲਾਕਾਰਾਂ ਨੇ ਭਾਗ ਲਿਆ। ਇਸ ਮੇਲੇ ਦਾ ਮੁੱਖ ਮੰਤਵ ਕਲਾ ਦੇ ਵਿਦਿਆਰਥੀਆਂ ਨੂੰ ਕਲਾ ਦੀਆਂ ਨਵੀਆਂ ਤਕਨੀਕਾਂ ਅਤੇ ਅਜੋਕੀ ਕਲਾ ਦੀਆਂ ਪ੍ਰਚਲਿਤ ਵਿਧੀਆਂ ਤੋਂ ਜਾਣੂ ਕਰਵਾਉਣਾ ਸੀ। ਇਸ ਕਲਾ ਮੇਲੇ ਦਾ ਅਰੰਭ ਸ੍ਰੀ ਆਰ. ਐਲ. ਭਾਟੀਆ, ਮੈਂਬਰ ਪਾਰਲੀਮੈਂਟ ਨੇ ਆਪਣੇ ਬੁਰਸ਼ ਦੀ ਛੋਹ ਦੁਆਰਾ ਕੈਨਵਸ 'ਤੇ ਸਵਾਸਤਿਕ ਦਾ ਚਿੰਨ੍ਹ ਬਣਾਉਣ ਨਾਲ ਕੀਤਾ।

ਇਸ ਮੌਕੇ 'ਤੇ ਭਾਗ ਲੈ ਰਹੇ ਮਹਿਮਾਨ ਕਲਾਕਾਰਾਂ, ਕਾਲਜ ਦੇ ਕਲਾ ਵਿਭਾਗ ਦੇ ਕਲਾਕਾਰਾਂ ਤੇ ਵਿਦਿਆਰਥੀਆਂ ਦੀ ਸਾਂਝੀ ਕਲਾ ਪ੍ਰਦਰਸ਼ਨੀ ਦਾ ਵੀ ਆਯੋਜਨ ਕੀਤਾ ਗਿਆ। ਕਲਾ ਮੇਲੇ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਕਲਾ ਵਿਦਿਆਰਥੀਆਂ ਨੇ ਕਲਾਕ੍ਰਿਤੀਆਂ ਨਵੇਂ ਢੰਗ ਨਾਲ ਤਿਆਰ ਕੀਤੀਆਂ ਅਤੇ ਕਲਾ ਬਾਰੇ ਵਿਚਾਰ-ਵਟਾਂਦਰਾ ਕੀਤਾ।

ਨਾਮੀ ਕਲਾਕਾਰ ਬ੍ਰਹਮ ਪ੍ਰਕਾਸ਼ ਨੇ ਆਪਣੀ ਕਲਾ ਕ੍ਰਿਤੀ 'ਚ ''ਐਨਟੈਰਾਲੀਓ'' ਦੀ ਤਕਨੀਕ ਦੁਆਰਾ ਆਕਰਸ਼ਕ ਚਿੱਤਰ ਤਿਆਰ ਕੀਤਾ ਜਿਸ ਵਿਚ ਵਸਤੂ ਨੂੰ ਸਪੇਸ ਵਿਚ ਨਵੇਂ ਢੰਗ ਨਾਲ ਦਰਸਾਇਆ ਗਿਆ ਹੈ।

ਗੁਰਚਰਨ ਸਿੰਘ ਧਾਲੀਵਾਲ ਅਤੇ ਈ. ਕੇ. ਰਾਜ ਨੇ ਆਪਣੇ ਚਿੱਤਰਾਂ ਨੂੰ ਤੇਲ ਰੰਗਾਂ ਤੇ ਪਾਣੀ ਰੰਗਾਂ ਨਾਲ ਚਿਤਰਿਆ। ਕੁਦਰਤ ਵੱਲ ਵਚਨਬੱਧ ਇਨ੍ਹਾਂ ਕਲਾਕਾਰਾਂ ਨੇ ਆਪਣੇ ਆਪਣੇ ਢੰਗ ਨਾਲ ਕੁਦਰਤੀ ਨਜ਼ਾਰਿਆਂ ਦੀ ਨੁਹਾਰ ਉਲੀਕਣ ਵਿਚ ਆਪਣੇ ਬੁਰਸ਼ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ।

ਓ. ਪੀ. ਵਰਮਾ ਨੇ ਮਿੱਟੀ ਦੁਆਰਾ ਐਬਸਟਰੈਕਟ ਮਨੁੱਖੀ ਆਕਾਰ ਤਿਆਰ ਕੀਤਾ ਜੋ ਕਲਾਪਨਿਕ ਨਮੂਨਾ ਸੀ। ਗੋਪਾਲ ਕਰੌੜੀ ਵਾਲ ਨੇ ਗਣੇਸ਼ ਦੀ ਆਕ੍ਰਿਤੀ ਨੂੰ ਐਕ੍ਰਾਲਿਕ ਰੰਗਾਂ ਵਿਚ ਬੜੇ ਕਲਾਮਈ ਢੰਗ ਨਾਲ ਚ੍ਰਿਤਰਤ ਕੀਤਾ ਜਿਸ ਵਿਚ ਕਾਂਗੜਾ ਸ਼ੈਲੀ ਦੀ ਝਲਕ ਸੀ।

ਕਲਾ ਦੇ ਇਸ ਮਾਹੌਲ ਵਿਚ ਕਲਾ ਵਿਦਿਆਰਥੀਆਂ ਅਤੇ ਵਿਭਾਗ ਦੇ ਅਧਿਆਪਕ ਕਲਾਕਾਰਾਂ ਨੇ ਵਿਸ਼ੇਸ਼ ਰੁਚੀ ਦਿਖਾਈ। ਵਿਦਿਆਰਥੀਆਂ ਨੇ ਕਲਾਕਾਰਾਂ ਨੂੰ ਦੇਖਿਆ ਕਿ ਉਹ ਕਿਸ ਤਰ੍ਹਾਂ ਕੰਮ ਕਰਦੇ ਹਨ। ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਐਸ. ਐਹਲਾਵਤ ਨੇ ਇਸ ਕਲਾ ਮੇਲੇ ਅਤੇ ਪ੍ਰਦਰਸ਼ਨੀ ਵਿਚ ਵਿਸ਼ੇਸ਼ ਰੁਚੀ ਦਿਖਾਈ।

ਚਿੱਤਰਕਾਰ ਬ੍ਰਹਮ ਪ੍ਰਕਾਸ਼ ਕਲਾ ਮੇਲੇ 'ਚ ਆਪਣੀ ਇਕ ਨਵੀਂ ਕਿਰਤ ਸਿਰਜਦੇ ਹੋਏ।

ਮਲਕੀਤ ਸਿੰਘ

ਕਾਂਗਰਸੀ ਹਕੂਮਤ ਦੇ ਖਾਤਮੇ ਨਾਲ ਹੀ ਪੰਜਾਬ ਮਸਲਾ ਹੱਲ ਹੋਵੇਗਾ -ਬਰਨਾਲਾ

ਸੰਗਰੂਰ, 30 ਜਨਵਰੀ (ਮਹਿੰਦਰ ਕੌਰ ਮਨੂੰ) – ਇਥੇ ਮਹਾਨ ਵਿਦਵਾਨ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਦੀ 62ਵੀਂ ਸਾਲਾਨਾ ਬਰਸੀ ਉਤੇ ਉਨ੍ਹਾਂ ਦੇ ਹਜ਼ਾਰਾਂ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਉਤੇ ਵੱਖ ਵੱਖ ਰਾਜਸੀ ਪਾਰਟੀਆਂ ਵਲੋਂ ਤਿੰਨ ਰਾਜਸੀ ਸਟੇਜਾਂ ਲਾਈਆਂ ਗਈਆਂ।

ਇਸ ਵਾਰ ਵੀ ਸ਼੍ਰੋਮਣੀ ਅਕਾਲੀ ਦਲ (ਲੌਂ.) ਵਲੋਂ ਪਿਛਲੇ ਸਾਲ ਵਾਂਗ ਅਕਾਲੀ ਕਾਨਫਰੰਸ ਕੀਤੀ ਗਈ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭਾਈ ਸਤਵੰਤ ਸਿੰਘ ਅਤੇ ਕਿਹਰ ਸਿੰਘ ਨੂੰ ਫਾਂਸੀ ਦੇ ਕੇ ਪੰਜਾਬ ਦੀ ਹਾਲਤ ਨੂੰ ਹੋਰ ਵਿਗਾੜਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਪੰਜਾਬ ਮਸਲੇ ਦੇ ਹੱਲ ਲਈ ਗੰਭੀਰ ਨਹੀਂ ਹੈ ਅਤੇ ਇਹ ਕੇਂਦਰ ਵਿਚੋਂ ਕਾਂਗਰਸ ਹਕੂਮਤ ਦੀ ਸਮਾਪਤੀ ਨਾਲ ਹੀ ਹੱਲ ਹੋਵੇਗਾ।

ਉਨ੍ਹਾਂ ਕਿਹਾ ਕਿ ਤਾਮਿਲਨਾਡੂ ਦੀਆਂ ਚੋਣਾਂ ਵਿਚ ਕਾਂਗਰਸ ਦਾ ਸਫਾਇਆ ਅਤੇ ਬਾਕੀ ਰਾਜਾਂ ਅੰਦਰ ਕਾਂਗਰਸ ਸਰਕਾਰਾਂ ਅਤੇ ਪਾਰਟੀ ਦੀ ਹਾਲਤ ਦੱਸਦੀ ਹੈ ਕਿ ਉਹ ਆਖਰੀ ਸਾਹ ਉਤੇ ਹੈ। ਬਰਨਾਲਾ ਨੇ ਕਿਹਾ ਕਿ ਦੇਸ਼ ਅਤੇ ਵਿਦੇਸ਼ਾਂ ਅੰਦਰ ਸਿੱਖਾਂ ਨੂੰ ਯੋਜਨਾਬੱਧ ਸਾਜ਼ਿਸ਼ ਅਧੀਨ ਹੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਜਿਸ ਦੀ ਪੁਸ਼ਟੀ ਬਿਦਰ ਤੋਂ ਬਾਅਦ ਜੰਮੂ ਵਿਚ ਹੋਈਆਂ ਘਟਨਾਵਾਂ ਨੇ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਉਹ ਪੰਥਕ ਏਕਤਾ ਲਈ ਵੱਖ ਵੱਖ ਅਕਾਲੀ ਨੇਤਾਵਾਂ ਨੂੰ ਮਿਲੇ ਹਨ ਅਤੇ ਆਸ ਜ਼ਾਹਿਰ ਕੀਤੀ ਕਿ ਫਰਵਰੀ ਮਹੀਨੇ ਵਿਚ ਹੀ ਪੰਥਕ ਏਕਤਾ ਦਾ ਕੰਮ ਨੇਪਰੇ ਚੜ੍ਹ ਜਾਵੇਗਾ। ਉਨ੍ਹਾਂ ਤੋਂ ਇਲਾਵਾ ਇਸ ਕਾਨਫਰੰਸ ਨੂੰ ਸਾਬਕਾ ਪਾਰਲੀਮਾਨੀ ਸਕੱਤਰ ਗੋਬਿੰਦ ਸਿੰਘ ਕਾਂਝਲਾ, ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਐਕਟਿੰਗ ਪ੍ਰਧਾਨ ਤੋਤਾ ਸਿੰਘ ਅਤੇ ਗਿਆਨੀ ਕੁੰਦਨ ਸਿੰਘ ਆਦਿ ਨੇ ਸੰਬੋਧਨ ਕੀਤਾ।

ਸੰਯੁਕਤ ਅਕਾਲੀ ਦਲ ਵਲੋਂ ਇਸ ਮੌਕੇ ਆਯੋਜਿਤ ਕੀਤੀ ਗਈ ਕਾਨਫਰੰਸ ਨੂੰ ਉਚ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਨੇ ਭਾਈ ਸਤਵੰਤ ਸਿੰਘ ਅਤੇ ਭਾਈ ਕਿਹਰ ਸਿੰਘ ਨੂੰ ਫਾਹੇ ਲਾ ਕੇ ਸਿੱਖਾਂ ਦਾ ਵਿਸ਼ਵਾਸ ਜਿੱਤਣ ਦਾ ਇਕ ਹੋਰ ਮੌਕਾ ਹੱਥੋਂ ਗਵਾ ਲਿਆ ਹੈ। ਉਨ੍ਹਾਂ ਨੇ ਕਿਹਾ ਨਾ ਤਾਂ ਸੰਤ ਭਿੰਡਰਾਂਵਾਲਾ ਦਾ ਰਸਤਾ ਅਤੇ ਨਾ ਹੀ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਾਹ ਪੰਜਾਬ ਮਸਲੇ ਦਾ ਹੱਲ ਕਰਵਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਮਸਲੇ ਦਾ ਹੱਲ ਤਾਂ ਇਕ ਪਲੇਟਫਾਰਮ ਉਤੇ ਇਕੱਠੇ ਹੋ ਕੇ ਕੋਈ ਸਾਂਝਾ ਪ੍ਰੋਗਰਾਮ ਉਲੀਕ ਕੇ ਹੀ ਹੋ ਸਕਦਾ ਹੈ। ਉਨ੍ਹਾਂ ਤੋਂ ਇਲਾਵਾ ਕਾਨਫਰੰਸ ਨੂੰ ਨੌਜਵਾਨ ਆਗੂ ਕਰਨੈਲ ਸਿੰਘ ਪੰਜੋਲੀ, ਚੇਲਦਾਰ ਸੰਤ ਸਿੰਘ ਪੁਰੀ ਆਦਿ ਨੇ ਸੰਬੋਧਨ ਕੀਤਾ। ਅੰਗੀਠਾ ਸਾਹਿਬ ਨੇੜੇ ਲੱਗੀ ਧਾਰਮਿਕ ਸਟੇਜ ਉਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕਬਜ਼ਾ ਰਿਹਾ। ਇਸ ਸਟੇਜ ਉਤੇ ਭਾਈ ਕਿਹਰ ਸਿੰਘ ਦੀ ਸੁਪਤਨੀ ਸ੍ਰੀਮਤੀ ਜਗਬੀਰ ਕੌਰ, ਉਨ੍ਹਾਂ ਦੇ ਲੜਕੇ ਰਜਿੰਦਰ ਸਿੰਘ ਅਤੇ ਭਾਈ ਸਤਵੰਤ ਸਿੰਘ ਦੇ ਪਿਤਾ ਸ੍ਰੀ ਤਰਲੋਕ ਸਿੰਘ ਨੂੰ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੰਤ ਸਿੰਘ ਅਤੇ ਮਸਤੂਆਣਾ ਕਾਲਜ ਦੇ ਸਮੂਹ ਵਿਦਿਆਰਥੀਆਂ ਵਲੋਂ ਸਨਮਾਨਤ ਕੀਤਾ ਗਿਆ। ਸਨਮਾਨ ਉਪਰੰਤ ਸ੍ਰੀ ਰਜਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰਾਸਤ ਵਿਚ ਮਿਲੀ ਸ਼ਹੀਦੀ ਨੂੰ ਅਸੀਂ ਅਜਾਈਂ ਨਹੀਂ ਜਾਣ ਦਿਆਂਗੇ। ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਨੇ ਸਬਕ ਸਿਖਾਇਆ ਹੈ ਕਿ ਅਸੀਂ ਇਕ ਪਲੇਟਫਾਰਮ ਉਤੇ ਇਕੱਠੇ ਹੋਈਏ। ਇਸ ਵਿਚ ਹੀ ਸਿੱਖ ਕੌਮ ਦਾ ਭਲਾ ਹੈ। ਉਨ੍ਹਾਂ ਕਿਹਾ ਕਿ ਰਾਜਸੀ ਪਾਰਟੀਆਂ ਸ਼ਹੀਦਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਰਾਜਸੀ ਸਵਾਰਥਾਂ ਲਈ ਨਾ ਵਰਤਣ। ਇਸ ਮੌਕੇ ਉਤੇ ਕੈਪਟਨ ਹਰਚਰਨ ਸਿੰਘ ਰੋਡੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਤਿੱਖੀ ਆਲੋਚਨਾ ਕੀਤੀ।

5 ਮੈਂਬਰੀ ਕਮੇਟੀ

(ਸਫਾ 1 ਕਾਲਮ 8 ਦੀ ਬਾਕੀ)

ਮੰਤਰੀ ਡਾ. ਫਾਰੂਕ ਅਬਦੁੱਲਾ ਨਾਲ ਵੀ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਮੰਨਿਆ ਕਿ ਉਸ ਦੀ ਸਰਕਾਰ 13 ਜਨਵਰੀ ਨੂੰ ਜੰਮੂ ਵਿਚ ਹੋਏ ਦੰਗਿਆਂ ਨੂੰ ਰੋਕਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਇਥੋਂ ਤਕ ਕਿ ਮੁੱਖ ਮੰਤਰੀ ਨੂੰ ਦੰਗਿਆਂ ਬਾਰੇ ਇਕ ਘੰਟਾ ਬਾਅਦ ਵਿਚ ਜਾਣਕਾਰੀ ਮਿਲੀ। ਕਮੇਟੀ ਦੀ ਰਿਪੋਰਟ ਅਨੁਸਾਰ ਪੂਰੇ ਦੰਗਿਆਂ ਵਿਚ ਇਕ ਵੀ ਹਿੰਦੂ ਸ਼ਿਵ ਸੈਨਾ ਵਰਕਰ ਜ਼ਖਮੀ ਨਹੀਂ ਹੋਇਆ ਜਿਸ ਤੋਂ ਪਤਾ ਲਗਦਾ ਹੈ ਕਿ ਜਲੂਸ ਕੋਲ ਕੋਈ ਹਥਿਆਰ ਨਹੀਂ ਸਨ। ਜਲੂਸ ਅੰਦਰ ਰੋਕਣ ਦੇ ਬਾਵਜੂਦ ਕੁਝ ਲੜਕਿਆਂ ਨੇ ਕੇਹਰ ਸਿੰਘ ਅਤੇ ਸਤਵੰਤ ਸਿੰਘ ਦੇ ਨਾਅਰੇ ਲਾਏ। ਝਗੜਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਜਲੂਸ ਹਿੰਦੂ ਆਬਾਦੀ ਵਾਲੀ ਇਕ ਤੰਗ ਗਲੀ ਵਿਚੋਂ ਗੁਜ਼ਰ ਰਿਹਾ ਸੀ। ਜਲੂਸ ਉਤੇ ਅਚਾਨਕ ਛੱਤਾਂ ਉਤੋਂ ਉਬਲਦਾ ਪਾਣੀ, ਸੋਡੇ ਦੀਆਂ ਬੋਤਲਾਂ ਅਤੇ ਪੱਥਰ ਸੁੱਟੇ ਗਏ। ਜਦੋਂ ਜਲੂਸ ਅੰਦਰ ਭੱਜ-ਨੱਠ ਪੈ ਗਈ ਤਾਂ ਸ਼ਿਵ ਸੈਨਾ ਅਤੇ ਕੁਝ ਕਾਂਗਰਸੀਆਂ ਨੇ ਸਰੀਆਂ ਅਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ। ਇਕ ਕਰੋੜ ਤੋਂ ਦੋ ਕਰੋੜ ਰੁਪਏ ਤਕ ਦੀ ਜਾਇਦਾਦ ਦਾ ਨੁਕਸਾਨ ਹੋ ਗਿਆ। ਮਰਨ ਵਾਲਿਆਂ ਵਿਚੋਂ ਵਧੇਰੇ ਪੰਦਰਾਂ ਸਾਲ ਦੀ ਉਮਰ ਦੇ ਲੜਕੇ ਹਨ।

ਸ੍ਰੀ ਦਾਲਮ ਨੇ ਕਿਹਾ ਕਿ ਹਮਲੇ ਸਮੇਂ ਹਿੰਦੂ ਪਰਿਵਾਰਾਂ ਨੇ ਔਰਤਾਂ ਅਤੇ ਬੱਚਿਆਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੱਤੀ ਅਤੇ ਬਚਾਇਆ। ਅੱਜ ਵੀ ਸਾਧਾਰਨ ਹਿੰਦੂ ਅਤੇ ਸਿੱਖ ਵਿਚਕਾਰ ਕੋਈ ਤਣਾਅ ਨਹੀਂ ਹੈ ਪ੍ਰੰਤੂ ਸ਼ਿਵ ਸੈਨਾ ਅਤੇ ਕਾਂਗਰਸ ਦੇ ਹਮਾਇਤੀ ਆਪਣੇ ਰਾਜਸੀ ਮਨੋਰਥ ਲਈ ਸਥਿਤੀ ਵਿਗਾੜਦੇ ਹਨ। ਕਮੇਟੀ ਨੇ ਰਾਜਸੀ ਪਾਰਟੀਆਂ ਨੂੰ ਸੁਝਾਅ ਦਿੱਤਾ ਹੈ ਕਿ ਜੇਕਰ ਮੁੜ ਕੇ ਜੰਮੂ ਵਿਚ ਕੋਈ ਘਟਨਾ ਵਾਪਰੀ ਤਾਂ ਸਾਰੀਆਂ ਰਾਜਸੀ ਪਾਰਟੀਆਂ ਹੜਤਾਲ ਦਾ ਸੱਦਾ ਦੇਣ ਅਤੇ ਸਮਝੌਤਾ ਹੋਣ ਤਕ ਜੰਮੂ ਅਤੇ ਪੰਜਾਬ ਵਿਚਕਾਰ ਆਵਾਜਾਈ ਠੱਪ ਕਰ ਕੇ ਰੱਖ ਦਿੱਤੀ ਜਾਵੇ।

ਬਿਜਲੀ ਦਰਾਂ 'ਚ ਵਾਧਾ ਛੇਤੀ

(ਸਫਾ 1 ਕਾਲਮ 7 ਦੀ ਬਾਕੀ)

ਵਿਚ ਵਾਧਾ ਰੋਕਿਆ ਹੋਇਆ ਹੈ। ਪ੍ਰੰਤੂ ਹੁਣ ਸਰਕਾਰ ਇਹ ਸਮਝਦੀ ਹੈ ਕਿ ਬਿਜਲੀ ਦਰਾਂ ਵਿਚ ਵਾਧਾ ਕੀਤੇ ਬਗੈਰ ਕੋਈ ਚਾਰਾ ਨਹੀਂ ਹੈ।

ਸ੍ਰੀ ਵਸੰਤ ਨੇ ਦਾਅਵਾ ਕੀਤਾ ਕਿ ਇਸ ਸਮੇਂ ਦੇਸ਼ ਭਰ ਵਿਚੋਂ ਪੰਜਾਬ ਅੰਦਰ ਸਭ ਤੋਂ ਘੱਟ ਬਿਜਲੀ ਜ਼ਾਇਆ ਹੋ ਰਹੀ ਹੈ ਜਦੋਂ ਕਿ ਪੰਜਾਬ ਦੀ ਬਿਜਲੀ ਦਾ ਵੱਡਾ ਹਿੱਸਾ ਖੇਤੀਬਾੜੀ ਨੂੰ ਜਾਂਦਾ ਹੈ ਜਿਥੇ ਕਿ ਬਿਜਲੀ ਜ਼ਾਇਆ ਜਾਣ ਦੇ ਵਧੇਰੇ ਕਾਰਨ ਹੁੰਦੇ ਹਨ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪ੍ਰਮਾਣੂ ਬਿਜਲੀ ਘਰ ਲਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਉਨ੍ਹਾਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਦੇਸ਼ ਅੰਦਰ ਬਿਜਲੀ ਉਤਪਾਦਨ ਲਈ ਹਾਈਡਲ ਪ੍ਰਾਜੈਕਟਾਂ ਉਤੇ ਵਧੇਰੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਥਰਮਲ ਪਲਾਂਟਾਂ ਦੀ ਬਿਜਲੀ ਵਧੇਰੇ ਮਹਿੰਗੀ ਪੈਂਦੀ ਹੈ।

ਭਾਰਤ ਵਲੋਂ ਹਥਿਆਰ ਬਰਾਮਦ ਕਰਨ ਦੀ ਯੋਜਨਾ

ਨਵੀਂ ਦਿੱਲੀ, 30 ਜਨਵਰੀ (ਯੂ. ਐਨ. ਆਈ.) –ਰੱਖਿਆ ਮੰਤਰੀ ਕੇ. ਸੀ. ਪੰਤ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਨੇ ਫੌਜੀ ਹਥਿਆਰ ਬਰਾਮਦ ਕਰਨ ਦੀ ਯੋਜਨਾ ਤਿਆਰ ਕੀਤੀ ਹੈ।

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਨੂੰ ਹਥਿਆਰ ਵੇਚਣ ਦੇ ਉਦੇਸ਼ ਨਾਲ ਰੱਖਿਆ ਮੰਤਰਾਲੇ ਵਿਚ ਇਕ ਵੱਖਰਾ ਸੈਲ ਕਾਇਮ ਕੀਤਾ ਗਿਆ ਹੈ ਅਤੇ ਹਥਿਆਰਾਂ ਦੀ ਅੰਤਰਰਾਸ਼ਟਰੀ ਮੰਡੀ ਵਿਚ ਭਾਰਤੀ ਹਥਿਆਰਾਂ ਦੀ ਵੱਡੀ ਪੱਧਰ ਉਤੇ ਵਿਕਰੀ ਲਈ ਜ਼ਰੂਰੀ ਸਰਵੇ ਕੀਤਾ ਜਾਵੇਗਾ।

ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਦੀਆਂ ਰੱਖਿਆ ਦਾ ਮਾਲ ਤਿਆਰ ਕਰਨ ਵਾਲੀਆਂ ਫੈਕਟਰੀਆਂ ਹੋਰ ਦੇਸ਼ਾਂ ਨੂੰ ਵੇਚੇ ਜਾਣ ਲਈ ਮਾਲ ਤਿਆਰ ਕਰਨ ਦੇ ਸਮਰੱਥ ਹਨ। ਉਨ੍ਹਾਂ ਕਿਹਾ ਕਿ ਬੀਤੇ ਵਿਚ ਭਾਰਤ ਵਲੋਂ ਕੁਝ ਗਵਾਂਢੀ ਦੇਸ਼ਾਂ ਨੂੰ ਕੇਵਲ ਛੋਟੇ ਛੋਟੇ ਹਥਿਆਰ ਹੀ ਬਰਾਮਦ ਕੀਤੇ ਜਾਂਦੇ ਰਹੇ ਹਨ।

ਇਕ ਸਵਾਲ ਦੇ ਜਵਾਬ ਵਿਚ ਮੰਤਰੀ ਨੇ ਕਿਹਾ ਕਿ ਭਾਰਤ ਵਲੋਂ ਹਥਿਆਰ ਬਰਾਮਦ ਕਰਨ ਦੇ ਫੈਸਲੇ ਨਾਲ ਦੇਸ਼ ਦੀ ਗੁੱਟ ਨਿਰਲੇਪਤਾ ਦੀ ਨੀਤੀ ਉਤੇ ਕੋਈ ਅਸਰ ਨਹੀਂ ਪਵੇਗਾ ਅਤੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰੱਖਿਆ ਜਾਵੇਗਾ।

ਸ੍ਰੀ ਪੰਤ ਨੇ ਦੱਸਿਆ ਕਿ ਕੁਝ ਦੇਸ਼ਾਂ ਨੇ ਪਹਿਲਾਂ ਹੀ ਭਾਰਤੀ ਹਥਿਆਰਾਂ ਅਤੇ ਹੋਰ ਫੌਜੀ ਸਾਜੋਸਮਾਨ ਦੀ ਖਰੀਦ ਵਿਚ ਰੁਚੀ ਵਿਖਾਈ ਹੈ।

ਉਨ੍ਹਾਂ ਦੱਸਿਆ ਕਿ ਰੂਸੀ ਲਾਇਸੈਂਸਾਂ ਹੇਠ ਬਣਦੇ ਹਥਿਆਰ ਵੇਚਣ ਲਈ ਸਬੰਧਤ ਦੇਸ਼ਾਂ ਤੋਂ ਪ੍ਰਵਾਨਗੀ ਜ਼ਰੂਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਜਿਥੇ ਦੁਨੀਆਂ ਵਿਚ ਭਾਰਤੀ ਸਮਰੱਥਾ ਦਾ ਲੋਹਾ ਮੰਨਿਆ ਜਾਵੇਗਾ ਉਥੇ ਦੇਸ਼ ਨੂੰ ਵਿਦੇਸ਼ੀ ਸਿੱਕਾ ਵੀ ਪ੍ਰਾਪਤ ਹੋਵੇਗਾ।

ਉਨ੍ਹਾਂ ਕਿਹਾ ਕਿ ਹਿੰਦ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਹੋਈ ਗੱਲਬਾਤ ਕਾਰਨ ਦੱਖਣੀ ਏਸ਼ੀਆ ਵਿਚ ਹਾਲਾਤ ਸੁਖਾਵੇਂ ਹੋਣਗੇ ਅਤੇ ਦੋਵੇਂ ਦੇਸ਼ਾਂ ਦੇ ਸਬੰਧਾਂ ਵਿਚ ਯਕੀਨੀ ਤੌਰ ਉਤੇ ਸੁਧਾਰ ਹੋਵੇਗਾ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਦਹਿਸ਼ਤਗਰਦਾਂ ਦੀ ਮਦਦ ਬੰਦ ਕਰ ਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੂਜੇ ਦੇਸ਼ਾਂ ਦੇ ਮਾਮਲਿਆਂ ਵਿਚ ਦਖਲ ਨਾ ਦੇਣ ਬਾਰੇ ਦਿੱਤੇ ਗਏ ਆਪਣੇ ਬਿਆਨ ਉਤੇ ਅਮਲ ਕਰਨਗੇ।

ਅਗਲੇ ਮਹੀਨੇ ਸਿਆਚਿਨ ਬਾਰੇ ਹੋਣ ਵਾਲੀ ਗੱਲਬਾਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਕੁੱਲ ਮਿਲਾ ਕੇ ਗੱਲਬਾਤ ਠੀਕ ਹੀ ਰਹੇਗੀ।

ਅਕਾਲੀ ਮੱਤਭੇਦ ਭੁਲਾ ਕੇ ਏਕਤਾ ਲਈ ਕੰਮ ਕਰਨ -ਠੇਕੇਦਾਰ

ਲੁਧਿਆਣਾ, 30 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਸੰਯੁਕਤ ਅਕਾਲੀ ਦਲ ਦੇ ਉਚ ਅਕਾਲੀ ਆਗੂ ਸ੍ਰੀ ਸੁਰਜਨ ਸਿੰਘ ਠੇਕੇਦਾਰ ਦਾ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਇਥੇ ਪੁੱਜਣ ਉਤੇ ਨਿੱਘਾ ਸਵਾਗਤ ਕੀਤਾ ਗਿਆ।

ਯਾਦ ਰਹੇ ਕਿ ਸ੍ਰੀ ਸੁਰਜਨ ਸਿੰਘ ਠੇਕੇਦਾਰ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਤ੍ਰਿਚਨਾਪਲੀ ਜੇਲ੍ਹ ਵਿਚ ਬੰਦ ਸਨ।

ਗੁਰਦੁਆਰਾ ਕਲਗੀਧਰ ਵਿਖੇ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਰੇ ਅਕਾਲੀ ਆਗੂ ਜਿਨ੍ਹਾਂ ਵਿਚ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ, ਸਿੱਖ ਪੰਥ ਵਿਚ ਏਕਤਾ ਚਾਹੁੰਦੇ ਸਨ।

ਉਨ੍ਹਾਂ ਕਿਹਾ ਕਿ ਉਹ ਪੰਥਕ ਏਕਤਾ ਲਈ ਕੰਮ ਕਰਨਗੇ। ਉਨ੍ਹਾਂ ਨੇ ਸਾਰੇ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੱਤਭੇਦ ਭੁਲਾ ਕੇ ਏਕਤਾ ਲਈ ਕੰਮ ਕਰਨ।

ਛੇ ਹਲਾਕ

(ਸਫਾ 1 ਕਾਲਮ 3 ਦੀ ਬਾਕੀ)

ਫਿਰੋਜ਼ਪੁਰ ਜ਼ਿਲੇ ਦੇ ਮਮਦੋਟ ਸੈਕਟਰ ਵਿਚ ਬੀ. ਐਸ. ਐਫ. ਨੇ ਇਕ ਪਕਿਸਤਾਨੀ ਘੁਸਪੈਠੀਏ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ।

ਗੁਰਦਾਸਪੁਰ ਦੇ ਬਟਾਲਾ ਪੁਲੀਸ ਜ਼ਿਲੇ ਵਿਚ ਬਟਾਲਾ -ਅੰਮ੍ਰਿਤਸਰ ਸੈਕਸ਼ਨ ਤੇ ਸੁਰੱਖਿਆ ਦਸਤਿਆਂ ਨੇ ਘਿਸਟੀਪੁਰ ਪਿੰਡ ਲਾਗੇ ਰੇਲ ਲਾਈਨ ਉਡਾਉਣ ਦੀ ਕੋਸ਼ਿਸ਼ ਨਾਕਾਮ ਬਣਾ ਦਿੱਤੀ ਅਤੇ ਬੱਬਰ ਖਾਲਸਾ ਨਾਲ ਸਬੰਧਤ ਤਿੰਨ ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੇ ਤਿੰਨ ਸਾਥੀ ਫਰਾਰ ਹੋਣ ਵਿਚ ਸਫਲ ਹੋ ਗਏ। ਗ੍ਰਿਫਤਾਰ ਦਹਿਸ਼ਤਗਰਦਾਂ ਦੇ ਨਾਮ ਸੁਖਬੀਰ ਸਿੰਘ ਉਰਫ ਪੱਪੀ ਉਰਫ ਕਮਾਂਡੋ, ਹਰਦਿਆਲ ਸਿੰਘ ਉਰਫ ਗਾਂਧੀ ਅਤੇ ਕਰਨੈਲ ਸਿੰਘ ਉਰਫ ਭੋਲਾ ਹਨ।

ਇਨ੍ਹਾਂ ਪਾਸੋਂ ਇਕ .32 ਬੋਰ ਦਾ ਰਿਵਾਲਵਰ, .12 ਬੋਰ ਦੀ ਦੁਨਾਲੀ ਬੰਦੂਕ, ਇਕ .12 ਦਾ ਪਿਸਤੌਲ, ਧਮਾਕਾਖੇਜ਼ ਵਸਤਾਂ ਦੇ ਦੋ ਪੈਕਟ, ਦੋ ਡੇਟੋਨੇਟਰ, ਫਿਊਜ਼ ਦੀ ਤਾਰ, ਇਕ ਐਚ. ਈ.-36 ਗਰਨੇਡ ਅਤੇ ਕੁਝ ਰੌਂਦ ਬਰਾਮਦ ਹੋਏ।

ਬਟਾਲਾ ਦੀ ਇਕ ਰਿਪੋਰਟ ਅਨੁਸਾਰ ਫੜੇ ਗਏ ਦਹਿਸ਼ਤਗਰਦਾਂ ਪਿਛਲੇ ਸਾਲ 20 ਮਈ ਨੂੰ ਪਠਾਨਕੋਟ ਵਾਲੇ ਬੰਬ ਧਮਾਕੇ ਵਿਚ ਆਪਣੀ ਸ਼ਮੂਲੀਅਤ ਮੰਨੀ ਹੈ। ਇਸ ਵਾਰਦਾਤ ਵਿਚ ਸੱਤ ਜਣੇ ਮਾਰੇ ਗਏ ਸਨ। ਇਨ੍ਹਾਂ ਸੁਰੱਖਿਆ ਦਸਤਿਆਂ ਉਪਰ ਘਾਤ ਲਗਾ ਕੇ ਹਮਲੇ ਕਰਨ ਦੇ ਕਈ ਮਾਮਲਿਆਂ ਵਿਚ ਵੀ ਹੱਥ ਹੋਣਾ ਮੰਨਿਆ ਹੈ।

ਲੁਧਿਆਣਾ ਜ਼ਿਲੇ ਵਿਚ ਦਹਿਸ਼ਤਗਰਦਾਂ ਨੇ ਦੋਰਾਹਾ ਵਿਖੇ ਇਕ ਪੈਟਰੋਲ ਪੰਪ ਦੇ ਮਾਲਕ ਦਵਿੰਦਰ ਸਿੰਘ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਤੇ ਉਸ ਪਾਸੋਂ 62,000 ਰੁਪਏ ਖੋਹ ਕੇ ਲੈ ਗਏ।

ਕਪੂਰਥਲਾ ਤੇ ਸੰਗਰੂਰ ਜ਼ਿਲਿਆਂ ਵਿਚ ਇਕ ਇਕ ਦਹਿਸ਼ਤਗਰਦ ਫੜਿਆ ਗਿਆ ਹੈ।

ਤਰਨਤਾਰਨ ਪੁਲੀਸ ਨੇ ਸਾਬਕਾ ਐਮ. ਐਲ. ਏ. ਸਰਦੂਲ ਸਿੰਘ ਦੀ ਹੱਤਿਆ ਸਬੰਧੀ ਦਲਬੀਰ ਸਿੰਘ, ਮੁਖਤਿਆਰ ਸਿੰਘ, ਪ੍ਰਤਾਪ ਸਿੰਘ ਅਤੇ ਦਰਸ਼ਨ ਸਿੰਘ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਪਾਸੋਂ ਏ.ਕੇ.-47 ਤੇ ਕੁਝ ਰੌਂਦ ਬਰਾਮਦ ਹੋਏ ਹਨ।

ਲੈਕਚਰਾਰ ਨੂੰ ਕੁੱਟਣ ਵਿਰੁਧ ਰੋਸ ਹੜਤਾਲ

ਬਠਿੰਡਾ, 30 ਜਨਵਰੀ (ਪ. ਟ. ਬ.) – ਸਥਾਨਕ ਡੀ. ਏ. ਵੀ. ਕਾਲਜ ਦੇ ਅਧਿਆਪਕਾਂ ਅਤੇ ਦੂਸਰੇ ਸਟਾਫ ਨੇ ਇਕ ਪ੍ਰੀਖਿਆਰਥੀ ਦੁਆਰਾ ਲੈਕਚਰਾਰ ਸੰਜੀਵ ਕੁਮਾਰ ਨੂੰ ਕੁੱਟਣ ਵਿਰੁਧ ਰੋਸ ਪ੍ਰਗਟ ਕਰਨ ਲਈ ਹੜਤਾਲ ਕੀਤੀ।

ਸ੍ਰੀ ਸੰਜੀਵ ਕੁਮਾਰ ਪੰਜਾਬੀ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚ ਨਿਗਰਾਨ ਸਨ।

ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ

(ਸਫਾ 1 ਕਾਲਮ 4 ਦੀ ਬਾਕੀ)

ਸ਼ਹੀਦਾਂ ਦੀ ਯਾਦ ਵਿਚ ਦੋ ਮਿੰਟ ਦਾ ਮੋਨ ਧਾਰਨ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪੁਲੀਸ ਗਾਰਦ ਨੇ ਹਥਿਆਰ ਪੁੱਠੇ ਕਰ ਕੇ ਸਲਾਮੀ ਦਿੱਤੀ। ਇਸ ਮੌਕੇ ਹੋਏ ਇਕੱਠ ਨੂੰ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ ਨੇ ਸੰਬੋਧਨ ਕੀਤਾ।

ਰੋਪੜ, (ਨਿਜੀ ਪੱਤਰ ਪ੍ਰੇਰਕ): ਸ਼ਹੀਦੀ ਦਿਵਸ ਦੇ ਸਬੰਧ ਵਿਚ ਅੱਜ ਮਿੰਨੀ ਸਕੱਤਰੇਤ ਅੱਗੇ ਸਮਾਗਮ ਹੋਇਆ। ਪੁਲੀਸ ਦੀ ਟੁਕੜੀ ਨੇ ਹਥਿਆਰ ਪੁੱਠੇ ਕਰ ਕੇ ਅਤੇ ਇਕੱਠ ਨੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਅਰਪਨ ਕੀਤੀ।

ਸ਼ਿਮਲਾ, (ਵਿਸ਼ੇਸ਼ ਪ੍ਰਤੀਨਿਧ): ਰਾਸ਼ਟਰ ਪਿਤਾ ਅਤੇ ਦੂਸਰੇ ਸ਼ਹੀਦਾਂ ਨੂੰ ਰਿਜ ਵਿਖੇ ਮਹਾਤਮਾ ਗਾਂਧੀ ਦੇ ਬੁੱਤ ਉਤੇ ਹੋਏ ਸਮਾਗਮ ਵਿਚ ਯਾਦ ਕੀਤਾ ਗਿਆ। ਮੁੱਖ ਮੰਤਰੀ ਵੀਰਭੱਦਰ ਸਿੰਘ ਅਤੇ ਦੂਸਰੇ ਮੰਤਰੀਆਂ ਨੇ ਬੁੱਤ ਨੂੰ ਹਾਰ ਪਹਿਨਾ ਕੇ ਸ਼ਰਧਾਂਜਲੀ ਭੇਟ ਕੀਤੀ।

ਇਸ ਤੋਂ ਇਲਾਵਾ ਸਮਾਣਾ, ਗੁੜਗਾਉਂ, ਰੋਹਤਕ ਅਤੇ ਹੋਰ ਥਾਵਾਂ ਉਤੇ ਵੀ ਸ਼ਹੀਦੀ ਦਿਵਸ ਮਣਾਉਣ ਦੇ ਸਮਾਚਾਰ ਹਨ।

ਜੰਗਲਾਤ ਮੁਲਾਜ਼ਮਾਂ ਦਾ ਧਰਨਾ ਅੱਜ

ਚੰਡੀਗੜ੍ਹ, 30 ਜਨਵਰੀ (ਸਟਾਫ ਰਿਪੋਰਟਰ) – ਉਤਰੀ ਜ਼ੋਨ ਜੰਗਲਾਤ ਕਰਮਚਾਰੀ ਫੈਡਰੇਸ਼ਨ ਦੇ ਸੱਦੇ ਉਤੇ ਕੱਲ੍ਹ ਨੂੰ ਪੰਜਾਬ, ਹਰਿਆਣਾ ਅਤੇ ਯੂ. ਟੀ. ਚੰਡੀਗੜ੍ਹ ਦੇ ਜੰਗਲਾਤ ਕਰਮਚਾਰੀ ਇਥੇ ਆਪਣੀਆਂ ਮੰਗਾਂ ਦੀ ਹਮਾਇਤ ਵਿਚ ਧਰਨਾ ਦੇ ਰਹੇ ਹਨ।

ਜੰਗਲਾਤ ਕਰਮਚਾਰੀ ਤਨਖਾਹ ਦਰਾਂ ਵਿਚ ਤਰੁਟੀਆਂ ਦੂਰ ਕਰਨ, ਸੇਵਾ ਹਾਲਤਾਂ ਵਿਚ ਸੁਧਾਰ ਕਰਨ ਅਤੇ ਕਈ ਹੋਰ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ।

ਉਦਘਾਟਨ

ਲੁਧਿਆਣਾ, 30 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਡਿਪਟੀ ਕਮਿਸ਼ਨਰ ਐਸ. ਐਸ. ਬਰਾੜ ਨੇ ਅੱਜ ਇਥੇ ਸੰਸਾਰ ਕੋੜ੍ਹ ਦਿਵਸ ਮਨਾਉਣ ਮੌਕੇ ਸਥਾਨਕ ਕੁਸ਼ਟ ਆਸ਼ਰਮ ਵਿਚ ਕੋੜ੍ਹੀਆਂ ਲਈ ਅੱਠ ਕਮਰਿਆਂ ਦੇ ਨਵੇਂ ਉਸਰੇ ਬਲਾਕ ਦਾ ਉਦਘਾਟਨ ਕੀਤਾ। ਇਸ ਉਤੇ 3 ਲੱਖ ਰੁਪਏ ਖਰਚ ਆਏ ਹਨ। ਇਸ ਸਮੇਂ ਉਨ੍ਹਾਂ ਲੋਕਾਂ ਨੂੰ ਕੋੜ੍ਹੀਆਂ ਦੇ ਮੁੜ ਵਸੇਬੇ ਵਿਚ ਮਦਦ ਕਰਨ ਦੀ ਅਪੀਲ ਕੀਤੀ।

ਰੋਸ ਹੜਤਾਲ

ਲੁਧਿਆਣਾ, 30 ਜਨਵਰੀ (ਵਿਸ਼ੇਸ਼ ਪ੍ਰਤੀਨਿਧ) – ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀਬਾੜੀ ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਨੇ ਅੱਜ ਰੋਸ ਹੜਤਾਲ ਕੀਤੀ। ਉਹ ਮੰਗ ਕਰ ਰਹੇ ਸਨ ਕਿ ਅਰਜਨ ਸਿੰਘ ਕਮੇਟੀ ਦੀ ਰਿਪੋਰਟ ਅਨੁਸਾਰ ਪੰਜਾਬ ਅੰਦਰ ਖੇਤੀਬਾੜੀ ਇੰਜੀਨੀਅਰਿੰਗ ਵਾਸਤੇ ਵੱਖਰੇ ਡਾਇਰੈਕਟੋਰੇਟ ਦੀ ਸਥਾਪਨਾ ਕੀਤੀ ਜਾਵੇ।

ਵਿਦਿਆਰਥੀਆਂ ਨੇ ਉਪ ਕੁਲਪਤੀ ਦੇ ਦਫਤਰ ਸਾਹਮਣੇ ਧਰਨਾ ਮਾਰਿਆ ਅਤੇ ਰੈਲੀ ਕੀਤੀ।

ਵਿਦਿਆਰਥੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਕਤ ਰਿਪੋਰਟ ਉਤੇ ਛੇਤੀ ਅਮਲ ਨਾ ਕੀਤਾ ਗਿਆ ਤਾਂ ਘੋਲ ਤੇਜ਼ ਕੀਤਾ ਜਾਵੇਗਾ।

ਰੋਪੜ ਵਿਚ ਬੀਤੇ ਦਿਨੀਂ ਬਾਸਕਟਬਾਲ ਦੇ ਇੰਟਰ ਜ਼ੋਨ ਟੂਰਨਾਮੈਂਟ ਵਿਚ ਜੇਤੂ ਟੀਮ ਕੈਪਟਨ ਓਮ ਪ੍ਰਕਾਸ਼ ਦੀ ਅਗਵਾਈ ਵਿਚ

ਦਰਸ਼ਕ ਉਡੀਕਦੇ ਰਹੇ ਪਰ ਫਿੱਡੂ ਠੱਲ੍ਹਿਆ ਨਾ ਗਿਆ

ਦਿਲਬਾਗ ਸੋਹੀ

ਬਨੂੜ, 30 ਜਨਵਰੀ: ਬਨੂੜ ਵਿਖੇ ਐਸ.ਐਫ.ਆਈ. ਦੇ ਵਾਲੰਟੀਅਰ ਮੁਖਤਿਆਰ ਅਹਿਮਦ ਦੀ ਯਾਦ ਵਿਚ 24, 25 ਅਤੇ 26 ਜਨਵਰੀ ਦੇ ਦਿਨੀਂ ਕਰਵਾਇਆ ਜਾਣ ਵਾਲਾ ਮੁਖਤਿਆਰ ਮੈਮੋਰੀਅਲ ਯਾਦਗਾਰੀ ਟੂਰਨਾਮੈਂਟ ਇਲਾਕੇ ਦੀ ਐਸ.ਐਫ.ਆਈ. ਯੂਨਿਟ ਅਤੇ ਪਿੰਡ ਦੀ ਨੌਜਵਾਨ ਸਭਾ ਦੇ ਉਤਸ਼ਾਹ ਸਦਕਾ ਸਮੇਂ ਦੇ ਗੁਜ਼ਰਨ ਨਾਲ ਪੁਆਧ ਇਲਾਕੇ ਦਾ ਬਹੁਤ ਅਹਿਮ ਮੇਲਾ ਬਣਦਾ ਜਾ ਰਿਹਾ ਹੈ।

ਪ੍ਰਬੰਧਕਾਂ ਵਲੋਂ ਮੇਲੇ ਨੂੰ ਵਧੇਰੇ ਆਕਰਸ਼ਕ ਬਣਾਉਣ ਲਈ ਇਸ ਵਾਰ ਜਿਥੇ ਟੂਰਨਾਮੈਂਟ ਦੇ ਪਹਿਲੇ ਦਿਨ ਭੰਗੜੇ ਦੀਆਂ ਉਘੀਆਂ ਟੀਮਾਂ ਬੁਲਾਈਆਂ ਹੋਈਆਂ ਸਨ, ਉਥੇ ਨਾਲ ਹੀ ਅੰਤਮ ਦਿਨ ਕਬੱਡੀ ਦੇ ਪ੍ਰਦਰਸ਼ਨ ਮੈਚ ਲਈ ਵੀ ਵਿਸ਼ੇਸ਼ ਤੌਰ ਉਤੇ ਭੱਜ-ਦੌੜ ਕਰ ਕੇ ਪੰਜਾਬ ਭਰ ਵਿਚ ਚੋਟੀ ਦੇ ਕਬੱਡੀ ਖਿਡਾਰੀਆਂ ਨਾਲ ਸੰਪਰਕ ਕੀਤਾ ਹੋਇਆ ਸੀ ਅਤੇ ਉਨ੍ਹਾਂ ਦੀ ਇਹ ਕੋਸ਼ਿਸ਼ ਰਹੀ ਵੀ ਬਹੁਤ ਕਾਮਯਾਬ ਜਦੋਂ ਜਲੰਧਰ ਵਲੋਂ ਬਲਵਿੰਦਰ ਫਿੱਡੂ ਵਰਗੇ 'ਰੁਸਤਮ ਖਿਡਾਰੀ' ਨੇ ਤੇ ਪਟਿਆਲਾ ਵਲੋਂ ਬਲਕਾਰ ਸਿੰਘ ਨੇ ਅਜਿਹੀ ਦਰਸ਼ਨੀ ਸ਼ਕਤੀ ਦਾ ਮੁਜ਼ਾਹਰਾ ਕੀਤਾ ਕਿ ਦਰਸ਼ਕ ਧੰਨ ਧੰਨ ਕਰ ਉਠੇ।

ਪੰਜਾਬ ਪੁਲੀਸ ਜਲੰਧਰ ਅਤੇ ਡੀਜ਼ਲ ਕੰਪੋਨੈਂਟਸ ਪਟਿਆਲਾ ਦੀਆਂ ਟੀਮਾਂ ਵਿਚਾਲੇ ਹੋਏ ਇਸ ਜ਼ਬਰਦਸਤ ਭੇੜ ਦੌਰਾਨ ਸਭ ਕਬੱਡੀ ਪ੍ਰੇਮੀਆਂ ਦੀਆਂ ਨਿਗਾਹਾਂ ਬਲਵਿੰਦਰ ਫਿੱਡੂ 'ਤੇ ਟਿਕੀਆਂ ਹੋਈਆਂ ਸਨ ਅਤੇ ਹਰ ਕੋਈ ਕਹਿ ਰਿਹਾ ਸੀ, ''ਭਲਾ ਵੇਖੀਏ ਐਤਕੀਂ ਕੋਈ ਮਾਂ ਦਾ ਲਾਲ ਰੁਸਤਮ ਫਿੱਡੂ ਨੂੰ ਠੱਲ੍ਹਣ ਵਿਚ ਸਫਲ ਹੁੰਦਾ ਹੈ ਜਾਂ ਨਹੀਂ।''

ਪਟਿਆਲਾ ਵਾਲਿਆਂ ਦੇ ਸ਼ਕਤੀਸ਼ਾਲੀ ਜਾਫੀ ਸਰੂਪ ਸਿੰਘ ਨੂੰ, ਲਗਦਾ ਸੀ ਕਿ ਦਰਸ਼ਕਾਂ ਦੀ ਇਸ 'ਉਮੰਗ' ਦਾ ਭਲੀ-ਭਾਂਤ ਗਿਆਨ ਸੀ ਅਤੇ ਉਸ ਨੇ ਮੁਕਾਬਲੇ ਦੇ ਅੰਤ ਤਕ ਖੇਡ ਪ੍ਰੇਮੀਆਂ ਦੀ ਇਸ ਉਮੰਗ ਨੂੰ ਪੂਰੀ ਕਰਨ ਲਈ ਤਾਣ ਵੀ ਸਾਰਾ ਹੀ ਲਗਾ ਦਿੱਤਾ। ਉਹ ਹਰ ਵਾਰੀ ਬਲਵਿੰਦਰ ਫਿੱਡੂ ਨੂੰ ਝਈਆਂ ਲੈ ਲੈ ਕੇ ਫੜਨ ਦੀ ਕੋਸ਼ਿਸ਼ ਕਰਦਾ ਰਿਹਾ ਅਤੇ ਉਸ ਨੇ ਫਿੱਡੂ ਬਾਬੇ ਦੀ ਬੱਸ ਵੀ ਕਰਾ ਦਿੱਤੀ ਪ੍ਰੰਤੂ ਉਹ ਕਬੱਡੀ ਦੇ ਇਸ ਰੁਸਤਮ ਨੂੰ ਰੋਕਣ ਵਿਚ ਸਫਲ ਨਾ ਹੋ ਸਕਿਆ। ਫਿਰ ਵੀ ਦਰਸ਼ਕਾਂ ਨੇ ਉਸ ਦੇ ਸੰਘਰਸ਼ ਨੂੰ ਸਲਾਹਿਆ ਅਤੇ ਲਗਾਤਾਰ ਉਸ ਨੂੰ ਫਿੱਡੂ ਨਾਲ ਦਸਤਪੰਜਾ ਲੈਂਦਿਆਂ ਉਤਸ਼ਾਹਤ ਕਰਦੇ ਰਹੇ।

ਪਟਿਆਲਾ ਡੀਜ਼ਲ ਕੰਪੋਨੈਂਟਸ ਵਲੋਂ ਉਨ੍ਹਾਂ ਦਾ ਰੇਡਰ ਬਲਕਾਰ ਵੀ ਆਫਤ ਸਮਾਨ ਹੀ ਸੀ ਅਤੇ ਖੇਡ ਮੇਲੇ ਦੇ ਸ਼ਾਨਦਾਰ ਕਬੱਡੀ ਖਿਡਾਰੀ ਦਾ ਇਨਾਮ ਵੀ ਉਸੇ ਨੇ ਜਿੱਤਿਆ। ਉਹ ਵੀ ਹਰ ਵਾਰ ਹੀ ਜਲੰਧਰ ਪੁਲੀਸ ਦੇ ਸਟਾਪਰਾਂ ਦੇ ਉਪਰੋਂ ਹੋ ਕੇ ਆਉਂਦਾ ਰਿਹਾ।

ਬਨੂੜ ਵਿਖੇ ਹੋਏ ਮੁਖਤਿਆਰ ਮੈਮੋਰੀਅਲ ਖੇਡ ਮੇਲੇ ਵਿਚ (ਉਪਰ) ਇਕ ਬਜ਼ੁਰਗ ਮੁੰਗਲੀਆਂ ਫੇਰਦਾ ਹੋਇਆ, (ਸੱਜੇ ਪਾਸੇ) ਛਾਤੀ ਉਤੇ ਰਖਾ ਕੇ ਪੱਥਰ ਭੰਨਾਉਂਦਾ ਹੋਇਆ ਇਕ ਖਿਡਾਰੀ ਤੇ (ਹੇਠਾਂ) ਪੰਜਾਬ ਪੁਲੀਸ ਜਲੰਧਰ ਅਤੇ ਕਪੂਰਥਲਾ ਪੁਲੀਸ ਵਿਚਾਲੇ ਚਲ ਰਿਹਾ ਇਕ ਕਬੱਡੀ ਮੈਚ। (ਫੋਟੋ: ਬੇਦੀ ਫੋਟੋ ਸਟੂਡੀਓ)

ਪ੍ਰਦਰਸ਼ਨ ਮੁਕਾਬਲੇ ਵਿਚ ਫਿੱਡੂ ਅਤੇ ਬਲਕਾਰੀ ਤੋਂ ਬਿਨਾਂ ਜਲੰਧਰ ਵਲੋਂ ਅਮਰਜੀਤ ਸਿੰਘ ਅਤੇ ਅਵਤਾਰ ਸਿੰਘ ਅਤੇ ਡੀਜ਼ਲ ਕੰਪੋਨੈਂਟਸ ਵਾਲਿਆਂ ਵਲੋਂ ਅਜੀਤਪਾਲ ਸਿੰਘ ਅਤੇ ਦਿਲਬਾਗ ਸਿੰਘ ਬਾਘੇ ਦੀ ਖੇਡ ਵੀ ਕਾਫੀ ਵਧੀਆ ਰਹੀ।

ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸਾਧੂ ਸਿੰਘ ਅਤੇ ਇਕ ਹੋਰ ਮੈਂਬਰ ਮਹਿੰਦਰ ਸਿੰਘ ਦੇ ਦੱਸਣ ਅਨੁਸਾਰ ਕਬੱਡੀ ਦੇ ਅਜਿਹੇ ਪ੍ਰਦਰਸ਼ਨ ਮੈਚ ਹੁਣ ਅਗਲੇ ਸਾਲਾਂ ਵਿਚ ਵੀ ਜਾਰੀ ਰੱਖੇ ਜਾਣਗੇ ਅਤੇ ਇਸ ਨੂੰ ਮੁਖਤਿਆਰ ਮੈਮੋਰੀਅਲ ਖੇਡ ਮੇਲੇ ਦਾ ਪੱਕਾ ਫੀਚਰ ਹੀ ਬਣਾ ਲਿਆ ਜਾਵੇਗਾ।

ਇਸ ਖੇਡ ਮੇਲੇ ਵਿਚ ਰਾਏਪੁਰ ਕਲਾਂ ਤੋਂ ਆਇਆ ਇਕ 75 ਸਾਲਾ ਬਾਬਾ ਜੋਗਿੰਦਰ ਸਿੰਘ ਵੀ ਖਿੱਚ ਦਾ ਕੇਂਦਰ ਬਣਿਆ ਰਿਹਾ। ਉਸ ਨੇ 50 ਕਿਲੋ ਦੀਆਂ ਮੁੰਗਲੀਆਂ ਦਾ ਜੋੜਾ ਘੁਮਾ ਕੇ ਖੇਡ ਪ੍ਰੇਮੀਆਂ ਦਾ ਖੂਬ ਮਨੋਰੰਜਨ ਕੀਤਾ। ਇਸੇ ਤਰ੍ਹਾਂ ਬਸੀ ਪਠਾਣਾ ਤੋਂ ਆਏ ਗੁਰਮੀਤ ਸਿੰਘ ਨੇ ਦੰਦਾਂ ਨਾਲ ਹਲ ਚੁੱਕ ਕੇ ਮੈਦਾਨ ਦਾ ਚੱਕਰ ਲਾ ਕੇ ਅਤੇ ਲਗਪਗ ਦੋ ਕੁਇੰਟਲ ਦਾ ਪੱਥਰ ਆਪਣੀ ਛਾਤੀ ਉਤੇ ਰੱਖ ਕੇ ਜਦੋਂ ਹਥੌੜੇ ਨਾਲ ਤੁੜਵਾਇਆ ਤਾਂ ਦਰਸ਼ਕਾਂ ਦੇ ਸਾਹ ਜਿਵੇਂ ਰੁਕ ਹੀ ਗਏ ਹੋਣ।

ਐਸ.ਐਫ.ਆਈ. ਅਤੇ ਜਨਵਾਦੀ ਨੌਜਵਾਨ ਸਭਾ ਦੀਆਂ ਤਹਿਸੀਲ ਰਾਜਪੁਰਾ ਇਕਾਈਆਂ ਵਲੋਂ ਆਪਣੇ ਵਿਛੜੇ ਸਾਥੀ ਮੁਖਤਿਆਰ ਅਹਿਮਦ ਦੀ ਯਾਦ ਵਿਚ ਪਿਛਲੇ 7 ਸਾਲ ਤੋਂ ਕਰਵਾਏ ਜਾ ਰਹੇ ਇਸ ਖੇਡ ਮੇਲੇ ਨੇ ਇਲਾਕੇ ਵਿਚ ਖੇਡਾਂ ਪ੍ਰਤੀ ਲੋਕਾਂ ਵਿਚ ਬਹੁਤ ਉਤਸ਼ਾਹ ਪੈਦਾ ਕੀਤਾ ਹੈ।

ਇਸੇ ਉਤਸ਼ਾਹ ਕਾਰਨ ਇਹ ਖੇਡ ਮੇਲਾ ਪਿਛਲੇ 7 ਸਾਲ ਤੋਂ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਬੜੇ ਹੀ ਸੁਚਾਰੂ ਢੰਗ ਨਾਲ ਚਲ ਰਿਹਾ ਹੈ ਅਤੇ ਲਗਪਗ 20 ਹਜ਼ਾਰ ਦਰਸ਼ਕ ਐਤਕੀਂ ਇਸ ਟੂਰਨਾਮੈਂਟ ਨੂੰ ਵੇਖਣ ਆਏ ਜੋ ਕਿ ਇਕ ਰਿਕਾਰਡ ਹੈ। ਇਸ ਖੇਡ ਮੇਲੇ ਵਿਚ ਹੋਈਆਂ ਵੱਖ ਵੱਖ ਖੇਡਾਂ ਦੇ ਨਤੀਜੇ ਇਸ ਪ੍ਰਕਾਰ ਰਹੇ।

ਕਬੱਡੀ (ਪੰਜਾਬ ਸਟਾਈਲ) 45 ਕਿਲੋਗ੍ਰਾਮ ਜੇਤੂ ਪਿੰਡ ਕੋਲੋਂ, ਉਪ ਜੇਤੂ – ਬੜਾ ਗਾਓਂ, ਕਬੱਡੀ (ਨੈਸ਼ਨਲ ਸਟਾਈਲ) 45 ਕਿਲੋਗ੍ਰਾਮ ਜੇਤੂ – ਨਡਿਆਲੀ, ਉਪ ਜੇਤੂ – ਦੱਪਰ, 50 ਕਿਲੋਗ੍ਰਾਮ (ਨੈਸ਼ਨਲ ਸਟਾਈਲ) ਜੇਤੂ – ਰਾਮਪੁਰ ਸੈਣੀਆਂ, ਉਪ ਜੇਤੂ – ਫਤਹਿਗੜ੍ਹ ਸਾਹਿਬ, 52 ਕਿਲੋਗ੍ਰਾਮ (ਪੰਜਾਬ ਸਟਾਈਲ) ਜੇਤੂ – ਫਤਹਿਗੜ੍ਹ ਸਾਹਿਬ, ਉਪ ਜੇਤੂ – ਬਸੀ ਪਠਾਣਾ।

57 ਕਿਲੋਗ੍ਰਾਮ (ਪੰਜਾਬ ਸਟਾਈਲ) ਜੇਤੂ – ਕੁੰਭੜਾ, ਉਪ ਜੇਤੂ – ਫਤਹਿਗੜ੍ਹ ਸਾਹਿਬ, 55 ਕਿਲੋਗ੍ਰਾਮ (ਨੈਸ਼ਨਲ ਸਟਾਈਲ) ਜੇਤੂ – ਲੋਹਗੜ੍ਹ, ਉਪ ਜੇਤੂ – ਬਨੂੜ, 60 ਕਿਲੋਗ੍ਰਾਮ (ਨੈਸ਼ਨਲ ਸਟਾਈਲ) ਜੇਤੂ – ਬਨੂੜ, ਉਪ ਜੇਤੂ – ਕੁਰਾਲਾ, 62 ਕਿਲੋਗ੍ਰਾਮ (ਪੰਜਾਬ ਸਟਾਈਲ) ਜੇਤੂ – ਘੜੂੰਆਂ, ਉਪ ਜੇਤੂ – ਫਤਹਿਗੜ੍ਹ ਸਾਹਿਬ।

ਵਾਲੀਬਾਲ ਜੇਤੂ – ਡੇਰਾ ਬਸੀ, ਉਪ ਜੇਤੂ – ਜੜੌਤ। ਘੁੜਦੌੜ ਵਿਚ ਕੁਰੜੀ ਦਾ ਜਰਨੈਲ ਸਿੰਘ ਅੱਵਲ ਰਿਹਾ ਜਦ ਕਿ ਗੁਰਨਾਮ ਸਿੰਘ ਬਨੂੜ ਦੋਇਮ ਰਿਹਾ। ਬੈਲਗੱਡੀਆਂ ਦੀ ਦੌੜ ਵਿਚ ਗੁਰਮੀਤ ਨਗਾਵਾਂ ਪ੍ਰਥਮ ਅਤੇ ਹਜ਼ੂਰਾ ਸਿੰਘ ਸੈਕਿੰਡ ਰਿਹਾ। ਰੱਸਾਕਸ਼ੀ ਜੇਤੂ – ਪਿੰਡ ਰਜਿੰਦਰਗੜ੍ਹ, ਉਪ ਜੇਤੂ – ਬੀਪੁਰ। ਟਰਾਲੀ ਬੈਕ ਦੇ ਮੁਕਾਬਲੇ ਵਿਚ ਗੁਰਚਰਨ ਸਿੰਘ ਪ੍ਰਥਮ ਅਤੇ ਪਾਲ ਸਿੰਘ ਨਾਭਾ ਦੋਇਮ ਰਿਹਾ।

ਕਬੱਡੀ ਓਪਨ (ਨੈਸ਼ਨਲ ਸਟਾਈਲ) ਜੇਤੂ – ਪੰਜਾਬ ਪੁਲੀਸ ਜਲੰਧਰ, ਉਪ ਜੇਤੂ – ਕਪੂਰਥਲਾ ਪੁਲੀਸ। ਓਪਨ (ਪੰਜਾਬ ਸਟਾਈਲ) ਜੇਤੂ – ਡੀਜ਼ਲ ਕੰਪੋਨੈਂਟਸ ਵਰਕਸ, ਪਟਿਆਲਾ, ਉਪ ਜੇਤੂ – ਪਿੰਡ ਡਡਹੇੜੀ। ਸ਼ੋਅ ਮੈਚ ਕਬੱਡੀ (ਲੜਕੀਆਂ) ਜੇਤੂ – ਅੰਮ੍ਰਿਤਸਰ, ਉਪ ਜੇਤੂ – ਘੜਾਮ। ਸ਼ੋਅ ਮੈਚ ਕਬੱਡੀ (ਪੰਜਾਬ ਸਟਾਈਲ) ਜੇਤੂ – ਪੰਜਾਬ ਪੁਲੀਸ ਜਲੰਧਰ, ਉਪ ਜੇਤੂ – ਡੀਜ਼ਲ ਵਰਕਸ ਪਟਿਆਲਾ।

ਜੇਤੂ ਖਿਡਾਰੀਆਂ ਅਤੇ ਟੀਮਾਂ ਨੂੰ ਇਨਾਮ ਪੰਜਾਬ ਸੀਟੂ ਦੇ ਪ੍ਰਧਾਨ ਪ੍ਰੋ. ਬਲਵੰਤ ਸਿੰਘ ਨੇ ਵੰਡੇ। ਉਨ੍ਹਾਂ ਨੇ ਨੌਜਵਾਨਾਂ ਨੂੰ ਬੜੇ ਹੀ ਸੁਚਾਰੂ ਅਤੇ ਠੀਕ ਢੰਗ ਨਾਲ ਟੂਰਨਾਮੈਂਟ ਆਯੋਜਿਤ ਕਰਨ ਦੀ ਵਧਾਈ ਦਿੱਤੀ।

ਵੈਂਗਸਾਰਕਰ ਕਪਤਾਨ ਨਾਮਜ਼ਦ

ਬੰਬਈ, 30 ਜਨਵਰੀ (ਪੀ. ਟੀ. ਆਈ.) – ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਕੌਮੀ ਚੋਣਕਾਰਾਂ ਨੇ ਬੰਬਈ ਦੇ ਦਿਲੀਪ ਬਲਵੰਤ ਵੈਂਗਸਾਰਕਰ ਨੂੰ ਵੈਸਟ ਇੰਡੀਜ਼ ਦੇ ਦੌਰੇ 'ਤੇ ਜਾਣ ਵਾਲੀ ਭਾਰਤੀ ਟੀਮ ਦਾ ਕਪਤਾਨ ਚੁਣਿਆ ਹੈ। ਉਸ ਦੀ ਚੋਣ ਸਰਬਸੰਮਤੀ ਨਾਲ ਹੋਈ।

ਵੈਂਗਸਾਰਕਰ ਨੂੰ ਭਾਰਤੀ ਕਪਤਾਨ ਥਾਪਣ ਸਬੰਧੀ ਫੈਸਲਾ ਲੈਣ ਲਈ ਕੌਮੀ ਚੋਣਕਾਰਾਂ ਨੇ ਸਿਰਫ ਪੰਜ ਮਿੰਟ ਲਏ।

ਕ੍ਰਿਕਟ ਕੰਟਰੋਲ ਬੋਰਡ ਦੇ ਸਕੱਤਰ ਸ੍ਰੀ ਰਣਬੀਰ ਸਿੰਘ ਮਹਿੰਦਰਾ ਨੇ ਉਪਰੋਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਟੀਮ ਦੇ ਢਾਈ ਮਹੀਨੇ ਦੇ ਵੈਸਟ ਇੰਡੀਜ਼ ਦੌਰੇ ਲਈ 21 ਸੰਭਾਵੀ ਖਿਡਾਰੀਆਂ ਦੀ ਚੋਣ ਭਲਕੇ ਕੀਤੀ ਜਾਵੇਗੀ। ਇਨ੍ਹਾਂ ਵਿਚੋਂ 17 ਅੰਤਮ ਖਿਡਾਰੀ 14 ਫਰਵਰੀ ਨੂੰ ਮਦਰਾਸ ਵਿਖੇ ਚੁਣੇ ਜਾਣਗੇ। ਬਾਕੀ ਬਚਦੇ ਖਿਡਾਰੀ ਰਿਜ਼ਰਵ ਹੋਣਗੇ।

ਭਾਰਤੀ ਟੀਮ ਵੈਸਟ ਇੰਡੀਜ਼ ਵਿਚ ਪੰਜ ਟੈਸਟ ਮੈਚ ਤੇ ਪੰਜ ਇਕ-ਰੋਜ਼ਾ ਮੈਚ ਖੇਡੇਗੀ।

ਸ੍ਰੀ ਰਣਬੀਰ ਸਿੰਘ ਨੇ ਦੱਸਿਆ ਕਿ ਚੋਣਕਾਰਾਂ ਨੇ ਕਪਤਾਨ ਦੀ ਚੋਣ ਕਰਨ ਲੱਗਿਆਂ ਵੈਂਗਸਾਰਕਰ ਤੋਂ ਇਲਾਵਾ ਕਿਸੇ ਹੋਰ ਦੇ ਨਾਂ 'ਤੇ ਵਿਚਾਰ ਨਹੀਂ ਕੀਤਾ।

ਅੱਜ ਦੀ ਮੀਟਿੰਗ ਵਿਚ ਸ੍ਰੀ ਰਾਜ ਸਿੰਘ ਡੂੰਗਰਪੁਰ ਦੀ ਅਗਵਾਈ ਹੇਠ ਸਾਰੇ ਪੰਜ ਚੋਣਕਾਰਾਂ ਨੇ ਹਿੱਸਾ ਲਿਆ।

ਵੈਂਗਸਾਰਕਰ 100 ਤੋਂ ਵੱਧ ਟੈਸਟ ਮੈਚਾਂ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਹੈ। ਉਹ ਦੁਨੀਆਂ ਦੇ ਬਿਹਤਰੀਨ ਬੱਲੇਬਾਜ਼ਾਂ ਦੀ ਕਤਾਰ ਵਿਚ ਸ਼ਾਮਲ ਹੈ।

ਫਰੀਦਕੋਟ 'ਚ ਖੇਡ ਮੁਕਾਬਲੇ ਅੱਜ ਤੋਂ

ਫਰੀਦਕੋਟ, 30 ਜਨਵਰੀ (ਨਿਜੀ ਪੱਤਰ ਪ੍ਰੇਰਕ) – 16ਵੇਂ ਜ਼ਿਲਾ ਫਰੀਦਕੋਟ ਪੱਧਰ ਦੇ ਅਥਲੈਟਿਕ ਆਦਿ ਖੇਡਾਂ ਦੇ ਮੁਕਾਬਲੇ ਕੱਲ੍ਹ 31 ਜਨਵਰੀ ਤੋਂ 1 ਫਰਵਰੀ ਤਕ ਸਥਾਨਕ ਨਹਿਰੂ ਸਟੇਡੀਅਮ ਵਿਖੇ ਆਯੋਜਿਤ ਕੀਤੇ ਜਾਣਗੇ। ਇਹ ਜਾਣਕਾਰੀ ਜ਼ਿਲਾ ਅਥਲੈਟਿਕ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਬਲਵੰਤ ਸਿੰਘ ਨੇ ਦਿੱਤੀ।

ਨਵਜੋਤ ਸਿੰਘ ਸਿੱਧੂ ਭਾਰਤੀ ਟੀਮ ਲਈ ਚੁਣੇ ਜਾਣ ਦੇ ਯੋਗ

ਬੰਬਈ, 30 ਜਨਵਰੀ (ਯੂ. ਐਨ. ਆਈ.) – ਪੰਜਾਬ ਨਾਲ ਸਬੰਧਤ ਬੱਲੇਬਾਜ਼ ਨਵਜੋਤ ਸਿੰਘ ਸਿੱਧੂ ਵੈਸਟ ਇੰਡੀਜ਼ ਦੇ ਦੌਰੇ 'ਤੇ ਜਾਣ ਵਾਲੀ ਭਾਰਤੀ ਕ੍ਰਿਕਟ ਟੀਮ ਲਈ ਚੁਣੇ ਜਾਣ ਦੇ ਯੋਗ ਹੈ।

ਇਹ ਇੰਕਸ਼ਾਫ ਅੱਜ ਇਥੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਸਕੱਤਰ ਸ੍ਰੀ ਰਣਬੀਰ ਸਿੰਘ ਮਹਿੰਦਰਾ ਨੇ ਕੀਤਾ।

ਸ੍ਰੀ ਮਹਿੰਦਰਾ ਨੇ ਦੱਸਿਆ ਕਿ ਫੌਜਦਾਰੀ ਦੰਡ ਵਿਧਾਨ ਦੇ ਤਹਿਤ ਜ਼ਮਾਨਤ 'ਤੇ ਰਿਹਾਅ ਕੋਈ ਵੀ ਵਿਅਕਤੀ ਅਦਾਲਤ ਦੀ ਆਗਿਆ ਨਾਲ ਵਿਦੇਸ਼ ਜਾ ਸਕਦਾ ਹੈ। ਇਸ ਲਈ ਸਿੱਧੂ ਭਾਰਤੀ ਟੀਮ ਲਈ ਚੁਣੇ ਜਾਣ ਦੇ ਯੋਗ ਹੈ, ਪਰ ਉਸ ਨੂੰ ਉਪਰੋਕਤ ਚੋਣ ਮਗਰੋਂ ਵੈਸਟ ਇੰਡੀਜ਼ ਜਾਣ ਲਈ ਅਦਾਲਤ ਦੀ ਪ੍ਰਵਾਨਗੀ ਹਾਸਲ ਕਰਨੀ ਪਵੇਗੀ।

ਸ੍ਰੀ ਮਹਿੰਦਰਾ ਨੇ ਇਹ ਵੀ ਦੱਸਿਆ ਕਿ ਮਹਿੰਦਰ ਅਮਰਨਾਥ ਵੀ ਭਾਰਤੀ ਟੀਮ ਲਈ ਚੁਣੇ ਜਾਣ ਦੇ ਯੋਗ ਹੈ ਕਿਉਂਕਿ ਬੋਰਡ ਨੇ ਕੱਲ੍ਹ ਉਸ ਨੂੰ ਸਿਰਫ ਜੁਰਮਾਨਾ ਹੀ ਕੀਤਾ ਅਤੇ ਉਸ 'ਤੇ ਹੋਰ ਕੋਈ ਪਾਬੰਦੀ ਨਹੀਂ ਲਾਈ।

ਭਾਰਤੀ ਟੀਮ ਲਈ ਸੰਭਾਵੀ ਖਿਡਾਰੀਆਂ ਦੀ ਚੋਣ ਭਲਕੇ ਕੀਤੀ ਜਾਵੇਗੀ।

ਫਾਟਕ ਟਪਦੇ ਦੋ ਮਰੇ

ਫਿਲੌਰ, 30 ਜਨਵਰੀ (ਪੱਤਰ ਪ੍ਰੇਰਕ) – ਫਿਲੌਰ ਤੋਂ ਨੂਰਮਹਿਲ ਵਲ ਜਾਣ ਵਾਲੀ ਸੜਕ ਉਪਰ ਰੇਲਵੇ ਫਾਟਕ ਪਾਰ ਕਰਦੇ ਹੋਏ ਦੋ ਵਿਅਕਤੀ ਇਕ ਤੇਜ਼ ਰਫਤਾਰ ਰੇਲ ਗੱਡੀ ਹੇਠ ਆ ਕੇ ਬੁਰੀ ਤਰ੍ਹਾਂ ਕੁਚਲੇ ਗਏ। ਦੋਵੇਂ ਵਿਅਕਤੀ ਮੌਕੇ 'ਤੇ ਹੀ ਦਮ ਤੋੜ ਗਏ ਅਤੇ ਉਨ੍ਹਾਂ ਦੀ ਫੌਰੀ ਤੌਰ 'ਤੇ ਪਛਾਣ ਨਹੀਂ ਹੋ ਸਕੀ।

ਇਕ ਹੋਰ ਆਦਮੀ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਯਾਦ ਰਹੇ ਕਿ ਇਸ ਫਾਟਕ ਨੂੰ ਪਾਰ ਕਰਦੇ ਹੋਏ ਪਹਿਲਾਂ ਵੀ ਕਈ ਆਦਮੀ ਹਲਾਕ ਹੋ ਚੁੱਕੇ ਹਨ।

ਮੁੱਖ ਸੰਪਾਦਕ : ਵੀ.ਐਨ. ਨਰਾਇਣਨ
ਸੰਪਾਦਕ : ਹਰਭਜਨ ਸਿੰਘ ਹਲਵਾਰਵੀ
ਛਾਪਕ ਤੇ ਪ੍ਰਕਾਸ਼ਕ : ਐਮ. ਐਲ. ਭਾਗੜਾ ਨੇ ਟ੍ਰਿਬਿਊਨ ਪ੍ਰੈਸ ਚੰਡੀਗੜ੍ਹ ਤੋਂ ਛਪਵਾ ਕੇ ਟ੍ਰਿਬਿਊਨ ਦੇ ਟਰਸਟੀਆਂ ਲਈ ਪ੍ਰਕਾਸ਼ਤ ਕੀਤਾ।
ਕਾਪੀ ਰਾਈਟ © ਦਿ ਟ੍ਰਿਬਿਊਨ ਟਰਸਟ, 1989